ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 44 | 06 November 2019 to 12 November 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਯੂਬਾ ਸਿਟੀ ਵਿਚ ਗੁਰਤਾਗੱਦੀ ਦਿਵਸ ਮੌਕੇ ਵਿਸ਼ਾਲ ਨਗਰ ਕੀਰਤਨ

## ਇਕ ਲੱਖ ਤੋਂ ਵੱਧ ਸੰਗਤਾਂ ਨੇ ਵੱਖ ਵੱਖ ਧਾਰਮਿਕ ਸਮਾਗਮਾਂ ਵਿਚ ਹਿੱਸਾ ਲਿਆ






**ਯੂਬਾ ਸਿਟੀ/ਹੁਸਨ ਲੜੋਆ ਬੰਗਾ :** ਕੈਲੀਫੋਰਨੀਆ ਦਾ ਛੋਟਾ ਜਿਹਾ ਸ਼ਹਿਰ ਯੂਬਾ ਸਿਟੀ ਜਿਸ ਨੂੰ ਮਿੰਨੀ ਪੰਜਾਬ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ ਚ ਐਤਕਾਂ ਵੀ ਹਰ ਵਰ੍ਹੇ ਦੀ ਤਰ੍ਹਾਂ ਇੱਥੇ ਗੁਰਤਾਗੱਦੀ ਦੇ ਸਬੰਧ ਵਿਚ ਕੱਢੇ ਜਾਂਦੇ ਵਿਸ਼ਾਲ ਨਗਰ ਕੀਰਤਨ ਵਿਚ ਕਰੀਬ ਇਕ ਲੱਖ ਸੰਗਤਾਂ ਨੇ ਵੱਖ ਵੱਖ ਧਾਰਮਿਕ ਸਮਾਮਗਾਂ ਦੌਰਾਨ ਸ਼ਮੂਲੀਅਤ ਕੀਤੀ।

ਕਰੀਬ ਇਕ ਮਹੀਨੇ ਤੋਂ ਗੁਰਦੁਆਰਾ ਸਾਹਿਬ ਸਿੱਖ ਟੈਂਪਲ ਟਾਇਰਾ ਬਿਊਨਾ ਰੋਡ ਤੇ ਧਾਰਮਿਕ ਸਮਾਗਮ ਲੜੀਵਾਰ ਚੱਲੇ ਅਤੇ ਆਖਰ ਨਗਰ ਕੀਰਤਨ ਨਾਲ ਸਮਾਪਤ ਹੋਏ।ਐਤਕਾਂ ਇਹ ਨਗਰ ਕੀਰਤਨ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਵਸ ਨੂੰ ਸਮਰਪਿਤ ਸੀ। ਸ੍ਰੀ ਅਖੰਡ ਪਾਠਾਂ ਦੀ ਲੜੀ 12 ਸਤੰਬਰ ਤੋਂ ਸ਼ੁਰੂ ਹੋਈ, ਵਿਸ਼ੇਸ਼ ਢਾਡੀ ਦਰਬਾਰ 19 ਅਕਤੂਬਰ ਨੂੰ ਕਰਵਾਇਆ ਗਿਆ, ਇਸੇ ਲੜੀ ਵਿਚ ਕੀਰਤਨ ਦਰਬਾਰ 13 ਅਕਤੂਬਰ ਨੂੰ ਕਰਵਾਇਆ ਗਿਆ।ਇਸੇ ਲੜੀ ਵਿਚ ਵਿਸ਼ੇਸ਼ ਕਵੀ ਦਰਬਾਰ 19 ਅਕਤੂਬਰ ਨੂੰ ਕਰਵਾਇਆ ਗਿਆ। ਇਸ ਗੁਰਦੁਆਰਾ ਸਾਹਿਬ ਦਾ 50ਵਾਂ ਸਥਾਪਨਾ ਦਿਵਸ ਵੀ 28 ਅਕਤੂਬਰ ਨੂੰ ਸੁਚੱਜੇ ਢੰਗ ਨਾਲ ਮਨਾਇਆ ਗਿਆ। ਬੰਦੀ ਛੋੜ ਦਿਵਸ ਅਕਤੂਬਰ 27 ਨੂੰ ਮਨਾਇਆ ਗਿਆ ਜਿਸ ਦੌਰਾਨ ਵਿਸ਼ੇਸ਼ ਕੀਰਤਨ ਦਰਬਾਰ ਸਜਾਏ ਗਏ। ਇਸ ਦੌਰਾਨ ਦੀਪਮਾਲਾ ਕੀਤੀ ਗਈ।

ਨਗਰ ਕੀਰਤਨ ਦੀਆਂ ਹੋਰ ਰੰਗਦਾਰ ਤਸਵੀਰਾਂ ਸਫ਼ਾ 4 'ਤੇ ਦੇਖੋ

ਇਨ੍ਹਾਂ ਸਮਾਗਮਾਂ ਦੀ ਖੂਬਸੂਰਤ ਵਿਚ ਉਦੋਂ ਵਾਧਾ ਹੋਇਆ ਜਦੋਂ 1 ਨਵੰਬਰ ਨੂੰ ਵੱਡੀ ਪੱਧਰ 'ਤੇ ਆਤਿਸ਼ਬਾਜੀ ਹੋਈ ਜਿਸ ਦਾ ਸਮੁੱਚੇ ਯੂਬਾ ਸਿਟੀ ਦੇ ਲੋਕਾਂ ਨੇ ਆਨੰਦ ਮਾਣਿਆ।

2 ਨਵੰਬਰ ਨੂੰ ਅੰਮ੍ਰਿਤ ਸੰਚਾਰ ਕਰਵਾਇਆ ਗਿਆ ਤੇ ਇਸੇ ਦਿਨ ਸਵੇਰੇ ਨਿਸ਼ਾਨ ਸਾਹਿਬ ਦੇ ਚੋਲ਼ੇ ਬਦਲੇ ਗਏ। ਇਸੇ ਲੜੀ ਵਿਚ ਗੁਰਦੁਆਰਾ ਸਾਹਿਬ ਦੇ ਦਸਮੇਸ਼ ਹਾਲ ਵਿਚ ਇਕ ਭਰਵਾਂ ਸੈਮੀਨਾਰ ਡਾ. ਜਸਬੀਰ ਸਿੰਘ ਕੰਗ ਦੀ ਦੇਖ ਰੇਖ ਵਿਚ ਕਰਵਾਇਆ ਗਿਆ, ਜਿਸ ਵਿਚ ਮੁੱਖ ਮਹਿਮਾਨ ਵਜੋਂ ਡਾ. ਭੀਮ ਰਾਓ ਅੰਬੇਦਕਰ ਦੇ ਪੋਤੇ ਰਾਜ ਰਤਨਾ ਅੰਬੇਦਕਰ ਨੇ ਭਰਵੀਂ ਹਾਜ਼ਰੀ ਦਿੱਤੀ। ਉਨ੍ਹਾਂ ਨੇ ਸਿੱਖੀ ਸਿਧਾਂਤਾਂ ਤੇ ਜਾਤ ਪਾਤ ਤੋਂ ਰਹਿਤ ਸਿੱਖੀ ਦੀ ਗੱਲ ਸਿੱਖ ਸੰਗਤਾਂ ਤੱਕ ਪਹੁੰਚਾਈ। ਇਸ ਮੌਕੇ ਸੁੰਦਰ ਦਸਤਾਰ ਮੁਕਾਬਲੇ ਕਰਵਾਏ ਗਏ ਜਿਸ ਵਿਚ ਨੌਜਵਾਨ ਪੀੜ੍ਹੀ ਨੇ ਭਰਪੂਰ ਯੋਗਦਾਨ ਪਾਇਆ। ਸਾਰਾ ਦਿਨ ਭਾਰੀ ਦੀਵਾਨ ਸਜਾਏ ਗਏ, ਜਿਸ ਵਿਚ ਸਿੱਖ ਆਗੂਆਂ ਤੇ ਅਮਰੀਕਨ ਆਗੂਆਂ ਨੇ ਆਪਣੇ ਆਪਣੇ ਵਿਚਾਰ ਰੱਖੇ। ਇਨ੍ਹਾਂ ਆਗੂਆਂ ਵਿਚ ਕਾਂਗਰਸਮੈਨ ਜੌਨ ਗਰਮੈਂਡੀ, ਜਿਮ ਵੈਕਟਰ ਕਾਊਂਟੀ ਸੁਪਰਵਾਈਜ਼ਰ, ਯੂਬਾ ਸਿਟੀ ਮੇਅਰ ਸ਼ੌਨ ਹੈਰਿਸ, ਮੈਨੀ ਕਡੇਜਾ ਵਾਈਸ ਮੇਅਰ, ਕਾਂਗਰਸਮੈਨ ਡੱਗ ਲੁਮਾਲਫ਼ਾ ਚੀਕੋ ਏਰੀਆ ਆਦਿ ਤੋਂ ਇਲਾਵਾ ਸਿੱਖ ਆਗੂਆਂ ਵਿਚ ਦਿਦਾਰ ਸਿੰਘ ਬੈਂਸ, ਡਾ. ਪ੍ਰਿਤਪਾਲ ਸਿੰਘ, ਡਾ. ਅਮਰੀਜਤ ਸਿੰਘ, ਸੰਤ ਸਿੰਘ ਹੋਠੀ, ਭਾਈ ਰੇਸ਼ਮ ਸਿੰਘ, ਜੌਹਨ ਸਿੰਘ ਗਿੱਲ,

ਬਾਕੀ ਸਫ਼ਾ 35 'ਤੇ

## ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ

**ਚੰਡੀਗੜ੍ਹ/ਏ.ਟੀ. ਨਿਊਜ਼ :**

ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਗੁਰੂ ਜੀ ਨੂੰ ਅਕੀਦਤ ਭੇਟ ਕਰਨ ਲਈ ਪੰਜਾਬ ਵਿਧਾਨ ਸਭਾ ਨੇ ਇਕ ਦਿਨ ਦਾ ਵਿਸ਼ੇਸ਼ ਇਜਲਾਸ ਬੁਲਾਇਆ, ਜਿਸ ਨੂੰ ਉਪ ਰਾਸ਼ਟਰਪਤੀ ਐਮ ਵੈਂਕਈਆ ਨਾਇਡੂ, ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਅਤੇ ਹੋਰ ਉੱਘੀਆਂ ਹਸਤੀਆਂ ਨੇ ਸੰਬੋਧਨ ਕੀਤਾ। ਇਸ ਵਿਸ਼ੇਸ਼ ਇਜਲਾਸ ਵਿਚ ਹਰਿਆਣਾ ਵਿਧਾਨ ਸਭਾ ਦੇ ਮੈਂਬਰਾਂ ਨੂੰ ਵੀ ਸੱਦਾ ਦਿੱਤਾ ਗਿਆ ਸੀ। ਮੁੱਖ ਮਹਿਮਾਨ ਉਪ ਰਾਸ਼ਟਰਪਤੀ ਐਮ ਵੈਂਕਈਆ ਨਾਇਡੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਇਕ ਯੁੱਗ ਪਲਟਾਊ, ਕ੍ਰਾਂਤਾਕਾਰੀ ਅਤੇ ਦਾਨਸ਼ਮੰਦ ਗੁਰੂ ਸਨ, ਜਿਨ੍ਹਾਂ ਨੇ ਅੱਜ ਤੋਂ ਕੋਈ 500 ਸਾਲ ਪਹਿਲਾਂ ਮਨੁੱਖੀ ਬਰਾਬਰੀ, ਔਰਤਾਂ ਦੇ ਹੱਕਾਂ ਅਤੇ ਨਿਮਾਣਿਆਂ ਨਿਤਾਣਿਆਂ ਦੇ ਅਧਿਕਾਰਾਂ ਦੀ ਗੱਲ ਕੀਤੀ।

ਬਾਕੀ ਸਫ਼ਾ 35 'ਤੇ

# ਸਹਿਜ ਪਾਠ ਨਾਲ ਪ੍ਰਕਾਸ਼ ਪੁਰਬ ਸਮਾਗਮ ਸ਼ੁਰੂ

## *ਮੁੱਖ ਮੰਤਰੀ ਵਲੋਂ ਪਹਿਲੇ ਪਾਤਸ਼ਾਹ ਦੇ ਸਹਿਣਸ਼ੀਲਤਾ ਅਤੇ ਸਦਭਾਵਨਾ ਦੇ ਸੰਦੇਸ਼ ਨੂੰ ਅਪਣਾਉਣ ਦਾ ਸੱਦਾ*

**ਸੁਲਤਾਨਪੁਰ ਲੋਧੀ/ਏ.ਟੀ.ਨਿਊਜ਼ :** ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹਫ਼ਤਾ ਭਰ ਚੱਲਣ ਵਾਲੇ ਸਮਾਗਮ ਅੱਜ ਪਵਿੱਤਰ ਵੇਈਂ ਕਿਨਾਰੇ ਪੰਜਾਬ ਸਰਕਾਰ ਵੱਲੋਂ ਬਣਾਏ ਗਏ ਮੁੱਖ ਪੰਡਾਲ ਵਿੱਚ ਸਹਿਜ ਪਾਠ ਦੀ ਆਰੰਭਤਾ ਨਾਲ ਸ਼ੁਰੂ ਹੋਏ। ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇੱਕ ਨਿਮਾਣੇ ਸਿੱਖ ਵਜੋਂ ਆਪਣੇ ਸਿਰ 'ਤੇ ਚੁੱਕ ਕੇ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਕੀਤਾ। ਪੰਡਾਲ ਵਿੱਚ ਬੈਂਡ ਵਾਜਿਆਂ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਲਿਆਂਦੇ ਗਏ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੰਗਤ ਨੂੰ ਧਾਰਮਿਕ ਅਸਹਿਣਸ਼ੀਲਤਾ ਦੀਆਂ ਵਧ ਰਹੀਆਂ ਚੁਣੌਤੀਆਂ ਨਾਲ ਨਿਪਟਣ ਲਈ ਗੁਰੂ ਨਾਨਕ ਦੇਵ ਜੀ ਵੱਲੋਂ ਸਹਿਣਸ਼ੀਲਤਾ ਅਤੇ ਸਦਭਾਵਨਾ ਦੇ ਦਿੱਤੇ ਸੰਦੇਸ਼ ਨੂੰ ਅਪਣਾਉਣ ਦਾ ਸੱਦਾ ਦਿੱਤਾ।

ਇਸ ਪ੍ਰਕਾਸ਼ ਦਿਹਾੜੇ ਨੂੰ ਮਨਾਉਣ ਲਈ ਇਕ ਨਿਮਾਣੇ ਸਿੱਖ ਵਜੋਂ ਫਰਜ਼ ਨਿਭਾਉਣ ਦੇ ਮਿਲੇ ਸੁਭਾਗ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਸੂਬਾ ਭਰ ਤੋਂ ਇੱਥੇ ਇਕੱਤਰ ਹੋਈ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ, "ਅਸੀਂ ਸਾਰੇ ਭਾਗਾਂ ਵਾਲੇ ਹਾਂ, ਜਿਨ੍ਹਾਂ ਦੇ ਜੀਵਨ ਵਿੱਚ ਇਹ ਮਹਾਨ ਮੌਕਾ ਆਇਆ ਹੈ।" ਮੁੱਖ ਮੰਤਰੀ ਨੇ 12 ਨਵੰਬਰ ਨੂੰ ਕਰਵਾਏ ਜਾ ਰਹੇ ਮੁੱਖ ਸਮਾਗਮ ਵਿੱਚ ਸਮੁੱਚੀ ਸੰਗਤ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਅਤੇ ਕਰਤਾਰਪੁਰ ਸਾਹਿਬ ਦੇ ਦਰਸ਼ਨ ਦੀਦਾਰੇ



ਕਰਨ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਜਦੋਂ ਪ੍ਰਧਾਨ ਮੰਤਰੀ 9 ਨਵੰਬਰ ਨੂੰ ਡੇਰਾ ਬਾਬਾ ਨਾਨਕ ਵਿਖੇ ਕਰਤਾਰਪੁਰ ਲਾਂਘੇ ਨੂੰ ਖੋਲ੍ਹਣ ਦਾ ਆਗਾਜ਼ ਕਰਨਗੇ ਤਾਂ ਸਾਡਾ ਦਹਾਕਿਆਂ ਦਾ ਸੁਪਨਾ ਸਾਕਾਰ ਹੋਵੇਗਾ। ਇਸ ਮੌਕੇ ਮੁੱਖ ਮੰਤਰੀ ਨੇ ਨਵੇਂ ਪ੍ਰਸ਼ਾਸਕੀ ਕੰਪਲੈਕਸ ਅਤੇ ਸੁਲਤਾਨਪੁਰ ਲੋਧੀ ਦੇ ਵਿਰਾਸਤੀ ਸ਼ਹਿਰ ਦੁਆਲੇ 150 ਕਰੋੜ ਰੁਪਏ ਦੀ ਲਾਗਤ ਨਾਲ ਰਿੰਗ ਰੋਡ ਬਣਾਉਣ ਦਾ ਐਲਾਨ ਕੀਤਾ, ਜਿਸ ਨਾਲ ਬਾਕੀ ਸ਼ਹਿਰਾਂ ਨਾਲ ਸੰਪਰਕ ਵਧਾਇਆ ਜਾ ਸਕੇਗਾ।

ਬਾਕੀ ਸਫ਼ਾ 35 'ਤੇ

## ਸੁਲਤਾਨਪੁਰ ਲੋਧੀ ਵਿਚ ਆਇਆ ਸੰਗਤ ਦਾ ਹੜ੍ਹ

**ਸੁਲਤਾਨਪੁਰ ਲੋਧੀ/ਏ.ਟੀ.ਨਿਊਜ਼ :** ਪੰਜਾਬ ਸਰਕਾਰ ਤੇ ਅਕਾਲੀ ਦਲ ਵਲੋਂ ਭਾਵੇਂ ਦੋ ਪੰਡਾਲ ਲਾ ਕੇ ਸੰਗਤ ਨੂੰ ਵੰਡਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਪਰ ਸੰਗਤ ਅਜਿਹੇ ਝਮੇਲਿਆਂ ਤੋਂ ਬੇਪ੍ਰਵਾਹ ਨਜ਼ਰ ਆਈ। ਪ੍ਰਕਾਸ਼ ਪੁਰਬ ਸਮਾਗਮਾਂ ਦੇ ਪਹਿਲੇ ਦਿਨ ਕਸਬੇ ਦੀਆਂ ਸੜਕਾਂ ਸੰਗਤ ਨਾਲ ਸਾਰਾ ਦਿਨ ਭਰੀਆਂ ਰਹੀਆਂ। ਗੁਰਦੁਆਰਾ ਬੇਰ ਸਾਹਿਬ 'ਚ ਮੱਥਾ ਟੇਕਣ ਵਾਲਿਆਂ ਨੂੰ ਘੰਟਿਆਂ-ਬੱਧੀ ਇੰਤਜ਼ਾਰ ਕਰਨਾ ਪੈ ਰਿਹਾ ਸੀ ਪਰ ਇਸ ਦੇ ਬਾਵਜੂਦ ਸੰਗਤ ਦਾ ਉਤਸ਼ਾਹ ਤੇ ਚਾਅ ਬਰਕਰਾਰ ਸੀ। ਪੰਜਾਬ ਸਰਕਾਰ ਵੱਲੋਂ ਬਣਾਏ ਗਏ

ਬਾਕੀ ਸਫ਼ਾ 35 'ਤੇ
















SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਅਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲੱਬਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


Bride Wanted
Well established Jat Sikh Family seeking a match for their tall, handsome Son, age 27 who is a Dentist. Currently completing a Pediatric Residency. Comes from a down to earth close knit family of Dentists, Doctors and Business owners. Family well established in the US since the early 1960's.
Please email bio-data with recent pictures
jcsingh82@gmail.com
Phone 803-429-2770
Inquires from US & Canada only


Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
■ ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■ 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
■ ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250

# ਸਿੱਖ ਪੰਚਾਇਤ ਮੈਂਬਰਾਂ ਨੇ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਉਤਸ਼ਾਹ ਨਾਲ ਮਨਾਇਆ ਬੰਦੀ ਛੋੜ ਦਿਵਸ

**ਫਰੀਮੌਂਟ/ਏ.ਟੀ. ਨਿਊਜ਼ :**ਬੰਦੀ ਛੋੜ ਦਿਵਸ ਅਤੇ ਦੀਵਾਲੀ ਮੌਕੇ ਸਿੱਖ ਪੰਚਾਇਤ ਦੇ ਮੈਂਬਰਾਂ ਨੇ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਭਾਰੀ ਉਤਸ਼ਾਹ ਨਾਲ ਸੇਵਾ ਕੀਤੀ। ਗੁਰਦੁਆਰਾ ਸਾਹਿਬ 'ਚ ਇਹ ਦਿਹਾੜਾ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ, ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਹਾਜ਼ਰੀ ਭਰਦੀਆਂ ਹਨ। ਇਸ ਵਾਰ ਸਿੱਖ ਪੰਚਾਇਤ ਮੈਂਬਰਾਂ ਨੇ ਅੱਗੇ ਹੋ ਕੇ 'ਗੁਰੂ ਕੇ ਲੰਗਰ' ਅਤੇ ਹੋਰ ਸਥਾਨਾਂ 'ਤੇ ਭੁਰਪੂਰ ਸੇਵਾ ਕੀਤੀ।












BERKSHIRE HATHAWAY Home Services
Elite Real Estate

Gurdip Kaur
M.A. B.Ed.
Cell : 916-695-0035 Office : 916-681-5112
realtorgurdip@gmail.com • www.bhhser.com
ਘਰ ਖ਼ਰੀਦਣ-ਵੇਚਣ ਲਈ ਅਤੇ ਆਪਣੇ ਘਰ ਬੈਠੇ ਹੀ ਨੋਟਰੀ ਸੇਵਾਵਾਂ ਲੈਣ ਲਈ ਕਾਲ ਕਰੋ
PLEASE CALL GURDIP KAUR
916-695-0035
Cal BRE# 02032641
7412 Elsie Ave. Sacramento 95828
A member of the franchise system of BHH Affiliates. LLC

GLOBAL ALLIANZ
LAW FIRM LLP
US IMMIGRATION MADE EASY
ਕਾਨੂੰਨੀ ਸੇਵਾਵਾਂ
- ਫੈਮਲੀ ਇਮੀਗਰੇਸ਼ਨ
- ਗਰੀਨ ਕਾਰਡ ਅਤੇ ਸਿਟੀਜਨਸ਼ਿਪ ਐਪਲੀਕੇਸ਼ਨ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕਾਰ ਦੁਰਘਟਨਾ ਅਤੇ ਕੰਮ ਦੌਰਾਨ ਸੱਟ ਲੱਗਣਾ
- ਪੋਲੀਟੀਕਲ ਅਸਾਈਲਮ

Atul Kapoor
CEO

Neat Allen Sawyer
Attorney at Law
US OFFICE-: # 7899 N. PERSHING AVE., STOCKTON, CA -95207
PHONE-209-808-2136, 209-952-5578 Fax- 209-476-7188
INDIA OFFICE-: SCO 1-4, FIRST FLOOR, SURYA COMPLEX, LEELA BHAWAN, PATIALA, PUNJAB. Phone +91-9814320010

# ਯੂਬਾ ਸਿਟੀ ਦੇ ਵਿਸ਼ਾਲ ਨਗਰ ਕੀਰਤਨ ਦੀਆਂ ਝਲਕੀਆਂ























# ਫਰੀਮੌਂਟ ਸਿਟੀ ਵੱਲੋਂ ਨਵੰਬਰ ਮਹੀਨਾ ਗੁਰੂ ਨਾਨਕ ਪਾਤਿਸ਼ਾਹ ਦੇ ਨਾਮ

**ਫਰੀਮੌਂਟ/ਏ.ਟੀ. ਨਿਊਜ਼ :** ਫਰੀਮੌਂਟ ਸਿਟੀ ਕੌਂਸਲ ਦੀ ਮੀਟਿੰਗ ਵਿੱਚ ਨਵੰਬਰ ਮਹੀਨੇ ਨੂੰ ਸਿੱਖ ਐਪਰੀਸ਼ੀਏਸ਼ਨ ਮਹੀਨਾ ਐਲਾਨਿਆ ਗਿਆ ਹੈ। ਮੇਅਰ ਲਿੱਲੀ ਮੇਅ ਨੇ ਅਮਰੀਕਾ ਵਿੱਚ ਵਸਦੇ ਸਿੱਖਾਂ ਦੀਆਂ ਕਾਮਯਾਬੀਆਂ ਦਾ ਵਰਨਣ ਕਰਦੇ ਹੋਏ ਉਹਨਾਂ ਨੂੰ ਫਰੀਮੌਂਟ ਸ਼ਹਿਰ ਵਲੋਂ ਮਾਣ ਕਰਨ ਵਾਲੀ ਕੌਮ ਕਿਹਾ ਗਿਆ। ਹਿਊਮਨ ਰਿਲੇਸ਼ਨਜ਼ ਦੇ ਮੈਂਬਰ ਤਜਿੰਦਰ ਸਿੰਘ ਧਾਮੀ ਜੋ ਅਮਰੀਕਨ ਸਿਆਸਤ ਵਿੱਚ ਵਿਸ਼ੇਸ਼ ਜਗ੍ਹਾ ਰੱਖਦੇ ਹਨ ਦੇ ਯਤਨਾਂ ਸਦਕਾ ਇਹ ਸੰਭਵ ਹੋਇਆ। ਇਸ ਪ੍ਰੋਗਰਾਮ ਵਿੱਚ ਗੁਰਦੁਆਰਾ ਸਾਹਿਬ ਫਰੀਮੌਂਟ ਅਤੇ ਸਿੱਖ ਪੰਚਾਇਤ ਦੇ ਨੁਮਾਇੰਦਿਆਂ ਨੇ ਸਿਟੀ ਅਤੇ ਆਏ ਹੋਏ ਲੋਕਾਂ ਨੂੰ ਗੁਰੂ ਨਾਨਕ ਪਾਤਿਸ਼ਾਹ ਦੇ 550ਵੇਂ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ ਅਤੇ ਮੇਅਰ ਸਮੇਤ ਸਾਰੀ ਕੌਂਸਲ ਦਾ ਧੰਨਵਾਦ ਕੀਤਾ।













# 550ਵੇਂ ਪ੍ਰਕਾਸ਼ ਪੁਰਬ ਮੌਕੇ ਗੁਰੂ ਨਾਨਕ ਅਤੇ ਸਮਾਜਿਕ ਨਿਆਂ ਵਿਸ਼ੇ ਉਪਰ ਵਿਸ਼ੇਸ਼ ਭਾਸ਼ਣ








**ਯੂਬਾ ਸਿਟੀ/ਏ.ਟੀ.ਨਿਊਜ਼ :** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸਿੱਖ ਕਮਿਊਨਿਟੀ ਸੈਂਟਰ ਵਿਖੇ ਵਿਸ਼ੇਸ਼ ਭਾਸ਼ਣ ਕਰਵਾਇਆ ਗਿਆ। ਜਿਸ ਵਿਚ ਡਾ. ਬੀ.ਆਰ.ਅੰਬੇਡਕਰ ਦੇ ਪੜਪੋਤੇ ਅਤੇ ਬੁਧਇਸਟ ਸੁਸਾਇਟੀ ਆਫ਼ ਇੰਡੀਆ ਦੇ ਪ੍ਰਧਾਨ ਰਾਜ ਰਤਨ ਅੰਬੇਡਕਰ, ਬੀਬੀ ਨਵਕਿਰਨ ਖਾਲੜਾ ਅਤੇ ਡਾ. ਰੁਪਿੰਦਰ ਸਿੰਘ ਬਰਾੜ ਨੇ ਸੰਬੋਧਨ ਕੀਤਾ। ਸ੍ਰੀ ਰਾਜ ਰਤਨ ਅੰਬੇਡਕਰ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨਿਨ ਸ਼ਰਧਾਲੂ ਅਤੇ ਉਨ੍ਹਾਂ ਦੀ ਵਿਚਾਰਧਾਰਾ ਉਪਰ ਚੱਲਣ ਵਾਲੇ ਵਿਦਵਾਨ ਸਨ। ਉਨ੍ਹਾਂ ਕਿਹਾ ਕਿ ਡਾ. ਅੰਬੇਡਕਰ ਨੇ ਅੱਜ ਤੋਂ 83 ਸਾਲ ਪਹਿਲਾਂ 1936 ਵਿਚ ਸਮਾਜਿਕ ਨਿਆਂ ਅਤੇ ਦਲਿਤ ਸਮਾਜ ਦਾ ਮੁੱਦਾ ਉਠਾਇਆ ਸੀ। ਉਨ੍ਹਾਂ ਕਿਹਾ ਕਿ ਡਾ. ਅੰਬੇਡਕਰ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਨਹੀਂ ਦਿੱਤਾ ਗਿਆ ਅਤੇ ਪ੍ਰਬੰਧਕਾਂ ਨੇ ਉਨ੍ਹਾਂ ਦੇ ਬਿਆਨ ਉਪਰ ਇਤਰਾਜ਼ ਕੀਤਾ, ਇਸ ਕਰਕੇ ਉਨ੍ਹਾ ਦਾ ਇਹ ਭਾਸ਼ਣ ਇਤਿਹਾਸ ਦੇ ਪੰਨਿਆਂ ਵਿਚ ਹੀ ਰੁਲ਼ ਗਿਆ। ਸ੍ਰੀ ਅੰਬੇਡਕਰ ਨੇ ਕਿਹਾ ਕਿ ਅੱਜ ਵੀ ਸਾਡੇ ਸਮਾਜ ਵਿਚ ਸਮਾਜਿਕ ਨਿਆਂ ਇਕ ਬਹੁਤ ਵੱਡਾ ਮੁੱਦਾ ਹੈ। ਜਿਸ ਨੂੰ ਮੁਖਾਤਿਬ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਪਹਿਲੀ ਰੂਹਾਨੀ ਸ਼ਖਸੀਅਤ ਸਨ ਜਿਨ੍ਹਾਂ ਨੇ ਸਮਾਜਿਕ ਨਿਆਂ ਦਾ ਮੁੱਦਾ ਉਠਾਇਆ ਅਤੇ ਮਾਨਵਤਾ ਦੀ ਬਰਾਬਰੀ ਦਾ ਸੁਨੇਹਾ ਦਿੱਤਾ।

**ਬਾਕੀ ਸਫ਼ਾ 36 'ਤੇ**


# ਗੁਰਦੁਆਰਾ ਸਾਹਿਬ ਫਰੀਮੌਂਟ ਦੀ ਜਨਰਲ ਬਾਡੀ ਮੀਟਿੰਗ

**300 Gurdwara Road Fremont CA 94536**

**24 ਨਵੰਬਰ, 2019 ਦਿਨ ਐਤਵਾਰ**

**ਸਮਾਂ : 12:00 ਤੋਂ 12:30 ਵਜੇ**

**ਸਥਾਨ : ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ**

ਸਾਧ ਸੰਗਤ ਜੀ,
ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫ਼ਤਿਹ

ਮੌਜੂਦਾ ਸੁਪਰੀਮ ਕੌਂਸਲ ਗੁਰਦੁਆਰਾ ਸਾਹਿਬ ਦੇ ਆਰਟੀਕਲ 2 ਮੁਤਾਬਕ ਸੇਵਾ ਨਹੀਂ ਨਿਭਾ ਰਹੇ, ਜਿਹੜੀ ਕਿ ਗੁਰਮਤਿ ਸਿਧਾਂਤ ਦੀ ਉਲੰਘਣਾ ਹੈ। ਇਹ ਸੁਪਰੀਮ ਕੌਂਸਲ ਦੀ ਜਗ੍ਹਾ ਨਵੀਂ ਸੁਪਰੀਮ ਕੌਂਸਲ ਮਾਰਚ 2020 ਤੱਕ ਚੁਨਣ ਦੀ ਤਜ਼ਵੀਜ਼ ਹੈ। ਸਾਡੇ ਵੱਲੋਂ ਗੁਰੂ ਗਰੰਥ ਸਾਹਿਬ ਅੱਗੇ ਪਰਚੀਆਂ ਪਾਕੇ ਜਾਂ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿੱਚ ਆਪਸੀ ਸਹਿਮਤੀ ਨਾਲ ਉਮੀਦਵਾਰ ਆਪਸ ਵਿੱਚ ਹੀ ਸੁਪਰੀਮ ਕੌਂਸਲ ਚੁਣ ਸਕਦੇ ਹਨ। ਜੇ ਕਿਸੇ ਸੰਗਤ ਮੈਂਬਰ ਕੋਲ ਕੋਈ ਹੋਰ ਤਜ਼ਵੀਜ ਹੋਵੇ ਤਾਂ ਵਿਚਾਰ ਹੋ ਸਕਦੀ ਹੈ। ਕੋਈ ਸੁਝਾਅ, ਤਜਵੀਜ਼ ਜਾਂ ਕੋਈ ਵੀ ਮੁੱਦਾ ਸੰਗਤ ਨਾਲ ਸਾਂਝਾ ਕਰਨ ਲਈ 17 ਨਵੰਬਰ ਤੱਕ ਭਾਈ ਜਸਵਿੰਦਰ ਸਿੰਘ ਜੰਡੀ ਨੂੰ ਲਿਖਤੀ ਤੌਰ 'ਤੇ ਬੇਨਤੀ ਕਰ ਸਕਦੇ ਹੋ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੇਨਤੀ ਹੈ ਕਿ 24 ਨਵੰਬਰ ਦਿਨ ਐਤਵਾਰ 12:00 ਤੋਂ 12:30 ਵਜੇ ਤੱਕ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿੱਚ ਜਨਰਲ ਬਾਡੀ ਕੀਤੀ ਜਾਵੇਗੀ। ਸਾਰੀ ਸੰਗਤ ਨੂੰ ਸਮੇਂ ਸਿਰ ਪੰਹੁਚਣ ਦੀ ਬੇਨਤੀ ਕੀਤੀ ਜਾਂਦੀ ਹੈ।



**ਵਲੋਂ : ਜਸਵਿੰਦਰ ਸਿੰਘ, ਪ੍ਰਧਾਨ ਅਤੇ ਸੁਪਰੀਮ ਕੌਂਸਲ ਮੈਂਬਰ**

**ਸੰਪਰਕ 510-584-7172**

# ਵਿਦੇਸ਼ ਵੱਸਦੇ ਸਿੱਖ ਅਤੇ ਪੰਜਾਬੀ ਭਾਈਚਾਰੇ ਵਲੋਂ ਲੰਡਨ-ਅੰਮ੍ਰਿਤਸਰ ਸਿੱਧੀ ਉਡਾਣ ਸ਼ੁਰੂ ਕਰਨ ਦਾ ਸਵਾਗਤ

## *ਏਅਰ ਇੰਡੀਆਂ ਨੇ 550ਵੇਂ ਸਾਲਾ ਗੁਰੂ ਨਾਨਕ ਗੁਰਪੁਰਬ ਸ਼ਤਾਬਦੀ ਲਈ ਸ਼ੁਰੂ ਕੀਤੀ ਨਵੀਂ ਉਡਾਣ*

**ਨਿਊਯਾਰਕ/ ਰਾਜ ਗੋਗਨਾ :** ਏਅਰ ਇੰਡੀਆਂ ਵੱਲੋਂ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅਮ੍ਰਿਤਸਰ ਤੋਂ ਲੰਡਨ ਦੇ ਸਟੈਨਸਟੇਡ ਏਅਰਪੋਰਟ ਲਈ ਹਫ਼ਤੇ ਵਿਚ ਤਿੰਨ ਦਿਨਾਂ ਲਈ ਸ਼ੁਰੂ ਕੀਤੀ ਗਈ ਸਿੱਧੀ ਉਡਾਣ ਦਾ ਵਿਦੇਸ਼ ਵਿੱਚ ਵਸਦੇ ਸਿੱਖ ਅਤੇ ਪੰਜਾਬੀ ਭਾਈਚਾਰੇ ਨੇ ਸਵਾਗਤ ਕੀਤਾ ਹੈ। ਅੰਮ੍ਰਿਤਸਰ ਤੋਂ ਇਹ ਉਡਾਣ ਸੋਮਵਾਰ, ਮੰਗਲ਼ਵਾਰ ਤੇ ਵੀਰਵਾਰ ਵਾਲੇ ਦਿਨ ਲੰਡਨ ਲਈ ਰਵਾਨਾ ਹੋਵੇਗੀ।

ਪ੍ਰੈਸ ਨੂੰ ਜਾਰੀ ਸਾਂਝੇ ਬਿਆਨ ਵਿੱਚ ਸੇਵਾ ਟਰੱਸਟ ਯੂ. ਕੇ. ਦੇ ਚੇਅਰਮੈਨ ਕੌਂਸਲਰ ਚਰਨਕੰਵਲ ਸਿੰਘ ਸੇਖੋਂ ਅਤੇ ਫਲਾਈ ਅੰਮ੍ਰਿਤਸਰ ਇਨੀਸ਼ਿਏਟਿਵ (ਮੁਹਿੰਮ) ਦੇ ਗਲੋਬਲ ਕਨਵੀਨਰ ਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਸਕੱਤਰ, ਅਮਰੀਕਾ ਵਾਸੀ ਸਮੀਪ ਸਿੰਘ ਗੁਮਟਾਲਾ ਨੇ ਭਾਰਤ ਸਰਕਾਰ, ਸ਼ਹਿਰੀ ਹਵਾਬਾਜ਼ੀ ਮੰਤਰੀ ਹਰਦੀਪ ਸਿੰਘ ਪੁਰੀ, ਅਤੇ ਏਅਰ ਇੰਡੀਆਂ ਦੇ ਮੈਨੇਜਿੰਗ ਡਾਇਰੈਕਟਰ ਅਸ਼ਵਨੀ ਲੋਹਾਣੀ ਦਾ ਧੰਨਵਾਦ ਕੀਤਾ ਹੈ।

ਉਹਨਾ ਕਿਹਾ ਕਿ ਨਵੀਆਂ ਸਿੱਧੀਆਂ ਉਡਾਣਾਂ ਸ਼ੁਰੂ ਹੋਣ ਨਾਲ ਦੋਵਾਂ ਦੇਸ਼ਾਂ ਦਰਮਿਆਨ ਵਧੇਰੇ ਸੈਰ-ਸਪਾਟਾ, ਵਪਾਰ, ਆਰਥਿਕ ਵਾਧੇ ਨੂੰ ਉਤਸ਼ਾਹ ਮਿਲੇਗਾ ਅਤੇ ਨਾਲ ਹੀ ਯਾਤਰੀਆਂ ਲਈ ਸਮੇਂ ਅਤੇ ਕੀਮਤ ਦੀ ਬਚਤ ਹੋਵੇਗੀ। ਇਹ ਲੰਡਨ ਤੋਂ ਪੰਜਾਬ ਲਈ ਜਾਣ ਵਾਲੇ ਯਾਤਰੀਆਂ, ਖ਼ਾਸਕਰ ਅੰਮ੍ਰਿਤਸਰ ਖਿੱਤੇ ਲਈ ਸਭ ਤੋਂ ਖ਼ੁਸ਼ੀ ਦੀ ਖ਼ਬਰ ਹੈ ਜੋ ਕਿ 550 ਸਾਲਾਂ ਦੇ ਗੁਰਪੁਰਬ ਸਮਾਗਮਾਂ ਦਾ ਕੇਂਦਰ ਹੋਵੇਗਾ। ਉਹਨਾਂ ਕਿਹਾ ਕਿ 550 ਸਾਲਾ ਗੁਰਪੂਰਬ ਦੇ





ਅਵਸਰ ਤੇ ਅੰਮ੍ਰਿਤਸਰ 9 ਸਾਲਾਂ ਬਾਦ ਮੁੜ ਤੋਂ ਲੰਡਨ ਨਾਲ ਜੁੜ ਜਾਵੇਗਾ। ਏਅਰ ਇੰਡੀਆ ਵਲ਼ੋਂ ਹਫ਼ਤੇ ਵਿੱਚਤਿੰਨ ਦਿਨ ਅੰਮ੍ਰਿਤਸਰ ਤੋਂ ਸਿੱਧੀ ਬਰਮਿੰਘਮ ਅਤੇ ਤਿੰਨ ਦਿਨ ਦਿੱਲੀ ਰਾਹੀਂ ਬਰਮਿੰਘਮ ਲਈ ਵੀ ਉਡਾਣ ਚਲਾਈ ਜਾਂਦੀ ਹੈ।ਇੱਥੇ ਵਰਨਣਯੋਗ ਹੈ ਕਿ ਅੰਮ੍ਰਿਤਸਰ ਦੇ ਜੰਮਪਲ ਤੇ ਹੁਣ ਅਮਰੀਕਾ ਵਾਸੀ ਸਮੀਪ ਸਿੰਘ ਗੁਮਟਾਲਾ, ਅੰਮ੍ਰਿਤਸਰ ਤੋਂ ਲੰਡਨ ਦੀ ਇਸ ਇਤਿਹਾਸਕ ਪਹਿਲੀ ਉਡਾਣ ਤੇ ਸਫਰ ਕਰਨ ਲਈ ਉਚੇਚੇ ਤੌਰ ਤੇ ਅਮਰੀਕਾ ਤੋਂ ਗੁਰੂ ਕੀ ਨਗਰੀ ਪਹੰਚੇ ਸਨ। ੧ਓ ਲਿਖੇ ਹੋਏ ਇਸ ਜਹਾਜ ਦੇ ਯਾਤਰੀਆਂ ਦਾ ਲੰਡਨ ਪਹੁੰਚਣ ’ਤੇ ਏਅਰ ਇੰਡੀਆ ਅਤੇ ਏਅਰਪੋਰਟ ਦੇ ਸਟਾਫ ਵਲੋਂ ਢੋਲ ਵਜਾ ਕੇ ਸ਼ਾਨਦਾਰ ਸਵਾਗਤ ਕੀਤਾ ਗਿਆ ਅਤੇ ਸਾਰੇ ਯਾਤਰੀਆਂ ਨੂੰ ਤੋਹਫੇ ਵੀ ਦਿੱਤੇ ਗਏ। ਉਪਰੰਤ ਚੇਅਰਮੈਨ ਕੌਂਸਲਰ ਸੇਖੋਂ ਲੰਡਨ ਤੋਂ ਪਹਿਲੀ ਉਡਾਣ ਵਿੱਚ ਅੰਮ੍ਰਿਤਸਰ ਲਈ ਰਵਾਨਾ ਹੋਏ। ਸੇਵਾ ਟਰਸਟ ਯੂ.ਕੇ. ਅਤੇ ਅੰਮ੍ਰਿਤਸਰ ਵਿਕਾਸ ਮੰਚ ਲੰਮੇ ਸਮੇਂ ਤੋਂ ਲੰਡਨ ਹੀਥਰੋ ਲਈ ਸਿੱਧੀਆਂ ਉਡਾਣਾਂ ਦੀ ਸਾਂਝੀ ਮੁਹਿੰਮ ਨੂੰ ਚਲਾ ਰਹੇ ਹਨ ਤੇ ਸਾਨੂੰ ਖ਼ੁਸ਼ੀ ਹੈ ਕਿ ਅਸੀਂ ਸਾਂਝੇ ਤੌਰ ’ਤੇ ਹੋਰਨਾਂ ਨਾਲ ਇਸ ਮੰਗ ਨੂੰ ਬੁਲੰਦ ਕਰ ਸਕੇ। ਵੱਡੀ ਗਿਣਤੀ ਵਿੱਚ ਪੰਜਾਬੀ ਭਾਈਚਾਰਾ ਹੀਥਰੋ ਦੇ ਨਜ਼ਦੀਕ ਵਸਦਾ ਹੈ। ਜੇਕਰ ਹੀਥਰੋ ਲਈ ਉਡਾਣ ਸ਼ੁਰੂ ਹੁੰਦੀ ਤਾਂ ਹੋਰ ਵੀ ਚੰਗਾ ਸੀ। ਅਸੀਂ ਯੂ.ਕੇ. ਅਤੇ ਪੰਜਾਬ ਤੋਂ ਮੈਂਬਰ ਪਾਰਲੀਮੈਂਟ, ਲੰਡਨ ਦੇ ਲਾਗਲੇ ਸ਼ਹਿਰਾਂ ਦੇ ਮੇਅਰ, ਵੱਖ-ਵੱਖ ਸੰਸਥਾਵਾਂ, ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ ਦੇ ਵੀ ਧੰਨਵਾਦੀ ਹਾਂ ਜਿੰਨਾਂ ਨੇ ਆਪਣੇ ਤੌਰ ‘ਤੇ ਅਤੇ ਸਾਂਝੇ ਬਿਆਨਾਂ ਰਾਹੀਂ ਇਸ ਮੰਗ ਨੂੰ ਏਅਰ ਇੰਡੀਆਂ, ਭਾਰਤ ਸਰਕਾਰ ਤੇ ਹੋਰਨਾਂ ਹਵਾਈ ਕੰਪਨੀਆਂ ਤੱਕ ਪਹੁੰਚਾਇਆ ਸੀ।

ਗੁਮਟਾਲਾ ਨੇ ਦੱਸਿਆ ਕਿ ਅਕਤੂਬਰ 2010 ਤੋਂ ਬਾਦ ਅੰਮ੍ਰਿਤਸਰ-ਲੰਡਨ ਹੀਥਰੋ-ਟੋਰਾਂਟੋ ਸਿੱਧੀ ਉਡਾਣ ਨੂੰ ਏਅਰ ਇੰਡੀਆਂ ਵੱਲੋਂ ਬਰਸਾਤਾ ਦਿੱਲੀ ਕਰ ਦਿੱਤਾ ਗਿਆ ਸੀ। ਇਸ ਨਾਲ ਨਾ ਸਿਰਫ ਯਾਤਰੀਆਂ ਨੂੰ ਦਿੱਲੀ ਰਾਹੀਂ ਸਫ਼ਰ ਦੀ ਖੱਜਲ ਖ਼ੁਆਰੀ ਝਲਣੀ ਪੈ ਰਹੀ ਸੀ ਬਲਕਿ ਪੰਜਾਬ ਤੋ ਫਲਾਂ ਅਤੇ ਸਬਜ਼ੀਆਂ ਦੇ ਕਾਰਗੋ ’ਤੇ ਵੀ ਅਸਰ ਪਿਆ ਸੀ। ਇਸ ਉਡਾਣ ਦੇ ਸ਼ੁਰੂ ਹੋਣ ਨਾਲ ਇਸ ਦੇ ਫਿਰ ਤੋਂ ਸ਼ੁਰੂ ਹੋਣ ਦੀ ਆਸ ਬੱਝੀ ਹੈ ਤਾਂ ਜੋ ਕਿਸਾਨਾਂ ਨੂੰ ਉਹਨਾਂ ਦੀਆਂ ਫਸਲਾਂ ਦਾ ਵਧੀਆ ਮੁੱਲ ਮਿਲ ਸਕੇ। ਫਲਾਈ ਅੰਮ੍ਰਿਤਸਰ ਇਨੀਸ਼ਿਏਟਿਵ ਦੇ ਉੱਤਰੀ ਅਮਰੀਕਾ ਦੇ ਕਨਵੀਨਰ, ਕੈਨੇਡਾ ਆਨੰਤਦੀਪ ਢਿੱਲੋ ਨੇ ਕਿਹਾ ਕਿ ਅਸੀਂ ਸਰਕਾਰ ਦੇ ਧੰਨਵਾਦੀ ਹਾਂ ਪਰ ਸਾਡੀ ਮੰਗ ਹਾਲੇ ਵੀ ਅੰਮ੍ਰਿਤਸਰ ਨੂੰ ਲੰਡਨ ਦੇ ਹੀਥਰੋ ਹਵਾਈ ਅੱਡੇ ਨਾਲ ਜੋੜਣ ਦੀ ਹੈ ਤਾਂ ਜੋ ਪੰਜਾਬੀ ਦੁਨੀਆਂ ਦੀ ਸਭ ਤੋਂ ਵੱਡੇ ਮੰਨੇ ਜਾਣ ਵਾਲੇ ਏਵੀਏਸ਼ਨ ਕੇਂਦਰ ਹੀਥਰੋ ਹਵਾਈ ਅੱਡੇ ਰਾਹੀਂ ਏਅਰ ਇੰਡੀਆਂ ਦੀਆਂ ਯੂਰਪ, ਅਮਰੀਕਾ, ਕੈਨੇਡਾ ਦੀਆਂ ਭਾਈਵਾਲ ਹਵਾਈ ਕੰਪਨੀਆਂ ਏਅਰ ਕੈਨੇਡਾ, ਯਨਾਈਟਿਡ ਆਦਿ ਦੀਆਂ ਉਡਾਣਾਂ ਤੇ ਅਸਾਨੀ ਨਾਲ ਯੂਰਪ, ਟੋਰਾਂਟੋ, ਵੈਨਕੂਵਰ, ਨਿਊਯਾਰਕ ਆਦਿ ਲੈ ਸਕਣ। ਇਸ ਨਾਲ ਏਅਰ ਇੰਡੀਆਂ ਨੂੰ ਲੰਡਨ ਦੀ ਉਡਾਣ ਲਈ ਵੱਧ ਸਵਾਰੀਆਂ ਵੀ ਮਿਲਣਗੀਆਂ।

## ਫਿਲਾਡੇਲਫੀਆ ਦੇ ਗੁਰੂਘਰ ਵਿਖੇ ਤੀਸਰਾ ਰਾਗ ਰਤਨ ਕਰਵਾਇਆ ਗਿਆ

**ਫਿਲਾਡੇਲਫੀਆ/(ਰਾਜ ਗੋਗਨਾ :** ਬੀਤੇ ਦਿਨ ਪੇਨਸਿਲਵੇਨੀਆ ਸੂਬੇ ਦੇ ਸ਼ਹਿਰ ਫਿਲਾਡੇਲਫੀਆ ਦੇ ਗੁਰਦੁਆਰਾ ਸਿੱਖ ਸੁਸਾਇਟੀ ਵਿਖੇ ਗੁਰੂ



ਹਰਿਕ੍ਰਿਸ਼ਨ ਗੁਰਮਤਿ ਸੰਗੀਤ ਅਕੈਡਮੀ ਵੱਲੋਂ ਧੰਨ-ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਤੀਸਰਾ ਰਾਗ ਰਤਨ ਕੀਰਤਨ ਕਰਵਾਇਆ ਗਿਆ ਜਿਸ ਵਿੱਚ ਗੁਰੂ ਹਰਿਕ੍ਰਿਸ਼ਨ ਗੁਰਮਤਿ ਸੰਗੀਤ ਅਕੈਡਮੀ ਦੇ ਬੱਚਿਆਂ ਨੇ ਰਵਾਇਤੀ ਸਾਜ਼ਾਂ ਨਾਲ ਰਾਗਬੱਧ ਕੀਰਤਨ ਕਰ ਕੇ ਹਾਜ਼ਰੀ ਭਰੀ, ਜਿਸ ਵਿਚ ਲਗਭਗ 27 ਬੱਚਿਆਂ ਨੇ 6 ਜਥਿਆਂ ਦੇ ਰੂਪ ਵਿੱਚ ਹਾਜ਼ਰੀ ਭਰੀ, ਇਸ ਸਾਰੇ ਪ੍ਰੋਗਰਾਮ ਨੂੰ ਸੰਗਤਾਂ ਨੇ ਬਹੁਤ ਸਲਾਹਿਆ।ਇੰਨੀ ਛੋਟੀ ਉਮਰ ਦੇ ਬੱਚਿਆਂ ਨੂੰ ਗੁਰਮਤਿ ਨਾਲ ਜੋੜਣ ਲਈ ਗੁਰਦੁਆਰਾ ਸਾਹਿਬ ਵਲੋਂ ਇਹ ਇੱਕ ਬਹੁਤ ਚੰਗਾ ਉਪਰਾਲਾ ਹੈ ਜੋ ਇੱਥੇ ਦੇ ਜੰਮਪਲ ਬੱਚਿਆਂ ਨੂੰ ਆਪਣੇ ਇਤਿਹਾਸ ਨਾਲ ਜੋੜੀ ਰੱਖਣ ਦੀ ਪ੍ਰੇਰਨਾ ਦਿੰਦੇ ਹਨ। ਉਮੀਦ ਹੈ ਕਿ ਇਸ ਤਰ੍ਹਾਂ ਦੇ ਉਪਰਾਲੇ ਹੁੰਦੇ ਰਹਿਣਗੇ।


# WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

2101 MARTIN LUTHER KING JR WAY STOCKTON, CA 95205

# ਵੀਹ ਰੁਪਏ-ਵੀਹ ਡਾਲਰ ਤੇ ਸੱਚੇ ਸੌਦੇ ਵਾਲ਼ੀ ਸਾਖੀ !

**-ਤਰਲੋਚਨ ਸਿੰਘ ਦੁਪਾਲਪੁਰ**

ਇਹ ਕੋਈ ਕਾਲਪਨਿਕ ਕਹਾਣੀ ਨਹੀਂ ਸਗੋਂ ਹਕੀਕੀ ਵਾਕਿਆ ਹੈ ਜੋ ਬਾਲ ਗੁਰੂ ਨਾਨਕ ਵਲੋਂ ਬਚਪਨ ਵਿਚ ਕੀਤੇ ਸੱਚੇ ਸੌਦੇ ਦੀ ਯਾਦ ਦਿਲਾ ਗਿਆ। ਹੋਇਆ ਇਸ ਤਰ੍ਹਾਂ ਕਿ ਕੁੱਝ ਦਿਨ ਪਹਿਲਾਂ ਕੈਲੀਫੋਰਨੀਆ ਪ੍ਰਾਂਤ ਦੇ ਸੈਨ ਰਫੇਲ (San Rafael) ਸ਼ਹਿਰ ਲਾਗੇ ਭਿਆਨਕ ਅੱਗ ਲੱਗ ਗਈ ਸੀ। ਸਰਕਾਰੀ ਮੱਦਦ ਤੋਂ ਇਲਾਵਾ ਹੋਰ ਲੋਕ ਵੀ ਅੱਗ ਪੀੜਤ ਲੋਕਾਂ ਦੀ ਸੇਵਾ ਵਿੱਚ ਲੱਗੇ ਹੋਏ ਹਨ।

ਰਜਿੰਦਰ ਸਿੰਘ ਟਾਂਡਾ ਸਟਾਕਟਨ ਨਿਵਾਸੀ ਨੌਜਵਾਨ, ਜੋ ਲੰਮੇ ਅਰਸੇ ਤੋਂ ਆਪਣੇ ਸੰਗੀ ਸਾਥੀਆਂ ਸਮੇਤ ਵੱਖ ਵੱਖ ਸ਼ਹਿਰਾਂ ਦੇ ਬੇਘਰੇ ਤੇ ਲੋੜਵੰਦ ਲੋਕਾਂ ਲਈ ਹਰ ਐਤਵਾਰ ਲੰਗਰ ਲਾਉਂਦੇ ਹਨ, ਉਹ ਜਥਾ ਵੀ ਸੈਨ ਰਫੇਲ ਪਹੁੰਚ ਕੇ ਅੱਗ ਪੀੜਤਾਂ ਨੂੰ ਲੰਗਰ ਛਕਾ ਰਿਹਾ ਹੈ।

ਬੀਤੇ ਕੱਲ੍ਹ ਅੱਗ ਪੀੜਤਾਂ 'ਚੋਂ ਇਕ ਗੋਰੀ ਬੀਬੀ ਇਨ੍ਹਾਂ ਨੌਜਵਾਨਾਂ ਦੀ ਸੇਵਾ ਤੋਂ ਪ੍ਰਭਾਵਿਤ ਹੋ ਕੇ ਭਾਈ ਰਜਿੰਦਰ ਸਿੰਘ ਟਾਂਡਾ ਨੂੰ ਕਹਿਣ ਲੱਗੀ ਕਿ ਮੈਂ ਤੁਹਾਡੀ ਨਿਗੂਣੀ ਜਿਹੀ ਮੱਦਦ ਕਰਨਾ ਚਾਹੁੰਦੀ ਹਾਂ। ਟਾਂਡਾ ਨੇ ਉਸਦਾ ਧੰਨਵਾਦ ਕਰਦਿਆਂ ਕਿਹਾ ਕਿ ਬੀਬੀ ਜੀ ਸਾਡਾ ਸੇਵਕ ਜਥਾ ਆਪਣੇ ਹੀ ਦਸਵੰਧ ਨਾਲ ਇਹ ਸੇਵਾਵਾਂ ਕਰ ਰਿਹਾ ਹੈ, ਅਸੀਂ ਇੰਜ ਕਿਸੇ ਕੋਲੋਂ ਨਾ ਦਾਨ ਲੈਂਦੇ ਹਾਂ ਤੇ ਨਾ ਹੀ ਹੋਰਾਂ ਪਾਸੋਂ ਉਗਰਾਹੀ ਕਰਦੇ ਹਾਂ। ਪਰ ਜਦ ਉਹ ਬੀਬੀ ਬਹੁਤ ਜੋਰ ਪਾਉਣ ਲੱਗੀ ਤਾਂ ਟਾਂਡਾ ਜੀ ਦੇ ਦੂਜੇ ਸਾਥੀ ਕਸ਼ਮੀਰ ਸਿੰਘ ਸ਼ਾਹੀ ਕਹਿਣ ਲੱਗੇ ਕਿ ਚਲੋ ਬੀਬੀ ਜੀ 'ਟੋਕਨ' ਵਜੋਂ ਇੱਕ ਡਾਲਰ ਦੇ ਦਿਉ ।ਬੀਬੀ ਆਪਣਾ ਪਰਸ ਫਰੋਲਦੀ ਕਹਿੰਦੀ ਕਿ ਇੱਕ ਨਹੀਂ ਚਲੋ ਮੈਂ ਪੰਜ ਡਾਲਰ ਦੇ ਦਿੰਦੀ ਹਾਂ। ਪਰ ਉਸਦੇ ਪਰਸ ਵਿੱਚ ਪੰਜ ਡਾਲਰ ਦਾ ਕੋਈ ਨੋਟ ਹੀ ਨਹੀਂ ਸੀ। ਆਖਰ ਉਸਨੇ ਜਦ ਵੀਹ ਡਾਲਰ ਦਾ ਨੋਟ ਕੱਢ ਕੇ ਇਨ੍ਹਾਂ ਵੱਲ ਵਧਾਇਆ ਤਾਂ ਟਾਂਡਾ ਜੀ ਵਜਦ ਵਿੱਚ ਆ ਕੇ ਕਹਿੰਦੇ ਕਿ ਮੈਡਮ ਵੀਹਾਂ ਦੇ ਨੋਟ ਨਾਲ ਤਾਂ ਸਾਡਾ ਇਤਿਹਾਸਿਕ ਰਿਸ਼ਤਾ ਹੈ ਅਤੇ ਵੀਹਾਂ ਦਾ ਬੜਾ ਉੱਚਾ ਰੁਤਬਾ ਹੈ ਸਾਡੇ ਵਿਰਸੇ ਵਿੱਚ! ਗੁਰੂ ਪਾਤਸ਼ਾਹ ਦੀ ਰਹਿਮਤ ਸਦਕਾ ਤੇਰੇ ਇਹ ਵੀਹ ਡਾਲਰ ਵੀ ਉਸੇ ਸੱਚੇ ਸੌਦੇ ਵਾਲ਼ੀ ਵਿਰਾਸਤ ਵਿੱਚ ਸ਼ਾਮਲ ਕਰ ਲੈਂਦੇ ਹਾਂ। ਉਸ ਮੈਡਮ ਦੇ ਪੁੱਛਣ 'ਤੇ ਜਦੋਂ ਭਾਈ ਟਾਂਡਾ ਨੇ ਉਸ ਨੂੰ ਬਾਲ ਗੁਰੂ ਨਾਨਕ ਵਲੋਂ ਕੀਤੇ ਗਏ ਸੱਚੇ ਸੌਦੇ ਵਾਲ਼ੀ ਸਾਖੀ ਸੁਣਾਈ ਤਾਂ ਉਹ ਬਹੁਤ ਭਾਵੁਕ ਹੋਈ ਅਤੇ ਉਸ ਨੇ ਇਨ੍ਹਾਂ ਤੋਂ ਸਿੱਖ ਧਰਮ ਬਾਰੇ ਹੋਰ ਲਿਟਰੇਚਰ ਦੀ ਵੀ ਮੰਗ ਕੀਤੀ!




ਦੇਖਿਆ ਜਾਵੇ ਤਾਂ ਸਟੇਜਾਂ 'ਤੇ ਕੀਤੇ ਜਾਂਦੇ ਪ੍ਰਚਾਰ ਨਾਲ਼ੋਂ ਹੱਥੀਂ ਸੇਵਾ ਕਰ ਰਹੇ ਨਿਸ਼ਕਾਮ ਸੇਵਕਾਂ ਦੀ ਸੇਵਾ ਜ਼ਿਆਦਾ ਪ੍ਰਭਾਵਸ਼ਾਲੀ ਤੇ ਅਸਰਦਾਰ ਹੋ ਸਕਦੀ ਹੈ।

# ਸਿੱਖ ਪੰਚਾਇਤ ਵੱਲੋਂ ਗੁਰਦੁਆਰਾ ਸਾਹਿਬ ਫਰੀਮੌਂਟ ਦੇ ਬਜ਼ੁਰਗਾਂ ਲਈ ਸ਼ਟਲ ਸੇਵਾ ਸ਼ੁਰੂ

**ਫਰੀਮੌਂਟ/ਏ.ਟੀ. ਨਿਊਜ਼ :**
ਸਿੱਖ ਪੰਚਾਇਤ ਫਰੀਮੌਂਟ ਨੇ ਗੁਰੂ ਨਾਨਕ ਪਾਤਸ਼ਾਹ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਮੌਕੇ ਬਜ਼ੁਰਗਾਂ ਲਈ ਯੂਨੀਅਨ ਸਿਟੀ ਤੋਂ ਗੁਰਦੁਆਰਾ ਸਾਹਿਬ ਫਰੀਮੌਂਟ ਤੱਕ ਇੱਕ ਸ਼ਟਲ ਸਰਵਿਸ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਕਈ ਬਜ਼ੁਰਗ ਖ਼ਾਸ ਕਰ ਬੀਬੀਆਂ ਅਜਿਹੀਆਂ ਹਨ ਜਿਨ੍ਹਾਂ ਕੋਲ ਡ੍ਰਾਈਵਿੰਗ ਲਾਈਸੈਂਸ ਨਹੀਂ ਜਾਂ ਬਹੁਤ ਬਿਰਧ ਹੋਣ ਕਰਕੇ ਕਾਰ ਨਹੀਂ ਚਲਾ ਸਕਦੇ, ਜਿਸ ਕਾਰਨ ਉਹ ਗੁਰਦੁਆਰਾ ਸਾਹਿਬ ਆਉਣ ਤੋਂ ਵਾਂਝੇ ਰਹਿ ਜਾਂਦੇ ਹਨ। ਸਿੱਖ ਪੰਚਾਇਤ ਦੇ ਜਸਜੀਤ ਸਿੰਘ ਨੇ ਕਿਹਾ ਕਿ ਸ਼ਟਲ ਦੇ ਸਟਾਪ ਤੇ ਟਾਈਮ ਟੇਬਲ ਬਜ਼ੁਰਗਾਂ ਨਾਲ ਸਲਾਹ ਕਰਕੇ ਰੱਖ ਲਏ ਜਾਣਗੇ। ਇਸ ਸਬੰਧੀ ਸਿੱਖ ਪੰਚਾਇਤ ਨੇ ਆਉਂਦੇ ਐਤਵਾਰ ਬਜ਼ੁਰਗਾਂ ਨਾਲ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ 3 ਵਜੇ ਮੀਟਿੰਗ ਰੱਖੀ ਹੈ। ਵਧੇਰੀ ਜਾਣਕਾਰੀ ਲਈ 1 (888) 473-7382 'ਤੇ ਸੰਪਰਕ ਕਰ ਸਕਦੇ ਹੋ।




## ਡੇਰਾ ਬਾਬਾ ਨਾਨਕ ਵਿਚ ਡਾਕ ਘਰ ਪਾਸਪੋਰਟ ਸੇਵਾ ਕੇਂਦਰ ਖੁੱਲ੍ਹੇਗਾ

**ਜਲੰਧਰ/ਏ.ਟੀ. ਨਿਊਜ਼ :** ਕੇਂਦਰ ਸਰਕਾਰ ਨੇ ਇਕ ਅਹਿਮ ਫ਼ੈਸਲਾ ਕਰਦਿਆਂ ਕਰਤਾਰਪੁਰ ਸਾਹਿਬ ਜਾਣ ਵਾਲਿਆਂ ਨੂੰ ਪਾਸਪੋਰਟ ਸਹੂਲਤ ਸਬੰਧੀ ਡੇਰਾ ਬਾਬਾ ਨਾਨਕ ਵਿਚ ਡਾਕ ਘਰ ਪਾਸਪੋਰਟ ਸੇਵਾ ਕੇਂਦਰ ਖੋਲ੍ਹਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਕੇਂਦਰ ਵਲੋਂ ਮਿਲੀ ਇਹ ਮਨਜ਼ੂਰੀ ਖੇਤਰੀ ਪਾਸਪੋਰਟ ਦਫ਼ਤਰ ਨੂੰ ਮਿਲ ਗਈ ਹੈ। 1 ਅਕਤੂਬਰ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਵਿਚ ਹੋਈ ਮੀਟਿੰਗ ਵਿਚ ਉਨ੍ਹਾਂ ਨੇ ਕੇਂਦਰੀ ਅਧਿਕਾਰੀਆਂ ਕੋਲ ਮਾਮਲਾ ਉਠਾਉਂਦੇ ਹੋਏ ਇਸ ਜਗ੍ਹਾ 'ਤੇ ਡਾਕ ਘਰ ਪਾਸਪੋਰਟ ਸੇਵਾ ਕੇਂਦਰ ਖੋਲ੍ਹਣ ਲਈ ਕਿਹਾ ਸੀ, ਤਾਂ ਜੋ ਕਰਤਾਰਪੁਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਨੂੰ ਪਾਸਪੋਰਟ ਸਬੰਧੀ ਕਿਸੇ ਤਰਾਂ ਦੀ ਕੋਈ ਪ੍ਰੇਸ਼ਾਨੀ ਨਾ ਆਵੇ। ਵਿਦੇਸ਼ ਮੰਤਰਾਲੇ ਨੇ ਇਸ ਪੋਸਟ ਆਫ਼ਿਸ ਸੇਵਾ ਕੇਂਦਰ ਖੋਲ੍ਹਣ ਦੀ ਮਨਜ਼ੂਰੀ ਦਿੰਦੇ ਹੋਏ 300 ਵਰਗ ਫੁੱਟ ਜਗ੍ਹਾ ਉਪਲਬਧ ਕਰਵਾਉਣ ਲਈ ਕਿਹਾ ਹੈ। ਖੇਤਰੀ ਪਾਸਪੋਰਟ ਅਫ਼ਸਰ ਹਰਮਨਬੀਰ ਸਿੰਘ ਗਿੱਲ ਨੇ ਦੱਸਿਆ ਕਿ ਸੇਵਾ ਕੇਂਦਰ ਖੋਲ੍ਹਣ ਲਈ ਜਗ੍ਹਾ ਲੱਭਣ ਦਾ ਕੰਮ ਸ਼ੁਰੂ ਕਰਨ ਲਈ ਕਹਿ ਦਿੱਤਾ ਗਿਆ ਹੈ।

## ਬ਼ਗਦਾਦੀ ਦੀ ਭੈਣ ਰਸ਼ਮੀਆ ਗ੍ਰਿਫ਼ਤਾਰ

*ਮਿਲ ਸਕਦੀਆਂ ਹਨ ਕਈ ਜਾਣਕਾਰੀਆਂ*

**ਵਾਸ਼ਿੰਗਟਨ/ਏ.ਟੀ. ਨਿਊਜ਼ :** ਅਮਰੀਕੀ ਫ਼ੌਜ ਦੀ ਕਾਰਵਾਈ ਵਿਚ ਮਾਰੇ ਗਏ ਅੱਤਵਾਦੀ ਤੇ ਇਸਲਾਮਿਕ ਸਟੇਟ ਦੇ ਮੁਖੀ ਬ਼ਗਦਾਦੀ ਦੀ ਭੈਣ ਨੂੰ ਤੁਰਕੀ ਦੀ ਫ਼ੌਜ ਨੇ ਉੱਤਰੀ ਸੀਰੀਆ ਦੇ ਕਸਬੇ ਅਜ਼ਾਜ਼ ਤੋਂ ਗ੍ਰਿਫ਼ਤਾਰ ਕੀਤਾ ਹੈ। ਤੁਰਕੀ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਬ਼ਗਦਾਦੀ ਦੀ 65 ਸਾਲਾ ਭੈਣ ਰਸ਼ਮੀਆ ਅਵਾਦ, ਉਸ ਦੇ ਪਤੀ ਤੇ ਨੂੰਹ ਨੂੰ ਸੀਰੀਆ ਦੀ ਸਰਹੱਦ ਨੇੜਿਓਂ ਤੁਰਕੀ ਦੇ ਕੰਟਰੋਲ ਵਾਲੇ ਇਲਾਕੇ ਤੋਂ ਗ੍ਰਿਫ਼ਤਾਰ ਕੀਤਾ ਸੀ। ਜਦੋਂ ਉਸ ਨੂੰ ਫੜਿਆ ਗਿਆ ਤਾਂ ਉਸ ਨਾਲ ਪੰਜ ਬੱਚੇ ਵੀ ਸਨ। ਬ਼ਗਦਾਦੀ ਦੀ ਭੈਣ ਤੋਂ ਖ਼ੁਫੀਆ ਜਾਣਕਾਰੀ ਮਿਲ ਸਕਦੀ ਹੈ।

## ਦਲ ਖਾਲਸਾ ਦੇ ਮੀਤ ਪ੍ਰਧਾਨ ਦਾ ਪਾਸਪੋਰਟ ਜ਼ਬਤ

**ਅੰਮ੍ਰਿਤਸਰ/ਏ.ਟੀ. ਨਿਊਜ਼ :** ਗੁਰਦੁਆਰਾ ਨਾਨਕ ਪਿਆਊ ਸਾਹਿਬ ਦਿੱਲੀ ਤੋਂ ਪਾਕਿ ਲਈ ਨਗਰ ਕੀਰਤਨ ਦੇ ਨਾਲ ਜਾ ਰਹੇ ਦਲ ਖਾਲਸਾ ਦੇ ਮੀਤ ਪ੍ਰਧਾਨ ਹਰਦੀਪ ਸਿੰਘ ਮਹਿਰਾਜ ਨੂੰ ਇਮੀਗ੍ਰੇਸ਼ਨ ਵਿਭਾਗ ਨੇ ਜਾਣ ਤੋਂ ਰੋਕਿਆ ਅਤੇ ਪਾਸਪੋਰਟ ਜ਼ਬਤ ਕਰ ਲਿਆ। ਹਰਦੀਪ ਸਿੰਘ ਨੂੰ ਅਟਾਰੀ ਸਰਹੱਦ ਵਿਖੇ ਇਮੀਗ੍ਰੇਸ਼ਨ ਵਿਭਾਗ ਨੇ ਕਿਹਾ ਕਿ ਪੰਜ ਦਿਨਾਂ ਬਾਅਦ ਚੰਡੀਗੜ੍ਹ ਪਾਸਪੋਰਟ ਦਫ਼ਤਰ ਹਾਜ਼ਰ ਹੋਣ।




# ਸਿੱਖਾਂ ਦੀਆਂ ਕੁਰਬਾਨੀਆਂ ਲਈ ਅਮਰੀਕੀ ਸੰਸਦ ਵਿਚ ਮਤਾ ਪੇਸ਼

**ਵਾਸ਼ਿੰਗਟਨ/ਏ.ਟੀ. ਨਿਊਜ਼ :** ਅਮਰੀਕਾ ਵਿਚ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਸਿੱਖ ਭਾਈਚਾਰੇ ਦੇ ਯੋਗਦਾਨ ਤੇ ਕੁਰਬਾਨੀਆਂ ਦੀ ਸ਼ਲਾਘਾ ਲਈ ਅਮਰੀਕੀ ਸੰਸਦ ਵਿਚ ਮਤਾ ਪੇਸ਼ ਕੀਤਾ ਗਿਆ ਹੈ। ਸਦਨ ਵਿਚ ਸੀਨੇਟਰ ਟਾਡ ਯੰਗ ਅਤੇ ਬੇਨ ਕਾਰਡਿਨ ਵੱਲੋਂ ਪੇਸ਼ ਕਿਤੇ ਗਏ ਮਤਿਆਂ ਵਿਚੋਂ ਇੱਕ ਵਿੱਚ 12 ਨਵੰਬਰ ਨੂੰ ਗੁਰੂ ਨਾਨਕ ਦੇਵ ਜੀ ਦੀ 550ਵੇਂ ਪ੍ਰਕਾਸ਼ ਪੁਰਬ ਦੇ ਇਤਿਹਾਸਿਕ, ਸਭਿਆਚਾਰਕ ਤੇ ਧਾਰਮਿਕ ਮਹੱਤਵ ਦੀ ਚਰਚਾ ਕੀਤੀ ਗਈ ਹੈ। ਟਾਡ ਯੰਗ ਨੇ ਕਿਹਾ, 'ਇਹ ਮਤਾ ਅਮਰੀਕੀ ਸਿੱਖਾਂ ਦਾ ਸਨਮਾਨ ਕਰਦਾ ਹੈ, ਜੋ ਸਾਡੇ ਦੇਸ਼ ਦੀ ਸਭਿਆਚਾਰ ਤੇ ਵਿਭਿੰਨਤਾ ਦਾ ਇੱਕ ਅਹਿਮ ਹਿੱਸਾ ਹਨ। ਉਨ੍ਹਾਂ ਕਿਹਾ ਅਮਰੀਕਾ ਦੇ ਇੰਡੀਆਨਾ ਵਿੱਚ 10,000 ਤੋਂ ਜ਼ਿਆਦਾ ਸਿੱਖ ਵਸਦੇ ਹਨ ਤੇ ਮੈਂ ਉਨ੍ਹਾਂ ਦੇ ਸਨਮਾਨ ਵਿੱਚ ਪਹਿਲਾ ਮਤਾ ਪੇਸ਼ ਕਰਦਿਆਂ ਮਾਣ ਮਹਿਸੂਸ ਕਰ ਰਿਹਾ ਹਾਂ। ਮਤੇ ਵਿੱਚ ਅਮਰੀਕਾ ਅਤੇ ਦੁਨੀਆ ਭਰ ਵਿੱਚ ਵਸਦੇ ਸਿੱਖਾਂ ਦੇ ਨਾਲ ਹੋ ਰਹੇ ਭੇਦਭਾਵ ਦਾ ਵੀ ਜ਼ਿਕਰ ਕੀਤਾ ਗਿਆ। ਜਦਕਿ ਕਾਰਡਿਨ ਨੇ ਸਿੱਖਾਂ ਦੇ ਸਮਾਜਿਕ, ਸਭਿਆਚਾਰਕ ਤੇ ਆਰਥਿਕ ਖੇਤਰ ਵਿਚ ਯੋਗਦਾਨ ਤੇ ਨਸਲੀ ਤੇ ਧਾਰਮਿਕ ਵਿਤਕਰੇ ਖਿਲਾਫ ਖੜ੍ਹੇ ਹੋਣ ਦੇ ਉਨ੍ਹਾਂ ਦੀ ਹਿੰਮਤ ਦੀ ਸ਼ਲਾਘਾ ਵੀ ਕੀਤੀ। ਮਤੇ ਵਿਚ ਚਾਰ ਮਹਾਨ ਸਿੱਖਾਂ ਦਾ ਜਿਕਰ ਅਮਰੀਕੀ ਸੀਨੇਟਰ ਨੇ ਆਪਣੇ ਮਤੇ ਵਿਚ ਚਾਰ ਮਹਾਨ ਸਿੱਖਾਂ ਦਾ ਅਮਰੀਕਾ ਵਿਚ ਯੋਗਦਾਨ ਦਾ ਜ਼ਿਕਰ ਵੀ ਕੀਤਾ ਗਿਆ ਹੈ। ਇਨ੍ਹਾਂ ਵਿੱਚ ਪਹਿਲੇ ਏਸ਼ੀਆਈ ਅਮਰੀਕੀ ਸੰਸਦ ਸਿੱਖ ਮੈਂਬਰ ਦਲੀਪ ਸਿੰਘ, ਜਿਨ੍ਹਾਂ ਨੂੰ 1957 ਵਿੱਚ ਚੁਣਿਆ ਗਿਆ ਸੀ। ਫਾਈਬਰ ਆਪਟਿਕਲ ਦੇ ਖੋਜੀ ਡਾ. ਨਰਿੰਦਰ ਕਪਾਨੀ , ਅਮਰੀਕਾ ਵਿੱਚ ਸਭ ਤੋਂ ਵੱਡੇ ਆੜੂ ਦੇ ਉਤਪਾਦਕ ਦੀਦਾਰ ਸਿੰਘ ਬੈਂਸ ਤੇ ਪ੍ਰਸਿੱਧ 'ਰੋਜ਼ਾ ਪਾਰਕਸ ਟ੍ਰੈਬਲੇਜ਼ਰ' ਐਵਾਰਡ ਜੇਤੂ ਗੁਰਿੰਦਰ ਸਿੰਘ ਖਾਲਸਾ ਸ਼ਾਮਿਲ ਹਨ। ਉੱਥੇ ਹੀ ਵਿਸ਼ਵ ਯੁੱਧ ਦੌਰਾਨ ਅਮਰੀਕਾ ਨੂੰ ਆਪਣੀ ਸੇਵਾ ਦੇਣ ਵਾਲੇ ਭਗਤ ਸਿੰਘ ਥਿੰਦ ਦੀ ਵੀ ਇਸ ਮਤੇ ਵਿਚ ਸ਼ਲਾਘਾ ਕੀਤੀ ਗਈ ਹੈ।

# 'ਸੰਘ ਬਣਿਆ ਅਯੁੱਧਿਆ ਸਮਝੌਤਾ' 'ਚ ਅੜਿੱਕਾ

*ਰਿਟਾਇਰਡ ਆਈ ਏ ਐੱਸ ਅਫਸਰ ਦੇ ਹਵਾਲੇ ਨਾਲ ਦਾਅਵਾ ਕੀਤਾ*

**ਨਵੀਂ ਦਿੱਲੀ/ਏ.ਟੀ. ਨਿਊਜ਼ :** ਇਕ ਪੱਤਰਕਾਰ ਸ਼ੀਤਲ ਪੀ ਸਿੰਘ ਜਿਹੜੇ ਸਤਿਅ ਹਿੰਦੀ ਡਾਟ ਕਾਮ ਲਈ ਕੰਮ ਕਰਦੇ ਹਨ, ਨੇ ਰਿਟਾਇਰਡ ਆਈ ਏ ਐੱਸ ਅਫਸਰ ਐੱਸ ਪੀ ਸਿੰਘ ਦੇ ਹਵਾਲੇ ਨਾਲ ਦਾਅਵਾ ਕੀਤਾ ਹੈ ਕਿ ਸੰਘ ਪਰਿਵਾਰ ਅਯੁੱਧਿਆ ਵਿਚ ਰਾਮ ਮੰਦਰ ਨਹੀਂ ਬਣਾਉਣਾ ਚਾਹੁੰਦਾ। ਉਹ 1982 ਬੈਚ ਦੇ ਅਫਸਰ ਰਹੇ ਹਨ। ਆਰ ਐੱਸ ਐੱਸ ਆਗੂ ਕ੍ਰਿਸ਼ਨ ਗੋਪਾਲ ਮੁਤਾਬਕ ਸੰਘ ਨਹੀਂ ਚਾਹੁੰਦਾ ਕਿ ਅਯੁੱਧਿਆ ਵਿਚ ਰਾਮ ਮੰਦਰ ਬਣੇ ਸਗੋਂ ਉਹ ਇਸ ਮੁੱਦੇ ਨੂੰ ਹਿੰਦੂ ਸਵਾਭਿਮਾਨ ਤੇ ਭਾਜਪਾ ਨੂੰ ਫਾਇਦਾ ਪਹੁੰਚਾਉਣ ਲਈ ਕੈਸ਼ ਕਰ ਰਿਹਾ ਹੈ। ਕ੍ਰਿਸ਼ਨ ਗੋਪਾਲ ਨੇ ਇਹ ਗੱਲ ਬੀਤੇ ਦਿਨੀਂ ਭਾਜਪਾ ਵਿਚ ਸ਼ਾਮਲ ਹੋਏ ਐੱਸ ਪੀ ਸਿੰਘ ਨੂੰ ਕਹੀ ਸੀ। ਐੱਸ ਪੀ ਸਿੰਘ ਰਾਮ ਮੰਦਰ ਮਾਮਲੇ ਵਿਚ ਵਿਚੋਲਗੀ ਪੈਨਲ ਵਿਚ ਸ਼ਾਮਲ ਸ੍ਰੀ ਸ੍ਰੀ ਰਵੀਸ਼ੰਕਰ ਨਾਲ ਜੁੜੇ ਰਹੇ ਹਨ। ਇਸ ਦੇ ਨਾਲ ਹੀ ਉਹ ਸੰਘ ਤੇ ਉਸ ਨਾਲ ਜੁੜੇ ਸੰਗਠਨਾਂ ਨਾਲ ਵੀ ਜੁੜੇ ਰਹੇ ਹਨ। ਉਨ੍ਹਾ ਅਯੁੱਧਿਆ-ਬਾਬਰੀ ਜ਼ਮੀਨ ਵਿਵਾਦ ਨੂੰ ਸੁਲਝਾਉਣ ਲਈ ਸੁਪਰੀਮ ਕੋਰਟ ਵੱਲੋਂ ਬਣਾਏ ਗਏ ਵਿਚੋਲਗੀ ਪੈਨਲ ਨਾਲ ਗੱਲਬਾਤ ਕਰਨ ਵਾਲੀਆਂ ਤਿੰਨਾਂ ਧਿਰਾਂ ਦੀ ਗੱਲਬਾਤ ਵੀ ਸਾਂਝੀ ਕੀਤੀ। ਐੱਸ ਪੀ ਸਿੰਘ ਨੇ ਦੱਸਿਆ ਕਿ ਤਿੰਨਾਂ ਧਿਰਾਂ ਦਾ ਸਮਝੌਤਾ ਲੱਗਭੱਗ ਹੋ ਗਿਆ ਸੀ ਅਤੇ ਉਹ ਸਾਂਝੀ ਪ੍ਰੈੱਸ ਕਾਨਫਰੰਸ ਕਰਕੇ ਐਲਾਨ ਕਰਨ ਵਾਲੀਆਂ ਸਨ, ਪਰ ਇਕ ਧਿਰ ਨੇ ਅਚਾਨਕ ਰੁਖ ਬਦਲ ਲਿਆ। ਇਹ ਹੋਰ ਕੋਈ ਨਹੀਂ, ਸਗੋਂ ਕ੍ਰਿਸ਼ਨ ਗੋਪਾਲ ਸਨ। ਐੱਸ ਪੀ ਸਿੰਘ ਮੁਤਾਬਕ ਕ੍ਰਿਸ਼ਨ ਗੋਪਾਲ ਨੇ ਪਿੱਛੇ ਹਟਣ ਦਾ ਕਾਰਨ ਦੱਸਦਿਆਂ ਕਿਹਾ, "ਸਾਨੂੰ ਮੰਦਰ ਨਹੀਂ ਚਾਹੀਦਾ, ਕਿਉਂਕਿ ਰਾਮ ਤਾਂ ਕਣ-ਕਣ ਵਿਚ ਹਨ। ਸਾਨੂੰ ਹੋਰ ਕੁਝ ਨਹੀਂ ਸਗੋਂ ਹਿੰਦੂ ਸਵਾਭਿਮਾਨ ਚਾਹੀਦਾ। ਜਿਵੇਂ ਬਾਬਰ ਨੇ ਹਿੰਦੂਆਂ ਤੋਂ ਮੰਦਰ ਖੋਹਿਆ ਸੀ, ਅਸੀਂ ਵੀ ਉਂਜ ਹੀ ਖੋਹਣਾ ਹੈ।"



*ਮਾਮਲਾ ਗਊ ਤਸਕਰੀ ਦੇ ਦੋਸ਼ਾਂ ਦਾ*

# ਹਾਈਕੋਰਟ ਵਲੋਂ ਪਹਿਲੂ ਖਾਨ ਤੇ ਬੇਟਿਆਂ ਖਿਲਾਫ ਐੱਫ ਆਈ ਆਰ ਰੱਦ ਕਰਨ ਦੇ ਹੁਕਮ

**ਜੈਪੁਰ/ਏ.ਟੀ. ਨਿਊਜ਼ :** ਹਾਈ ਕੋਰਟ ਨੇ ਮੌਬ ਲਿੰਚਿੰਗ ਦੇ ਸ਼ਿਕਾਰ ਹੋਏ ਪਹਿਲੂ ਖਾਨ, ਉਸ ਦੇ ਦੋ ਬੇਟਿਆਂ ਤੇ ਪਿਕਅਪ ਡਰਾਈਵਰ ਖਿਲਾਫ ਦਰਜ ਐੱਫ ਆਈ ਆਰ ਰੱਦ ਕਰਨ ਦਾ ਹੁਕਮ ਦਿੱਤਾ ਹੈ। ਪੁਲਸ ਨੇ ਪਹਿਲੂ ਖਾਨ 'ਤੇ ਹਮਲਾ ਕਰਨ ਵਾਲਿਆਂ 'ਤੇ ਕਤਲ ਕੇਸ ਦਰਜ ਕਰਨ ਦੇ ਨਾਲ-ਨਾਲ ਪਹਿਲੂ ਖਾਨ, ਉਸ ਦੇ ਬੇਟਿਆਂ ਤੇ ਪਿਕਅਪ ਡਰਾਈਵਰ ਖਿਲਾਫ ਗਊਵੰਸ਼ ਦੀ ਤਸਕਰੀ ਦਾ ਮਾਮਲਾ ਵੀ ਦਰਜ ਕੀਤਾ ਸੀ। ਉਹ ਇਸ ਸੰਬੰਧ ਵਿਚ ਚਾਰਜਸ਼ੀਟ ਵੀ ਦਾਖਲ ਕਰ ਚੁੱਕੀ ਹੈ। 2017 ਵਿਚ ਭੀੜ ਨੇ ਗਊ ਤਸਕਰੀ ਦੇ ਸ਼ੱਕ ਵਿਚ ਪਹਿਲੂ ਖਾਨ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਹਰਿਆਣਾ ਦੇ ਨੂੰਹ ਦਾ ਪਹਿਲੂ ਖਾਨ ਇਕ ਅਪ੍ਰੈਲ ਨੂੰ ਜੈਪੁਰ ਤੋਂ ਦੋ ਗਊਆਂ ਖਰੀਦ ਕੇ ਘਰ ਜਾ ਰਿਹਾ ਸੀ ਕਿ ਸ਼ਾਮ ਕਰੀਬ 7 ਵਜੇ ਭੀੜ ਨੇ ਬਹਿਰੋੜ ਵਿਖੇ ਰੋਕ ਲਿਆ ਤੇ ਹਮਲਾ ਕਰ ਦਿੱਤਾ। ਪਹਿਲੂ ਖਾਨ ਦੀ ਇਲਾਜ ਦੇ ਦੌਰਾਨ ਮੌਤ ਹੋ ਗਈ ਸੀ। ਹਾਈ ਕੋਰਟ ਦੇ ਜਸਟਿਸ ਪੰਕਜ ਭੰਡਾਰੀ ਨੇ ਕਿਹਾ ਕਿ ਅਜਿਹਾ ਕੋਈ ਸਬੂਤ ਨਹੀਂ, ਜੋ ਦਿਖਾਉਂਦਾ ਹੋਵੇ ਕਿ ਗਊਆਂ ਕਤਲ ਕਰਨ ਲਈ ਢੋਈਆਂ ਜਾ ਰਹੀਆਂ ਸਨ। ਕਾਗਜ਼ਾਂ ਤੋਂ ਸਾਫ ਹੈ ਕਿ ਪਹਿਲੂ ਖਾਨ ਡੇਅਰੀ ਲਈ ਗਊਆਂ ਖਰੀਦ ਕੇ ਲਿਜਾ ਰਿਹਾ ਸੀ। ਐੱਫ ਆਈ ਆਰ ਦੇ ਖਿਲਾਫ ਪਹਿਲੂ ਖਾਨ ਦੇ ਦੋਹਾਂ ਬੇਟਿਆਂ ਤੇ ਡਰਾਈਵਰ ਨੇ ਪਟੀਸ਼ਨ ਪਾਈ ਸੀ। ਅਲਵਰ ਦੀ ਕੋਰਟ ਨੇ ਹਮਲਾ ਕਰਨ ਵਾਲੇ ਸਾਰੇ 6 ਜਣੇ 14 ਅਗਸਤ ਨੂੰ ਬਰੀ ਕਰ ਦਿੱਤੇ ਸਨ। ਰਾਜਸਥਾਨ ਸਰਕਾਰ ਨੇ ਇਸ ਵਿਰੁੱਧ ਹਾਈ ਕੋਰਟ ਵਿਚ ਅਪੀਲ ਕੀਤੀ ਹੋਈ ਹੈ।



# ਪਾਕਿਸਤਾਨ ਨੇ ਜੰਮੂ ਕਸ਼ਮੀਰ ਦਾ ਨਵਾਂ ਨਕਸ਼ਾ ਕੀਤਾ ਰੱਦ

**ਇਸਲਾਮਾਬਾਦ/ਏ.ਟੀ. ਨਿਊਜ਼ :** ਪਾਕਿਸਤਾਨ ਨੇ ਭਾਰਤ ਵੱਲੋਂ ਤਾਜ਼ਾ ਰਿਲੀਜ਼ ਕੀਤੇ ਰਾਜਨੀਤਕ ਨਕਸ਼ੇ ਦਾ ਵਿਰੋਧ ਕੀਤਾ ਹੈ, ਜਿਸ ਵਿਚ ਪੂਰੇ ਕਸ਼ਮੀਰ ਖਿੱਤੇ ਨੂੰ ਭਾਰਤ ਦਾ ਹਿੱਸਾ ਦਿਖਾਇਆ ਗਿਆ ਹੈ। ਪਾਕਿ ਨੇ ਇਸ ਨਕਸ਼ੇ ਨੂੰ 'ਖ਼ਾਮੀਆਂ ਭਰਪੂਰ ਤੇ ਕਾਨੂੰਨੀ ਤੌਰ 'ਤੇ ਨਾ-ਮੰਨਣਯੋਗ' ਦੱਸਿਆ ਹੈ। ਭਾਰਤ ਨੇ ਸ਼ਨਿਚਰਵਾਰ ਨੂੰ ਨਵੇਂ ਕਾਇਮ ਕੇਂਦਰ ਸ਼ਾਸਿਤ ਪ੍ਰਦੇਸ਼ (ਯੂਟੀਜ਼) ਜੰਮੂ ਕਸ਼ਮੀਰ ਤੇ ਲੱਦਾਖ ਦੇ ਨਵੇਂ ਨਕਸ਼ੇ ਜਾਰੀ ਕੀਤੇ ਹਨ। ਮੁਲਕ ਦੇ ਜਾਰੀ ਕੀਤੇ ਗਏ ਨਕਸ਼ੇ ਵਿਚ ਇਨ੍ਹਾਂ ਨੂੰ ਹੁਣ ਯੂਟੀ ਦਰਸਾਇਆ ਗਿਆ ਹੈ। ਨਕਸ਼ਿਆਂ ਦੇ ਵਿਚ ਮਕਬੂਜ਼ਾ ਕਸ਼ਮੀਰ (ਪੀਓਕੇ) ਨੂੰ ਜੰਮੂ ਕਸ਼ਮੀਰ ਯੂਟੀ ਦਾ ਹਿੱਸਾ ਦਰਸਾਇਆ ਗਿਆ ਹੈ ਜਦਕਿ ਗਿਲਗਿਤ-ਬਾਲਟਿਸਤਾਨ ਨੂੰ ਲੱਦਾਖ ਯੂਟੀ ਦਾ ਹਿੱਸਾ ਦਰਸਾਇਆ ਗਿਆ ਹੈ। ਪਾਕਿ ਵਿਦੇਸ਼ ਮੰਤਰਾਲੇ ਨੇ ਇਕ ਬਿਆਨ ਜਾਰੀ ਕਰ ਕੇ ਇਨ੍ਹਾਂ ਨਕਸ਼ਿਆਂ ਨੂੰ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੇ ਮਤੇ ਦੀ ਉਲੰਘਣਾ ਦੱਸਿਆ ਹੈ।

# ਭਾਰਤ 'ਤੇ ਲਸ਼ਕਰ-ਏ-ਤਾਇਬਾ ਅਤੇ ਜੈਸ਼-ਏ-ਮੁਹੰਮਦ ਕਰ ਸਕਦੈ ਜਿਹਾਦੀ ਹਮਲਾ

*ਅਮਰੀਕੀ ਵਿਦੇਸ਼ ਮੰਤਰਾਲੇ ਨੇ ਪ੍ਰਗਟਾਇਆ ਖਦਸ਼ਾ*

**ਨਵੀਂ ਦਿੱਲੀ/ਏ.ਟੀ. ਨਿਊਜ਼ :** ਲਸ਼ਕਰ-ਏ-ਤਾਇਬਾ ਤੇ ਜੈਸ਼ੇ-ਮੁਹੰਮਦ ਵਰਗੀਆਂ ਪਾਕਿ ਦੀਆਂ ਜਿਹਾਦੀ ਜਮਾਤਾਂ ਤੋਂ ਭਾਰਤ 'ਤੇ ਹਮਲੇ ਦਾ ਖ਼ਤਰਾ ਬਣਿਆ ਹੋਇਆ ਹੈ। ਇਹ ਗੱਲ ਅਮਰੀਕਾ ਦੇ ਵਿਦੇਸ਼ ਮੰਤਰਾਲੇ ਦੀ ਰਿਪੋਰਟ ਵਿਚ ਕਹੀ। ਰਿਪੋਰਟ ਵਿਚ ਲਸ਼ਕਰ ਨਾਲ ਜੁੜੇ ਕੱਟੜਪੰਥੀਆਂ ਦੇ ਪਾਕਿ ਵਿਚ ਚੋਣ ਲੜਨ ਨੂੰ ਲੈ ਕੇ ਉਥੋਂ ਦੇ ਸਰਕਾਰੀ ਤੰਤਰ ਦੀ ਨਿੰਦਾ ਕੀਤੀ। ਪਾਕਿ ਵਿਚ ਅਧਿਕਾਰੀ ਫਾਈਨੈਂਸ਼ੀਅਲ ਐਕਸ਼ਨ ਟਾਸਕ ਫੋਰਸ ਦੇ ਦਿਸ਼ਾ-ਨਿਰਦੇਸ਼ਾਂ ਨੂੰ ਲਾਗੂ ਕਰਨ ਵਿਚ ਨਾਕਾਮਯਾਬ ਹਨ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਸਿੱਖ ਵਿਦਵਾਨਾਂ ਨੇ ਖੁੱਲ੍ਹੇ ਲਾਂਘੇ ਬਾਰੇ ਫੀਸ ਨੂੰ ਜਾਇਜ਼ ਠਹਿਰਾਇਆ

- **ਬਾਦਲਾਂ ਦੇ ਬਿਆਨ ਲਾਂਘਾ ਬੰਦ ਕਰਵਾਉਣ ਦੇ ਯਤਨ : ਭੌਰ**
- **ਦੱਖਣੀ ਏਸ਼ੀਆ ਦੀ ਸ਼ਾਂਤੀ ਦਾ ਆਧਾਰ ਬਣੇਗਾ ਖੁੱਲ੍ਹਾ ਲਾਂਘਾ : ਬਲਵਿੰਦਰਪਾਲ ਸਿੰਘ**

**ਨਵਾਂਸ਼ਹਿਰ//ਏ.ਟੀ. ਨਿਊਜ਼ :**

ਰਾਹੋਂ (ਨਵਾਸ਼ਹਿਰ) ਵਿਖੇ ਗੁਰੂ ਨਾਨਕ ਸਾਹਿਬ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਜਥੇਦਾਰ ਸੁਖਦੇਵ ਸਿੰਘ ਭੌਰ ਸਾਬਕਾ ਐਕਟਿੰਗ,ਪ੍ਰਧਾਨ ਸ਼੍ਰੋਮਣੀ ਕਮੇਟੀ, ਪ੍ਰੋ ਬਲਵਿੰਦਰ ਪਾਲ ਸਿੰਘ, ਸਿਖ ਚਿੰਤਕ ਭਾਈ ਮਨਧੀਰ ਸਿੰਘ ਪ੍ਰਿੰਸੀਪਲ ਮਨਜੀਤ ਕੌਰ , ਜਥੇਦਾਰ ਬਹਾਦਰ ਸਿੰਘ ਰਾਹੋ ਅਤੇ ਸਾਹਿਬ ਸਿੰਘ ਆਰਟਿਸਟ ਅਤੇ ਹੋਰ ਪੰਥ ਦੇ ਵਿਦਵਾਨਾਂ ਨੇ ਹਿੱਸਾ ਲਿਆ...।

ਸ. ਸੁਖਦੇਵ ਸਿੰਘ ਭੌਰ ਨੇ ਇਸ ਮੌਕੇ ਕਿਹਾ ਕਿ ਕੈਪਟਨ ਸਰਕਾਰ ਨੂੰ ਖੁੱਲ੍ਹੇ ਲਾਂਘੇ ਬਾਰੇ ਰਾਸ਼ਟਰਵਾਦੀ ਬਿਆਨ ਦੇਣ ਤੋਂ ਬਚਣਾ ਚਾਹੀਦਾ ਹੈ। ਗੁਰੂ ਨਾਨਕ ਲਾਂਘਾ ਇਸ ਖੱਟਾਸ ਤੇ ਨਫ਼ਰਤ ਨੂੰ ਘਟਾਉਣ ਦਾ ਵੱਡਾ ਸੋਮਾ ਬਣ ਸਕਦਾ ਹੈ। 20 ਡਾਲਰ ਪ੍ਰਤੀ ਸ਼ਰਧਾਲੂ ਤੋਂ ਫੀਸ ਲੈਣ 'ਤੇ ਬਾਦਲ ਦਲ ਤੇ ਕਾਂਗਰਸ ਲੀਡਰ ਹੰਗਾਮਾ ਖੜਾ ਕਰ ਰਹੇ ਹਨ, ਉਹ ਗਲਤ ਹੈ। ਬੀਬੀ ਹਰਸਿਮਰਤ ਕੌਰ ਬਾਦਲ ਵਲੋਂ ਇਸ ਨੂੰ 'ਜਜ਼ੀਆ' ਤੱਕ ਕਹਿ ਦੇਣਾ ਗੈਰ ਸਿਧਾਂਤਕ ਕਾਰਵਾਈ ਹੈ। ਭਾਰਤ ਵਿਚ ਵੱਡੇ ਅਤੇ ਪ੍ਰਮੁੱਖ ਮੰਦਰ 'ਵਿਸ਼ੇਸ਼ ਦਰਸ਼ਨ' ਜਾਂ 'ਛੇਤੀ ਦਰਸ਼ਨ' ਦੀ ਮੋਟੀ ਫੀਸ ਲੈਂਦੇ ਹਨ, ਜਿਸ ਨੂੰ ਸ਼ਰਧਾਲੂ ਬਿਨਾਂ ਕਿਸੇ ਸ਼ਿਕਾਇਤ ਤੋਂ ਅਦਾ ਕਰਦੇ ਹਨ। ਮਾਨਸਰੋਵਰ ਝੀਲ ਜਾਣ ਵਾਲੇ ਸ਼ਰਧਾਲੂਆਂ ਤੋਂ ਚੀਨ ਫੀਸ ਲੈਂਦਾ ਹੈ ਅਤੇ ਭਾਰਤ ਨੇ ਇਸ 'ਤੇ ਕਦੀਂ ਇਤਰਾਜ਼ ਨਹੀਂ ਕੀਤਾ। ਉਸ ਸਮੇਂ ਵੀ ਨਹੀਂ, ਜਦੋਂ ਕੁਝ ਸਾਲ ਪਹਿਲਾਂ ਫੀਸ ਵਿਚ ਵਾਧਾ ਕੀਤਾ ਗਿਆ ਸੀ। ਹੱਜ 'ਤੇ ਜਾਣ ਵਾਲੇ ਸ਼ਰਧਾਲੂਆਂ ਤੋਂ ਵੀ ਸਾਊਦੀ ਅਰਬ ਫੀਸ ਲੈਂਦਾ ਹੈ, ਇਸ 'ਤੇ ਵੀ ਨਵੀਂ ਦਿੱਲੀ ਨੇ ਕਦੀ ਇਤਰਾਜ਼ ਨਹੀਂ ਕੀਤਾ। ਹੁਣ ਭਾਜਪਾ ਦੇ ਮੰਤਰੀ ਹਰਸਿਮਰਤ ਕੌਰ ਬਾਦਲ ਅਜਿਹੇ ਬਿਆਨ ਕਿਸ ਆਧਾਰ 'ਤੇ ਦੇ ਰਹੇ ਹਨ? ਇਹ ਬਿਆਨ ਲਾਂਘਾ ਬੰਦ ਕਰਵਾਉਣ ਦੇ ਯਤਨ ਹਨ।

ਪ੍ਰੋ. ਬਲਵਿੰਦਰ ਪਾਲ ਸਿੰਘ ਨੇ ਕਿਹਾ ਕਿ ਗੁਰੂ ਨਾਨਕ ਦਾ ਧਰਮ ਯੁਧ, ਗੁਲਾਮੀ ਤੇ ਨਸਲਵਾਦ ਵਿਰੁਧ ਸੀ ਉਹ ਸੱਚ ਦਾ ਰਾਜ ਸਥਾਪਿਤ ਕਰਨਾ ਚਾਹੁੰਦੇ ਸਨ। ਬਾਬਰ ਵਿਰੁਧ ਬਗਾਵਤ ਦਾ ਗੁਰੂ ਸਾਹਿਬ ਦਾ ਉਦੇਸ਼ ਨੇਸ਼ਨ ਸਟੇਟ ਦਾ ਵਿਰੋਧ ਸੀ ਜਿਸ ਦੀਆ ਜੜਾਂ ਨਸਲਵਾਦ ਤੇ ਫਾਸ਼ੀਵਾਦ ਵਿਚ ਸਨ। ਗੁਰੂ ਨਾਨਕ ਦੀ ਸਿਰਜਣਾ ਦਾ ਆਧਾਰ ਗੁਰਮੁਖ ਸੀ। ਇਸੇ ਕਾਰਣ ਗੁਰੂ ਨਾਨਕ ਸਾਹਿਬ ਨੇ ਨਿਰਮਲ ਪੰਥ ਚਲਾਇਆ। ਅਜੋਕੇ ਦੌਰ ਵਿਚ ਸਾਡੇ ਅਗੇ ਵਡਾ ਸੁਆਲ ਹੈ ਜਦੋ ਸਾਡੀਆਂ ਸੰਸਥਾਵਾ ਤੇ ਪੰਥਕ ਪ੍ਰੰਪਰਾਵਾਂ ਭ੍ਰਿਸ਼ਟ ਸਿਖ ਲੀਡਰਸ਼ਿਪ ਕਰਕੇ ਤਬਾਹ ਹੋ ਰਹੀਆਂ ਹਨ ਤਾਂ ਗੁਰੂ ਨਾਨਕ ਪੰਥ ਨੂੰ ਕੀ ਨੀਤੀ ਅਪਨਾਉਣ ਦੀ ਲੋੜ ਹੈ ਤਾਂ ਜੋ ਗੁਰੂ ਨਾਨਕ ਪੰਥ ਦੀ ਸ਼ੁੱਧਤਾ ਕਾਇਮ ਰਖੀ ਜਾਵੇ। ਉਨ੍ਹਾਂ ਕਿਹਾ ਕਿ ਕਰਤਾਰਪੁਰ ਸਮਝੌਤਾ ਵੀ ਏਨਾ ਹੀ ਸ਼ਕਤੀਸ਼ਾਲੀ ਰਹੇਗਾ ਕਿ ਭਾਰਤ-ਪਾਕਿ ਦੀ ਦੋਸਤੀ ਤੇ ਦੱਖਣੀ ਏਸ਼ੀਆ ਦੀ ਸ਼ਾਂਤੀ ਦਾ ਆਧਾਰ ਬਣੇਗਾ। ਇਹ ਖੁੱਲ੍ਹਾ ਲਾਂਘਾ ਤੇ ਗੁਰੂ ਨਾਨਕ ਦਾ 550 ਸਾਲਾ ਖਾਲਸਾ ਪੰਥ ਲਈ ਸ਼ੁਭ ਪਲ ਹੈ ਤੇ ਇਸ ਦੀ ਪਾਵਨਤਾ ਨੂੰ ਸਿਆਸਤਦਾਨਾਂ ਵਲੋਂ ਮੈਲਾ ਨਹੀਂ ਕਰਨਾ ਚਾਹੀਦਾ। ਕਸ਼ਮੀਰ ਮਸਲੇ ਬਾਰੇ ਕਿਹਾ ਕਿ 14 ਲੱਖ ਫੌਜ ਲਗਾ ਕੇ ਲੋਕਾਂ ਦੀ ਅਜ਼ਾਦੀ ਨੂੰ ਕਸ਼ਮੀਰ 'ਚ ਦਬਾਇਆ ਜਾ ਰਿਹਾ ਹੈ। ਦੂਸਰੇ ਪਾਸੇ ਦਲਿਤਾਂ ਤੇ ਮੁਸਲਮਾਨਾਂ ਵਿਰੁੱਧ ਮੌਬ ਲਿਚਿੰਗ ਕੀਤੀ ਜਾ ਰਹੀ ਹੈ।




ਸਿਖ ਚਿੰਤਕ ਭਾਈ ਮਨਧੀਰ ਸਿੰਘ ਨੇ ਕਿਹਾ ਕਿ ਕਰਤਾਰਪੁਰ ਸਾਹਿਬ ਲਾਂਘੇ ਦੀ ਸ਼ੁਰੂਆਤ ਲਈ ਦੌਰ ਸ਼ੁਰੂ ਹੋ ਗਿਆ ਹੈ ਤੇ ਇਸ ਸਬੰਧੀ ਭਾਰਤ ਤੇ ਪਾਕਿਸਤਾਨ ਦਰਮਿਆਨ ਇਕਰਾਰਨਾਮਾ ਸਹੀਬੰਦ ਹੋ ਗਿਆ ਹੈ। ਉਮੀਦ ਹੈ ਕਿ ਇਹ ਕੌਰੀਡੋਰ ਦੋਵਾਂ ਮੁਲਕਾਂ ਦਰਮਿਆਨ 70 ਸਾਲਾਂ ਤੋਂ ਚੱਲ ਰਹੇ ਮਾੜੇ ਰਿਸ਼ਤਿਆਂ ਨੂੰ ਸੁਧਾਰਨ ਵਿਚ ਸਹਾਈ ਹੋਵੇਗਾ, ਕਿਉਂਕਿ ਇਹ ਦੁਨੀਆਂ ਭਰ ਨੂੰ ਅਮਨ ਦਾ ਸੁਨੇਹਾ ਦੇਣ ਵਾਲੇ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਹੈ। ਉਨ੍ਹਾਂ ਕਿਹਾ ਕਿ ਇਹ ਲਾਂਘਾ ਕਾਰਪੋਰੇਟ ਜਗਤ ਦੀਆਂ ਵੱਡੀਆਂ ਤਾਕਤਾਂ ਕਾਰਨ ਖੁੱਲ੍ਹ ਰਿਹਾ ਹੈ। ਇਹ ਭਵਿੱਖ ਵਿਚ ਸਰਹੱਦ 'ਤੇ ਅਜਿਹੇ ਹੋਰ ਲਾਂਘੇ ਖੋਲ੍ਹੇ ਜਾਣ ਦਾ ਵੀ ਰਾਹ ਪੱਧਰਾ ਕਰੇਗਾ। ਇਸ ਲਾਂਘੇ ਦੇ ਬਹਾਨੇ ਭਾਰਤ-ਪਾਕਿਸਤਾਨ ਸਰਹੱਦ ਉਤੇ ਕਈ ਹੋਰ ਆਰਥਿਕ ਲਾਂਘੇ ਖੋਲ੍ਹਣ ਦੀ ਕਵਾਇਦ ਵੀ ਸ਼ੁਰੂ ਹੋਵੇਗੀ।

ਜਥੇਦਾਰ ਬਹਾਦਰ ਸਿੰਘ ਰਾਹੋਂ ਨੇ ਬੋਲਦਿਆਂ ਕਿਹਾ ਕਿ ਗੁਰੂ ਜੀ ਨੇ ਆਪਣੀ ਬਾਣੀ ਵਿਚ ਸਰਬਤ ਦਾ ਭਲਾ ਅਰਥਾਤ ਸੰਸਾਰ ਵਿਚ ਰਹਿਣ ਵਾਲੇ ਸਾਰੇ ਲੋਕਾਂ ਦਾ ਭਲਾ ਕਰਨ ਦੀ ਰਚੀ ਸੀ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੀ ਵਾਣੀ ਵੱਡੀ ਆਸਾਨ ਤੇ ਸਪਸ਼ਟ ਹੈ, ਜਿਸ ਵਿਚ ਰੂਹਾਨੀਅਤ ਦੇ ਡੂੰਘੇ ਭੇਦਾਂ ਨੂੰ ਆਸਾਨ ਤਰੀਕੇ ਨਾਲ ਸਮਝਿਆ ਗਿਆ ਹੈ, ਤਾਂ ਜੋ ਵਿਅਕਤੀ ਸੱਚ ਦੇ ਰਸਤੇ 'ਤੇ ਚਲ ਕੇ ਭਰਮਾਂ ਨੂੰ ਛੱਡ ਕੇ ਰੱਬ ਨੂੰ ਪਾ ਸਕਣ। ਗੁਰੂ ਨਾਨਕ ਦੇਵ ਜੀ ਕਿਸ ਇਕ ਵਿਸ਼ੇਸ਼ ਜਾਤੀ ਜਾਂ ਧਰਮ ਦੇ ਨਹੀਂ ਸਨ, ਉਨ੍ਹਾਂ ਦਾ ਸੰਦੇਸ਼ ਸਮਾਜ ਦੇ ਸਾਰੇ ਵਰਗਾਂ ਦੇ ਲੋਕਾਂ ਲਈ ਸੀ।

## ਸੱਜਣ ਕੁਮਾਰ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਕਰੇਗਾ ਸੁਪਰੀਮ ਕੋਰਟ

**ਨਵੀਂ ਦਿੱਲੀ/ਏ.ਟੀ. ਨਿਊਜ਼ :**

ਸੁਪਰੀਮ ਕੋਰਟ 1984 ਸਿੱਖ ਕਤਲੇਆਮ ਵਿੱਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਦੀ ਜ਼ਮਾਨਤ ਅਰਜ਼ੀ ਉਪਰ ਤੁਰੰਤ ਸੁਣਵਾਈ ਲਈ ਰਾਜ਼ੀ ਹੋ ਗਈ ਹੈ। ਚੀਫ ਜਸਟਿਸ ਰੰਜਨ ਗੋਗੋਈ ਨੇ ਹਾਲਾਂਕਿ ਪਟੀਸ਼ਨ 'ਤੇ ਫੌਰੀ ਸੁਣਵਾਈ ਤੋਂ ਨਾਂਹ ਕਰ ਦਿੱਤੀ ਹੈ। ਦਿੱਲੀ ਹਾਈ ਕੋਰਟ ਨੇ ਸੱਜਣ ਕੁਮਾਰ ਨੂੰ ਕੁਦਰਤੀ ਮੌਤ ਤਕ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਚੀਫ਼ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਨੇ ਸੀਨੀਅਰ ਵਕੀਲ ਸ਼ੇਖਰ ਨਾਫੜੇ ਵੱਲੋਂ ਪੇਸ਼ ਦਲੀਲਾਂ ਦਾ ਨੋਟਿਸ ਲਿਆ, ਜਿਨ੍ਹਾਂ ਵਿੱਚ ਸੱਜਣ ਕੁਮਾਰ ਦੀ ਜ਼ਮਾਨਤ ਅਰਜ਼ੀ ਬਾਰੇ ਤੁਰੰਤ ਸੁਣਵਾਈ ਦਾ ਜ਼ਿਕਰ ਕੀਤਾ ਸੀ।

ਉਂਜ ਬੈਂਚ ਨੇ ਕਿਹਾ ਕਿ ਉਸ ਨੂੰ ਪਟੀਸ਼ਨ 'ਤੇ ਸੁਣਵਾਈ ਲਈ ਕੋਈ ਕਾਹਲ ਨਹੀਂ ਹੈ। ਇਸ ਤੋਂ ਪਹਿਲਾਂ ਦੋਸ਼ੀ ਸੱਜਣ ਕੁਮਾਰ ਨੇ ਹਾਈ ਕੋਰਟ ਵੱਲੋਂ ਸੁਣਾਈ ਉਮਰ ਕੈਦ ਦੀ ਸਜ਼ਾ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੰਦਿਆਂ ਨਾਲ ਹੀ ਜ਼ਮਾਨਤ ਵੀ ਮੰਗੀ ਸੀ। 73 ਸਾਲਾਂ ਦੇ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਹਾਈ ਕੋਰਟ ਦੇ ਫ਼ੈਸਲੇ ਮਗਰੋਂ ਤਿਹਾੜ ਜੇਲ੍ਹ ਭੇਜ ਦਿੱਤਾ ਗਿਆ ਸੀ। ਕੁਮਾਰ ਨੂੰ ਉਮਰ ਤਕ ਕੈਦ ਦੀ ਸਜ਼ਾ ਦੱਖਣੀ-ਪੱਛਮੀ ਦਿੱਲੀ ਦੇ ਰਾਜ ਨਗਰ-1 ਇਲਾਕੇ ਵਿੱਚ ਪੰਜ ਸਿੱਖਾਂ ਦੇ ਕਤਲ ਤੇ ਰਾਜਨਗਰ-ਭਾਗ 2 ਵਿੱਚ ਗੁਰਦੁਆਰਾ ਸਾੜਨ ਦੇ ਜੁਰਮ ਹੇਠ ਸੁਣਾਈ ਗਈ ਸੀ। ਉਸ ਨੂੰ ਅਪਰਾਧਿਕ ਸਾਜ਼ਿਸ਼ ਰਚਣ, ਕਤਲ ਦੀ ਸਾਜ਼ਿਸ਼ ਤੇ ਸਿੱਖਾਂ ਵਿਰੁਧ ਨਫ਼ਰਤ ਫੈਲਾਉਣ ਤੇ ਗੁਰਦੁਆਰੇ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ਾਂ ਹੇਠ ਸਜ਼ਾ ਹੋਈ ਸੀ।


ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

CIS CALIFORNIA IMMIGRATION SERVICES
(Registered & Bonded)
> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> STUDENT VISA
> RELIGIOUS VISA
> U.K. VISA
> CANADA VISA & P.R.
Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

## ’84 ਵਿਚ ਕੋਰਟ ਮਾਰਸ਼ਲ ਹੋਏ 309 ਸਿੱਖ ਫ਼ੌਜੀਆਂ ’ਤੇ ਲੱਗੇ ਦੋਸ਼ ਵਾਪਸ ਹੋਣ

### *ਸੁਖਬੀਰ ਸਿੰਘ ਬਾਦਲ ਨੇ ਮੋਦੀ ਸਰਕਾਰ ਨੂੰ ਪੱਤਰ ਲਿਖ ਕੇ ਕੀਤੀ ਅਪੀਲ*

**ਚੰਡੀਗੜ੍ਹ/ਏ.ਟੀ. ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 1984 ਵਿਚ ਫ਼ੌਜ ਵਿਚ ਕੋਰਟ ਮਾਰਸ਼ਲ ਕੀਤੇ ਗਏ 309 ਸਿੱਖ ਫ਼ੌਜੀਆਂ ਦਾ ਮੁੱਦਾ ਉਠਾਇਆ ਹੈ। ਉਨ੍ਹਾਂ ਇਸ ਸਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਿਆ ਹੈ। ਬਾਦਲ ਨੇ ਕਿਹਾ ਹੈ ਕਿ ਫ਼ੌਜ ਵੱਲੋਂ ਭਗੌੜਾ ਕਰਾਰ ਦਿੱਤੇ ਗਏ ਇਨ੍ਹਾਂ ਫ਼ੌਜੀਆਂ ਸਿਰੋਂ ਸਾਰੇ ਦੋਸ਼ ਵਾਪਸ ਲਏ ਜਾਣ ਤੇ ਉਨ੍ਹਾਂ ਨੂੰ ਸਾਬਕਾ ਫ਼ੌਜੀ ਦਾ ਦਰਜਾ ਦਿੱਤਾ ਜਾਵੇ। ਉਨ੍ਹਾਂ ਨੂੰ ਇਸੇ ਮੁਤਾਬਿਕ ਸਾਰੀਆਂ ਸਹੂਲਤਾਂ ਦਿੱਤੀਆਂ ਜਾਣ।



## ਡੇਰਾ ਸਿਰਸਾ ਦੀ ਹਨੀਪ੍ਰੀਤ ਨੂੰ ਵੱਡੀ ਰਾਹਤ

### *35 ਮੁਲਜ਼ਮਾਂ ਤੋਂ ਦੇਸ਼ਧ੍ਰੋਹ ਦੀ ਧਾਰਾ ਹਟਾਈ, ਹਰਿਆਣਾ ਸਰਕਾਰ ਨਰਮ*

**ਚੰਡੀਗੜ੍ਹ/ਏ.ਟੀ. ਨਿਊਜ਼ :** ਹਰਿਆਣਾ ਵਿੱਚ ਦੂਜੀ ਵਾਰ ਬੀਜੇਪੀ ਸਰਕਾਰ ਬਣਨ ਮਗਰੋਂ ਦੰਗਾ ਭੜਕਾਉਣ ਤੇ ਦੇਸ਼ਧ੍ਰੋਹ ਦੇ ਦੋਸ਼ਾਂ ਵਿੱਚ ਘਿਰੇ ਡੇਰਾ ਸਿਰਸਾ ਦੇ ਪ੍ਰੇਮੀਆਂ ਨੂੰ ਵੱਡੀ ਰਾਹਤ ਮਿਲੀ ਹੈ। ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦੀ ਗੋਦ ਲਈ ਧੀ ਹਨੀਪ੍ਰੀਤ ਸਮੇਤ 35 ਮੁਲਜ਼ਮਾਂ ਤੋਂ ਦੇਸ਼ਧ੍ਰੋਹ ਦੀ ਧਾਰਾ ਹਟਾ ਲਈ ਗਈ ਹੈ। ਇਨ੍ਹਾਂ ਮੁਲਜ਼ਮਾਂ ਖਿਲਾਫ ਪੰਚਕੂਲਾ ਵਿੱਚ 25 ਅਗਸਤ, 2017 ਨੂੰ ਹੋਈ ਹਿੰਸਾ ਦੇ ਮਾਮਲੇ ਵਿੱਚ ਦੇਸ਼ਧ੍ਰੋਹ ਦਾ ਕੇਸ ਦਾਇਰ ਕੀਤਾ ਗਿਆ ਸੀ। ਇੱਥੇ ਜ਼ਿਕਰਯੋਗ ਹੈ ਕਿ ਡੇਰਾ ਮੁਖੀ ਨੂੰ ਪੰਚਕੂਲਾ ਕੋਰਟ ਵੱਲੋਂ ਦੋਸ਼ੀ ਕਰਾਰ ਦੇਣ ਮਗਰੋਂ ਉਥੇ ਪ੍ਰੇਮੀਆਂ ਨੇ ਹਿੰਸਾ ਕਰ ਦਿੱਤੀ ਸੀ ਜਿਸ ਵਿਚ 36 ਵਿਅਕਤੀ ਮਾਰੇ ਗਏ ਸਨ। ਇਸ ਕੇਸ ਦੀ ਅਗਲੀ ਸੁਣਵਾਈ 6 ਨਵੰਬਰ ਨੂੰ ਹੋਵੇਗੀ। ਬਚਾਅ ਪੱਖ ਦੇ ਵਕੀਲ ਨੇ ਦੱਸਿਆ ਕਿ ਦੇਸ਼ਧ੍ਰੋਹ ਦੀ ਧਾਰਾ ਹਟਣ ਤੋਂ ਬਾਅਦ ਹੁਣ ਸਾਰੇ ਮੁਲਜ਼ਮ ਜ਼ਮਾਨਤ ਦੀ ਅਰਜ਼ੀ ਲਾ ਸਕਦੇ ਹਨ।



### *ਮਾਮਲਾ ਕੋਟਕਪੂਰਾ ਗੋਲੀ ਕਾਂਡ ਅਤੇ ਦੋਸ਼ੀ ਪੁਲਸੀਆਂ ਦਾ*

# ਸਰਕਾਰ ਵੱਲੋਂ ਜਾਂਚ ਟੀਮ ਦਾ ਫ਼ੋਨ ਰਿਕਾਰਡ ਦੇਣ ਤੋਂ ਇਨਕਾਰ

**ਫ਼ਰੀਦਕੋਟ/ਏ.ਟੀ. ਨਿਊਜ਼ :** ਇੱਥੇ ਸੈਸ਼ਨ ਜੱਜ ਹਰਪਾਲ ਸਿੰਘ ਦੀ ਅਦਾਲਤ ਵਿੱਚ ਕੋਟਕਪੂਰਾ ਗੋਲੀ ਕਾਂਡ ਦੇ ਮਾਮਲੇ ਦੀ ਸੁਣਵਾਈ ਹੋਈ। ਇਸ ਮਾਮਲੇ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਉੱਚ ਪੁਲੀਸ ਅਧਿਕਾਰੀਆਂ ਨੇ ਅਦਾਲਤ ਵਿੱਚ ਅਰਜ਼ੀ ਦੇ ਕੇ ਜਾਂਚ ਟੀਮ ਦੇ ਸਾਰੇ ਮੈਂਬਰਾਂ ਦੇ ਮੋਬਾਈਲ ਫ਼ੋਨਾਂ ਦੇ ਰਿਕਾਰਡ ਨੂੰ ਸੁਰੱਖਿਅਤ ਕਰਨ ਅਤੇ ਇਸ ਦੀ ਇੱਕ ਨਕਲ ਅਦਾਲਤ ਵਿੱਚ ਪੇਸ਼ ਕਰਨ ਦੀ ਮੰਗ ਕੀਤੀ ਸੀ ਪਰ ਪੰਜਾਬ ਸਰਕਾਰ ਨੇ ਪੁਲੀਸ ਅਧਿਕਾਰੀਆਂ ਦੀ ਇਸ ਮੰਗ ਦਾ ਜ਼ੋਰਦਾਰ ਵਿਰੋਧ ਕਰਦਿਆਂ ਕਿਹਾ ਕਿ ਜਾਂਚ ਟੀਮ ਦੇ ਮੈਂਬਰਾਂ ਦੀਆਂ ਫ਼ੋਨ ਕਾਲਾਂ ਦੇ ਵੇਰਵੇ ਜਨਤਕ ਨਹੀਂ ਕੀਤੇ ਜਾ ਸਕਦੇ, ਕਿਉਂਕਿ ਇਸ ਨਾਲ ਜਾਂਚ ਟੀਮ ਦੇ ਖਾਸ ਮੁਖ਼ਬਰਾਂ ਅਤੇ ਉਨ੍ਹਾਂ ਗੁਪਤ ਸਰੋਤਾਂ ਦੀ ਸ਼ਨਾਖਤ ਹੋਵੇਗੀ, ਜੋ ਕਾਨੂੰਨੀ ਨਸ਼ਰ ਨਹੀਂ ਕੀਤੇ ਜਾ ਸਕਦੇ। ਜ਼ਿਲ੍ਹਾ ਅਟਾਰਨੀ ਰਜਨੀਸ਼ ਗੋਇਲ ਨੇ ਪੰਜਾਬ ਸਰਕਾਰ ਤੇ ਜਾਂਚ ਟੀਮ ਦੇ ਹੱਕ ਵਿੱਚ ਬਹਿਸ ’ਤੇ ਬੋਲਦਿਆਂ ਕਿਹਾ ਕਿ ਮੁਲਜ਼ਮਾਂ ਨੂੰ ਜਾਂਚ ਟੀਮ ਦੀਆਂ ਕਾਲਾਂ ਦਾ ਰਿਕਾਰਡ ਮੰਗਣ ਦਾ ਕੋਈ ਕਾਨੂੰਨੀ ਹੱਕ ਨਹੀਂ ਹੈ। ਉਧਰ, ਪੁਲੀਸ ਅਧਿਕਾਰੀਆਂ ਦੇ ਵਕੀਲਾਂ ਨੇ ਦਾਅਵਾ ਕੀਤਾ ਕਿ ਪੂਰੇ ਮਾਮਲੇ ਦੀ ਸਚਾਈ ਲਿਆਉਣ ਲਈ ਜਾਂਚ ਟੀਮ ਦੇ ਮੈਂਬਰਾਂ ਦੀਆਂ ਮੋਬਾਈਲ ਕਾਲਾਂ ਦਾ ਰਿਕਾਰਡ ਸੁਰੱਖਿਅਤ ਰੱਖਿਆ ਜਾਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜੇਕਰ ਜਾਂਚ ਟੀਮ ਨਿਰਪੱਖ ਪੜਤਾਲ ਦਾ ਦਾਅਵਾ ਕਰਦੀ ਹੈ ਤਾਂ ਉਨ੍ਹਾਂ ਨੂੰ ਮੋਬਾਈਲ ਕਾਲਾਂ ਦਾ ਰਿਕਾਰਡ ਅਦਾਲਤ ਵਿਚ ਪੇਸ਼ ਕਰਨ ਤੋਂ ਪਿੱਛੇ ਕਿਉਂ ਹਟ ਰਹੀ ਹੈ। ਮੁਲਜ਼ਮਾਂ ਨੇ ਦਾਅਵਾ ਕੀਤਾ ਕਿ ਸਮੁੱਚੀ ਪੜਤਾਲ ਸਿਆਸਤ ਤੋਂ ਪ੍ਰੇਰਿਤ ਹੈ ਅਤੇ ਜਾਂਚ ਟੀਮ ਨੇ ਪੂਰੇ ਮਾਮਲੇ ਦੀ ਸਚਾਈ ਸਾਹਮਣੇ ਲਿਆਉਣ ਦੀ ਥਾਂ ਕੁਝ ਪੁਲੀਸ ਅਧਿਕਾਰੀਆਂ ਨੂੰ ਰੰਜਿਸ਼ ਤਹਿਤ ਫਸਾਇਆ ਹੈ। ਅਦਾਲਤ ਨੇ ਇਸ ਮਾਮਲੇ ’ਤੇ ਲੰਬੀ ਬਹਿਸ ਤੋਂ ਬਾਅਦ ਸੁਣਵਾਈ 15 ਨਵੰਬਰ ਤੱਕ ਮੁਲਤਵੀ ਕਰ ਦਿੱਤੀ ਹੈ। ਅਦਾਲਤ ਵਿੱਚ ਸੁਣਵਾਈ ਦੌਰਾਨ ਮੁਅੱਤਲ ਆਈਜੀ ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐੱਸਐੱਸਪੀ ਚਰਨਜੀਤ ਸ਼ਰਮਾ, ਸਾਬਕਾ ਸੰਸਦੀ ਸਕੱਤਰ ਮਨਤਾਰ ਸਿੰਘ ਬਰਾੜ, ਐੱਸਪੀ ਬਲਜੀਤ ਸਿੰਘ ਸਿੱਧੂ ਅਤੇ ਇੰਸਪੈਕਟਰ ਗੁਰਦੀਪ ਸਿੰਘ ਪੰਧੇਰ ਹਾਜ਼ਰ ਸਨ।

## ਸ਼੍ਰੋਮਣੀ ਕਮੇਟੀ ਦਾ ਸਾਲਾਨਾ ਜਨਰਲ ਅਜਲਾਸ 27 ਨੂੰ ਹੋਵੇਗਾ

**ਅੰਮ੍ਰਿਤਸਰ/ਏ.ਟੀ. ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਰਲ ਇਜਲਾਸ 27 ਨਵੰਬਰ ਨੂੰ ਹੋਵੇਗਾ। ਇਸ ਵਿੱਚ ਸ਼੍ਰੋਮਣੀ ਕਮੇਟੀ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਸਮੇਤ 11 ਮੈਂਬਰੀ ਅੰਤ੍ਰਿੰਗ ਕਮੇਟੀ ਦੀ ਚੋਣ ਕੀਤੀ ਜਾਵੇਗੀ। ਇਹ ਫੈਸਲਾ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਵੱਲ੍ਹਾ ਅੰਮ੍ਰਿਤਸਰ ਵਿਖੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ ਵਿੱਚ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੌਰਾਨ ਲਿਆ ਗਿਆ।



ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਜਨਰਲ ਅਜਲਾਸ ਸ਼੍ਰੋਮਣੀ ਕਮੇਟੀ ਦੇ ਅੰਮ੍ਰਿਤਸਰ ਸਥਿਤ ਮੁਖ ਦਫ਼ਤਰ ਵਿਖੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਦੁਪਹਿਰ 1:00 ਵਜੇ ਹੋਵੇਗਾ। ਸ਼੍ਰੋਮਣੀ ਕਮੇਟੀ ਦੇ ਸਮੂਹ ਅਹੁਦੇਦਾਰਾਂ ਦੀ ਸਾਲਾਨਾ ਚੋਣ ਹਰ ਸਾਲ ਨਵੰਬਰ ਮਹੀਨੇ ਵਿਚ ਕੀਤੀ ਜਾਣੀ ਲਾਜ਼ਮੀ ਹੁੰਦੀ ਹੈ ਅਤੇ ਇਸੇ ਤਹਿਤ ਇਸ ਵਾਰ ਦਾ ਅਜਲਾਸ 27 ਨਵੰਬਰ ਨੂੰ ਹੋਵੇਗਾ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਅਗਲੇ ਸਾਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਾਜਿਆਂ ਨੂੰ ਰਿਹਾਅ ਕਰਵਾਉਣ ਦੇ ਬੰਦੀ ਛੋੜ ਦਿਵਸ ਦਾ 400 ਸਾਲਾ ਅਤੇ ਭਗਤ ਨਾਮਦੇਵ ਜੀ ਦਾ 750 ਸਾਲਾ ਪ੍ਰਕਾਸ਼ ਦਿਹਾੜਾ ਵੀ ਸ਼ਾਨੋ-ਸ਼ੌਕਤ ਨਾਲ ਮਨਾਏ ਜਾਣਗੇ।

## ਲਾਂਘਾ ਖੁੱਲ੍ਹਣ ਮੌਕੇ ਸ਼੍ਰੋਮਣੀ ਕਮੇਟੀ ਸੰਭਾਲੇਗੀ ਮੋਦੀ ਦਾ ਮੰਚ

**ਪਟਿਆਲਾ/ਏ.ਟੀ. ਨਿਊਜ਼ :** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸਪੱਸ਼ਟ ਕੀਤਾ ਹੈ ਕਿ ਨੌਂ ਨਵੰਬਰ ਨੂੰ ਕਰਤਾਰਪੁਰ ਲਾਂਘਾ ਖੁੱਲ੍ਹਣ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮੰਚ ਦਾ ਸਮੁੱਚਾ ਪ੍ਰਬੰਧ ਸ਼੍ਰੋਮਣੀ ਕਮੇਟੀ ਨੂੰ ਸੌਂਪਿਆ ਗਿਆ ਹੈ। ਭਾਈ ਲੌਂਗੋਵਾਲ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਦੀ ਆਮਦ ਮੌਕੇ ਮੰਚ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬਾਕਾਇਦਾ ਅਦਬ ਸਹਿਤ ਪ੍ਰਕਾਸ਼ ਹੋਵੇਗਾ। ਗੁਰੂ ਸਾਹਿਬ ਦਾ ਜੱਸ-ਕੀਰਤਨ ਹੋਣ ਮਗਰੋਂ ਅਰਦਾਸ ਉਪਰੰਤ ਹੀ ਪ੍ਰਧਾਨ ਮੰਤਰੀ ਮੋਦੀ ਇਤਿਹਾਸਕ ਲਾਂਘਾ ਖੋਲ੍ਹਣ ਦੀ ਰਸਮ ਅਦਾ ਕਰਨਗੇ। ਉਨ੍ਹਾਂ ਪਾਕਿਸਤਾਨ ਸਰਕਾਰ ਵੱਲੋਂ ਪਾਸਪੋਰਟ ਦੀ ਸ਼ਰਤ ਹਟਾਉਣ, ਦੋ ਦਿਨ ਵੀਹ ਡਾਲਰ ਫੀਸ ਨਾ ਲੈਣ ਦੇ ਫ਼ੈਸਲੇ ਦੀ ਸ਼ਲਾਘਾ ਕੀਤੀ।



HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

ਗੁਰਦੁਆਰਾ ਸਾਹਿਬ, ਫਰੀਮੌਂਟ

# STUDENT AWARD

## ON OCCASION OF
## 550TH PARKASH PURAB OF SRI GURU NANAK DEV JI

GURDWARA SAHIB FREMONTIS INVITING SELF-NOMINATION FROM SIKH STUDENTS OF THE BAY AREA FOR THE EXCELLENCY AWARDS.

### TO QUALIFY YOU MUST HAVE :

- Age between 13yrs to 21yrs
- Current GPA 3.5 and above

### AND ONE OF THE FOLLOWING:

- have done at least 100 hours of Community Service in the recent years
- Officiated SSA or Panthik organization
- Speech and Debate team participation at zonal, state or national level

***SPECIAL CASE:** PhD students are eligible to apply

PLEASE ENTER YOUR INFORMATION IN THIS FORM:

**bit.ly/fgs-awards**

OR BY SCANNING THIS QR CODE

# ਸੋਸ਼ਲ ਮੀਡੀਆ ਉੱਪਰ ਕਰਤਾਰਪੁਰ ਲਾਂਘੇ ਦੇ 'ਨਾਇਕ' ਬਣੇ ਸਿੱਧੂ

*• ਪਾਕਿਸਤਾਨ ਟੀਵੀ ਦੀਆਂ ਖਬਰਾਂ 'ਚ ਸਿੱਧੂ ਹੀਰੋ • ਕਾਂਗਰਸੀ ਆਗੂ ਤੇ 'ਆਪ' ਸਿੱਧੂ ਦੇ ਹੱਕ 'ਚ ਨਿਤਰੇ*

**ਅੰਮ੍ਰਿਤਸਰ/ਏ.ਟੀ. ਨਿਊਜ਼ :** ਲੋਕ ਸਭਾ ਚੋਣਾਂ ਤੋਂ ਬਾਅਦ ਪਿਛਲੇ ਪੰਜ ਮਹੀਨਿਆਂ ਤੋਂ ਸੂਬੇ ਦੀ ਸਿਆਸਤ ਵਿੱਚ 'ਖਾਮੋਸ਼' ਬੈਠੇ ਨਵਜੋਤ ਸਿੰਘ ਸਿੱਧੂ ਨੂੰ ਲੋਕਾਂ ਨੇ ਹੁਣ ਸੋਸ਼ਲ ਮੀਡੀਆ ਨੇ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦਾ 'ਨਾਇਕ' ਬਣਾ ਦਿੱਤਾ ਹੈ। ਕਾਂਗਰਸੀ ਆਗੂ ਵੀ ਸਿੱਧੂ ਦੇ ਹੱਕ ਵਿਚ ਨਿੱਤਰ ਰਹੇ ਹਨ। ਇਸ ਦੌਰਾਨ ਪਾਕਿਸਤਾਨ ਦੇ ਨਿਊਜ਼ ਚੈਨਲਾਂ ਵੱਲੋਂ ਸਿੱਧੂ ਨੂੰ ਨਾਇਕ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਦਰਅਸਲ, ਲੋਕ ਸਭਾ ਚੋਣਾਂ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ਼ ਬੋਲਣਾ ਸਿੱਧੂ ਨੂੰ ਮਹਿੰਗਾ ਪੈ ਗਿਆ ਸੀ। ਸਿੱਧੂ ਨੇ ਸੂਬੇ ਵਿੱਚ ਹੋਰ ਕਿਸੇ ਹਲਕੇ ਵਿੱਚ ਤਾਂ ਪ੍ਰਚਾਰ ਨਹੀਂ ਕੀਤਾ, ਪਰ ਉਹ ਗੁਰਦਾਸਪੁਰ ਵਿੱਚ ਸੁਨੀਲ ਜਾਖੜ ਤੇ ਬਠਿੰਡਾ ਵਿੱਚ ਰਾਜਾ ਵੜਿੰਗ ਲਈ ਪ੍ਰਚਾਰ ਕਰਨ ਗਏ ਸਨ। ਇਨ੍ਹਾਂ ਹਲਕਿਆਂ ਵਿੱਚ ਕਾਂਗਰਸ ਦੀ ਹੋਈ ਹਾਰ ਦਾ ਠੀਕਰਾ ਸਿੱਧੂ ਸਿਰ ਪੈ ਗਿਆ ਸੀ, ਜਿਸ ਕਾਰਨ ਸਿੱਧੂ ਤੋਂ ਸਥਾਨਕ ਸਰਕਾਰਾਂ ਵਿਭਾਗ ਲੈ ਲਿਆ ਗਿਆ ਸੀ। ਇਸ ਮਾਮਲੇ ਤੋਂ ਬਾਅਦ ਪੰਜ ਮਹੀਨਿਆਂ ਤੋਂ ਸਿੱਧੂ ਖਾਮੋਸ਼ ਹਨ ਤੇ ਸੂਬੇ ਦੀ ਸਿਆਸਤ ਵਿਚੋਂ ਦੂਰੀ ਬਣਾਈ ਹੋਈ ਹੈ।

ਹੁਣ ਅਚਾਨਕ 'ਸਿੱਧੂ' ਦਾ ਸੋਸ਼ਲ ਮੀਡੀਆ 'ਤੇ ਵੱਡੇ ਪੱਧਰ 'ਤੇ ਪ੍ਰਚਾਰ ਸ਼ੁਰੂ ਹੋ ਗਿਆ ਹੈ। ਲਗਾਤਾਰ ਸੋਸ਼ਲ ਮੀਡੀਆ 'ਤੇ ਪੋਸਟਾਂ ਪਾ ਕੇ ਲੋਕ ਕਰਤਾਰਪੁਰ ਲਾਂਘੇ ਲਈ ਸਿੱਧੂ ਨੂੰ 'ਹੀਰੋ' ਦੱਸ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਇਸ ਲਾਂਘੇ ਦੇ ਖੁੱਲ੍ਹਣ ਦਾ ਅਸਲੀ ਸਿਹਰਾ ਸਿੱਧੂ ਨੂੰ ਹੀ ਜਾਂਦਾ ਹੈ। ਪਾਕਿਸਤਾਨ ਦੇ ਚੈਨਲਾਂ ਨੇ ਸਿੱਧੂ ਦੀ ਇੰਟਰਵਿਊ ਕੀਤੀ ਹੈ ਤੇ 18 ਅਗਸਤ ਨੂੰ ਪਾਕਿਸਤਾਨ ਦੇ 22ਵੇਂ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸਹੁੰ ਚੁੱਕ ਸਮਾਗਮ ਵਿੱਚ ਪਾਕਿਸਤਾਨੀ ਫੌਜ ਮੁਖੀ ਨੂੰ ਪਾਈ ਜੱਫ਼ੀ ਨੂੰ ਇਸ ਲਾਂਘੇ ਦਾ ਸਿਹਰਾ ਦੇ ਰਹੇ ਹਨ। ਇਹ ਚੈਨਲ ਕੇਂਦਰੀ ਮੰਤਰੀ ਹਰਸਿਮਰਤ ਬਾਦਲ ਦੇ ਉਹ ਬਿਆਨ ਵੀ ਚਲਾ ਰਹੇ ਹਨ, ਜਿਨ੍ਹਾਂ ਵਿੱਚ ਪਹਿਲਾਂ ਉਹ ਸਿੱਧੂ ਦੀ ਜੱਫ਼ੀ ਨੂੰ ਦੁਸ਼ਮਣ ਨਾਲ ਪਾਈ ਜੱਫ਼ੀ ਕਰਾਰ ਦੇ ਰਹੇ ਹਨ ਤੇ ਬਾਅਦ ਵਿੱਚ ਖੁਦ ਪਾਕਿਸਤਾਨੀ ਪ੍ਰਧਾਨ ਮੰਤਰੀ ਦੀ ਤਾਰੀਫ਼ ਕਰ ਰਹੇ ਹਨ।

ਆਪ' ਦੇ ਸੂਬਾਈ ਪ੍ਰਧਾਨ ਭਗਵੰਤ ਮਾਨ ਨੇ ਆਖਿਆ ਕਿ ਕਰਤਾਰਪੁਰ ਲਾਂਘਾ ਖੁੱਲ੍ਹਣ ਵਿੱਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਅਤੇ ਸਿੱਧੂ ਦੀ ਦੋਸਤੀ ਦੀ ਅਹਿਮ ਭੂਮਿਕਾ ਹੈ। ਉਨ੍ਹਾਂ ਕਿਹਾ ਕਿ ਇਮਰਾਨ ਖ਼ਾਨ ਦੇ ਸਹੁੰ ਚੁੱਕ ਸਮਾਗਮ ਮੌਕੇ ਗਏ ਨਵਜੋਤ ਸਿੱਧੂ, ਪਾਕਿਸਤਾਨ ਸਰਕਾਰ ਤੋਂ ਕਰਤਾਰਪੁਰ ਲਾਂਘਾ ਖੋਲ੍ਹਣ ਦਾ ਭਰੋਸਾ ਲੈ ਕੇ ਆਏ ਸਨ। ਉਦੋਂ ਅਕਾਲੀ ਦਲ ਸਮੇਤ ਕਾਂਗਰਸ ਦੇ ਇੱਕ ਵੱਡੇ ਹਿੱਸੇ ਨੇ ਸ੍ਰੀ ਸਿੱਧੂ ਦੀ ਫੇਰੀ ਨੂੰ ਖ਼ੂਬ ਭੰਡਿਆ ਸੀ ਪਰ ਹੁਣ ਲਾਂਘਾ ਖੋਲ੍ਹਣ ਸਮੇਂ ਸਿੱਧੂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ।

ਮਾਨ ਨੇ ਆਖਿਆ ਕਿ ਲਾਂਘਾ ਖੁੱਲ੍ਹਣ 'ਤੇ ਅਕਾਲੀ ਦਲ ਆਪਣੀ ਪਿੱਠ ਥਾਪੜ ਰਿਹਾ ਹੈ, ਪਰ ਉਹ ਕੇਂਦਰ ਸਰਕਾਰ ਤੋਂ ਪ੍ਰਕਾਸ਼ ਪੁਰਬ ਦੇ ਸਮਾਗਮਾਂ ਲਈ ਇੱਕ ਪੈਸੇ ਦਾ ਬਜਟ ਵੀ ਨਹੀਂ ਰੱਖਵਾ ਸਕੇ।

### ਸਿਹਰਾ ਲੈਣ ਦੀ ਲੜਾਈ

ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਦੇ ਖੁੱਲ੍ਹਣ ਦਾ ਆਪਣੇ ਸਿਰ ਲੈਣ ਲਈ ਪਿਛਲੇ ਇੱਕ ਸਾਲ ਤੋਂ ਲੜਾਈ ਚੱਲ ਰਹੀ ਹੈ। ਪਿਛਲੇ ਸਾਲ ਨਵੰਬਰ ਮਹੀਨੇ ਵਿੱਚ ਇਸ ਲਾਂਘੇ ਦੇ ਖੁੱਲ੍ਹਣਾ ਰਸਤਾ ਸਾਫ਼ ਹੋ ਗਿਆ ਸੀ, ਜਿਸ ਲਈ ਅਕਾਲੀ ਦਲ ਤੇ ਭਾਜਪਾ ਵਾਲੇ ਇਸ ਦਾ ਸਿਹਰਾ ਕੇਂਦਰ ਸਰਕਾਰ ਨੂੰ ਦੇ ਰਹੇ ਹਨ ਤੇ ਕਾਂਗਰਸੀ ਉਸ ਨੂੰ ਆਪਣੇ ਵੱਲੋਂ ਕੀਤਾ ਗਿਆ ਕਾਰਜ ਦੱਸ ਰਹੇ ਹਨ। ਕੁਝ ਕਾਂਗਰਸੀਆਂ ਨੇ ਪਿਛਲੇ ਸਾਲ ਇਸਦਾ ਸਿਹਰਾ ਨਵਜੋਤ ਸਿੰਘ ਸਿੱਧੂ ਨੂੰ ਦਿੱਤਾ ਸੀ।

### ਸਿੱਧੂ ਬਾਰੇ ਵੱਡੀ ਤਾਜਾ ਖ਼ਬਰ

ਸਿੱਧੂ ਨੇ ਕਰਤਾਰਪੁਰ ਸਾਹਿਬ ਦੇ ਲਾਂਘੇ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਦਿੱਲੀ ਤੋਂ ਇਜਾਜ਼ਤ ਲੈਣ ਲਈ ਅਪਲਾਈ ਕੀਤਾ ਹੈ। ਉਨ੍ਹਾਂ ਨੂੰ ਅਜੇ ਇਜਾਜ਼ਤ ਨਹੀਂ ਮਿਲੀ। ਉਮੀਦ ਹੈ ਕਿ ਉਨ੍ਹਾਂ ਨੂੰ ਇਜਾਜ਼ਤ ਮਿਲ ਜਾਵੇਗੀ ਤੇ ਉਹ ਇਸ ਉਦਘਾਟਨੀ ਸਮਾਗਮ ਵਿੱਚ ਹਿੱਸਾ ਲੈਣਗੇ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਦਫਤਰ ਵੱਲੋਂ ਵੀ ਉਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਫੋਨ ਰਾਹੀਂ ਸੱਦਿਆ ਗਿਆ ਹੈ। ਇਹ ਵਿਚਾਰ ਨਵਜੋਤ ਸਿੰਘ ਸਿੱਧੂ ਦੀ ਪਤਨੀ ਨਵਜੋਤ ਕੌਰ ਨੇ ਮੀਡੀਆ ਨਾਲ ਸਾਂਝੇ ਕੀਤੇ ਹਨ।



### ਬਾਦਲ ਦਲ ਨੇ ਕੈਪਟਨ ਨੂੰ ਦਿੱਤੀ ਠਿੱਬੀ

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਦੇ 9 ਨਵੰਬਰ ਨੂੰ ਹੋ ਰਹੇ ਉਦਘਾਟਨੀ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਹੋਣਗੇ ਅਤੇ ਸ਼੍ਰੋਮਣੀ ਕਮੇਟੀ ਸਮਾਗਮ ਦੀ ਦੇਖ-ਰੇਖ ਕਰੇਗੀ। ਇਸ ਉਦਘਾਟਨੀ ਸਮਾਗਮ ਵਿਚ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਅਹਿਮ ਤੇ ਨਾਮਵਰ ਸ਼ਖ਼ਸੀਅਤਾਂ ਪਹੁੰਚ ਰਹੀਆਂ ਹਨ। ਸਮਾਗਮ ਨੂੰ ਯਾਦਗਾਰ ਬਣਾਉਣ ਲਈ ਜਿਥੇ ਸ਼੍ਰੋਮਣੀ ਅਕਾਲੀ ਦਲ ਪੱਬਾਂ ਭਾਰ ਹੈ, ਉਥੇ ਪੰਜਾਬ ਸਰਕਾਰ ਵਲੋਂ ਅਜੇ ਤੱਕ ਇਸ ਸਮਾਗਮ ਤੋਂ ਦੂਰੀ ਬਣਾਈ ਹੋਈ ਹੈ, ਭਾਵੇਂ ਕਿ ਸਮਾਗਮ ਵਿਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਪਹੁੰਚ ਰਹੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੰਗਤ ਦੇ ਪਹਿਲੇ ਜਥੇ ਨੂੰ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਰਵਾਨਾ ਕਰਨਗੇ। ਅਕਾਲ ਤਖ਼ਤ ਦੇ ਜਥੇਦਾਰ ਰਾਹੀਂ ਸ਼੍ਰੋਮਣੀ ਕਮੇਟੀ ਦੇ ਸਮਾਗਮਾਂ ਨੂੰ ਮੁੱਖ ਸਮਾਗਮ ਦੀ ਮਾਨਤਾ ਦੇ ਕੇ ਬਾਦਲ ਦਲ ਨੇ ਕੈਪਟਨ ਸਰਕਾਰ ਨੂੰ ਠਿੱਬੀ ਦੇ ਦਿੱਤੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕਿੰਨੇ ਦੁੱਖ ਦੀ ਗੱਲ ਹੈ ਕਿ ਮੁੱਖ ਮੰਤਰੀ ਕਰਤਾਰਪੁਰ ਲਾਂਘੇ ਦੀ ਹੋਂਦ ਬਾਰੇ ਸੁਆਲ ਖੜ੍ਹੇ ਕਰਕੇ ਕਰੋੜਾਂ ਸਿੱਖਾਂ ਦੀ ਆਸਥਾ ਨਾਲ ਖੇਡ ਰਿਹਾ ਹੈ ਅਤੇ ਵਾਰ ਵਾਰ ਲਾਂਘੇ ਬਾਰੇ ਆਪਣੇ ਬਿਆਨ ਬਦਲ ਰਿਹਾ ਹੈ। ਪਹਿਲਾਂ ਉਸ ਨੇ ਇਸ ਦਾ ਵਿਰੋਧ ਕੀਤਾ ਸੀ। ਫਿਰ ਇਸ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਉਹ ਪਾਕਿਸਤਾਨ ਜਾਣ ਵਾਲੇ ਪਹਿਲੇ ਜਥੇ ਦੀ ਅਗਵਾਈ ਕਰੇਗਾ ਅਤੇ ਹੁਣ ਇਸ ਇਤਿਹਾਸਕ ਲਾਂਘੇ ਨੂੰ ਖੋਲ੍ਹੇ ਜਾਣ ਤੋਂ ਤਿੰਨ ਦਿਨ ਪਹਿਲਾਂ ਉਸ ਨੇ ਦੁਬਾਰਾ ਇਸ ਲਾਂਘੇ ਨੂੰ ਅਮਲ ਵਿਚ ਲਿਆਂਦੇ ਜਾਣ ਬਾਰੇ ਸੁਆਲ ਉਠਾਏ ਹਨ, ਜਿਸ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਭਾਰੀ ਸੱਟ ਵੱਜੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ 12 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਵਲੋਂ ਕਰਵਾਏ ਜਾ ਰਹੇ ਮੁੱਖ ਸਮਾਗਮ ਨੂੰ ਸਾਂਝੇ ਤੌਰ 'ਤੇ ਮਨਾਉਣ ਦੇ ਦਿੱਤੇ ਆਦੇਸ਼ ਨੂੰ ਠੁਕਰਾਉਣ ਦੇ ਆਪਣੇ ਪਾਪ ਨੂੰ ਛੁਪਾਉਣ ਲਈ ਮੁੱਖ ਮੰਤਰੀ ਜਾਣ-ਬੁੱਝ ਕੇ ਅਜਿਹੇ ਉਲਟੇ ਸਿੱਧੇ ਬਿਆਨ ਜਾਰੀ ਕਰ ਰਿਹਾ ਹੈ।

### ਲਾਂਘੇ ਵਿਰੁੱਧ ਕੈਪਟਨ ਦੀ ਰਾਜਨੀਤੀ

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਾਦਲ ਦਲ ਵਿਰੁੱਧ ਮੁਹਿੰਮ ਛੇੜ ਕੇ ਪ੍ਰਦੂਸ਼ਿਤ ਰਾਜਨੀਤੀ ਦਾ ਅਗਾਜ਼ ਕਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਇਤਿਹਾਸਕ ਮੌਕੇ 'ਤੇ ਹੋਣ ਵਾਲੇ ਸਮਾਗਮਾਂ ਵਿਚ ਬਾਦਲਾਂ ਵਲੋਂ ਚੌਧਰ ਜਮਾਉਣ ਦੀਆਂ ਕੋਸ਼ਿਸ਼ਾਂ ਨਾਲ ਉਹ ਬਰਗਾੜੀ ਤੇ ਬੇਅਦਬੀ ਦੇ ਹੋਰ ਮਾਮਲਿਆਂ ਵਿਚੋਂ ਦੁੱਧ ਧੋਤੇ ਸਾਬਤ ਨਹੀਂ ਹੋ ਸਕਦੇ। ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਵੱਖ-ਵੱਖ ਮਾਮਲਿਆਂ ਨੂੰ ਰੋਕਣ ਵਿਚ ਨਾਕਾਮ ਰਹਿਣ ਅਤੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਨਿਹੱਥੇ ਸਿੱਖਾਂ 'ਤੇ ਗੋਲੀਆਂ ਚਲਾਉਣ ਕਰਕੇ ਸਿੱਖ ਭਾਈਚਾਰੇ ਨੇ ਬਾਦਲਾਂ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ ਪਰ ਇਨ੍ਹਾਂ ਇਸ ਤੋਂ ਕੋਈ ਸਬਕ ਨਹੀਂ ਸਿੱਖਿਆ। ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਮੰਦਭਾਗੀ ਗੱਲ ਹੈ ਕਿ ਸੁਖਬੀਰ ਤੇ ਉਸ ਦੀ ਪਤਨੀ ਹਰਸਿਮਰਤ ਦੀ ਕਮਾਂਡ ਹੇਠ ਅਕਾਲੀ ਸਿੱਖ ਭਾਈਚਾਰੇ ਵਿਚ ਵੰਡੀਆਂ ਪਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ ਜਦਕਿ ਵਿਸ਼ਵ ਵਿਆਪੀ ਭਾਈਚਾਰੇ ਦਾ ਮਹਾਨ ਸੰਦੇਸ਼ ਦੇਣ ਵਾਲੇ ਗੁਰੂ ਸਾਹਿਬ ਜੀ ਦਾ ਗੁਰਪੁਰਬ ਮਨਾ ਰਹੇ ਹਨ ਜਿਨ੍ਹਾਂ ਨੇ ਅੰਤਰ-ਧਰਮ ਸਦਭਾਵਨਾ ਅਤੇ ਸੰਵਾਦ ਲਈ ਯੋਗਦਾਨ ਪਾਇਆ।

ਕੈਪਟਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਧਾਰਮਿਕ ਸੰਸਥਾ ਬਾਦਲਾਂ ਦੇ ਹੱਥਾਂ ਵਿਚ ਖੇਡ ਕੇ ਗੁਰੂ ਸਾਹਿਬ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਇਤਿਹਾਸਕ ਮੌਕੇ ਦਾ ਮਜ਼ਾਕ ਬਣਾ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਰਵਾਇਤੀ ਤੌਰ 'ਤੇ ਅਜਿਹੇ ਸਾਰੇ ਵੱਡੇ ਸਮਾਗਮ ਹਮੇਸ਼ਾ ਸੂਬਾ ਸਰਕਾਰ ਵਲੋਂ ਮਨਾਏ ਜਾਂਦੇ ਰਹੇ ਹਨ ਪਰ ਸ਼੍ਰੋਮਣੀ ਕਮੇਟੀ ਇਸ ਵਾਰ ਅਕਾਲੀਆਂ ਦੇ ਇਸ਼ਾਰੇ 'ਤੇ ਸੂਬਾ ਸਰਕਾਰ ਦੇ ਪ੍ਰੋਗਰਾਮਾਂ ਨੂੰ ਸਹਿਯੋਗ ਦੇਣ ਤੋਂ ਮੁਨਕਰ ਹੋ ਗਈ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰਤਾਰਪੁਰ ਲਾਂਘੇ ਦੇ ਖੋਲ੍ਹਣ ਸਮੇਤ ਪਾਕਿਸਤਾਨ ਸਰਕਾਰ ਵਲੋਂ ਕੀਤੇ ਹੋਰ ਉਪਰਾਲਿਆਂ ਦੇ ਸੰਦਰਭ ਵਿਚ ਗੁਆਂਢੀ ਮੁਲਕ ਦੇ ਨਾਪਾਕ ਇਰਾਦਿਆਂ ਵਿਰੁੱਧ ਚੌਕਸ ਰਹਿਣ ਦੀ ਲੋੜ ਨੂੰ ਦੁਹਰਾਉਂਦਿਆਂ ਕਿਹਾ ਕਿ ਸਿੱਖ ਭਾਈਚਾਰਾ ਪਿਛਲੇ 70 ਸਾਲਾਂ ਤੋਂ ਪਵਿੱਤਰ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘਾ ਖੋਲ੍ਹਣ ਦੀ ਮੰਗ ਕਰਦਾ ਆ ਰਿਹਾ ਸੀ ਪ੍ਰੰਤੂ ਪਾਕਿਸਤਾਨ ਵਲੋਂ ਅਚਾਨਕ ਇਸ ਮੰਗ ਨੂੰ ਸਵੀਕਾਰ ਕਰ ਲੈਣਾ ਪਾਕਿਸਤਾਨ ਦੇ ਛੁਪੇ ਇਰਾਦਿਆਂ ਦਾ ਸੰਕੇਤ ਹੈ, ਜਿਸ ਦਾ ਮਕਸਦ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸ਼ੋਸ਼ਣ ਕਰਕੇ ਭਾਈਚਾਰੇ ਵਿਚ ਦਰਾਰ ਪੈਦਾ ਕਰਨਾ ਹੈ।

ਪਰ ਮੁੱਖ ਮੰਤਰੀ ਵਲੋਂ ਲਾਂਘੇ ਨੂੰ ਪਾਕਿਸਤਾਨੀ ਖ਼ੁਫ਼ੀਆ ਏਜੰਸੀਆਂ ਦੀ ਸਾਜਿਸ਼ ਦੱਸਣਾ ਅਤੇ ਦੂਜੇ ਪਾਸੇ ਲਾਂਘੇ ਦੇ ਉਦਘਾਟਨ ਲਈ ਸਰਕਾਰੀ ਪੱਧਰ 'ਤੇ ਤਿਆਰੀਆਂ 'ਤੇ ਕਰੋੜਾਂ ਰੁਪਏ ਸਰਕਾਰੀ ਖ਼ਜ਼ਾਨੇ ਵਿਚੋਂ ਖ਼ਰਚਣ ਤੋਂ ਸਪੱਸ਼ਟ ਇਹ ਨਹੀਂ ਹੋ ਰਿਹਾ ਕਿ ਮੁੱਖ ਮੰਤਰੀ ਦੀ ਸੋਚ ਕੀ ਹੈ। ਉਹ ਅਜਿਹੇ ਬਿਆਨ ਦੇ ਕੇ ਸਿੱਖਾਂ ਨੂੰ ਨਰਾਜ਼ ਕਰਕੇ ਆਪਣਾ ਸਿਆਸੀ ਨੁਕਸਾਨ ਕਰ ਰਹੇ ਹਨ। ਕੀ ਮੁੱਖ ਮੰਤਰੀ ਲਾਂਘੇ ਦਾ ਉਦਘਾਟਨ ਕਰਨ ਅਤੇ ਪਹਿਲੇ ਜਥੇ ਨੂੰ ਕਰਤਾਰਪੁਰ ਸਾਹਿਬ ਤੋਰਨ ਲਈ 9 ਨਵੰਬਰ ਨੂੰ ਆ ਰਹੇ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਕੇਂਦਰ ਸਰਕਾਰ ਜਿਸ ਵਲੋਂ ਲਾਂਘੇ ਲਈ ਸੈਂਕੜੇ ਕਰੋੜਾਂ ਦੀ ਲਾਗਤ ਨਾਲ ਇਹ ਪ੍ਰੋਜੈਕਟ ਸ਼ੁਰੂ ਕੀਤਾ ਜਾ ਰਿਹਾ ਹੈ, ਨੂੰ ਵੀ ਮੁੱਖ ਮੰਤਰੀ ਇਸੇ ਸਾਜਿਸ਼ ਦਾ ਹਿੱਸਾ ਸਮਝ ਰਹੇ ਹਨ।


When tired of all treatments for any disease at any age Try

HOMEOPATHIC

Experienced Consultant Physician since 1973

American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,

ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568

GURDIP SINGH SANDHU

DHMS-Gold Medalist, BAMS, MDEH. - INDIA

Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170

'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.

* All Airlines * International And Domestic
* Wholesale Fares Around the World

We Will Beat or Match any Fare!




Office Hours
Mon-Fri
9am-6pm
Saturday
9am-5pm

CST. REG #2092042-40

We Also Have Special Vacation Packages

President : Avtar Singh

Contact any time from anywhere

Tel 707.302.0512, 916.340.8100 • Fax 707.425.4260

Email: bsonstravel@yahoo.com

1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# 84 ਦੇ ਕਤਲੇਆਮ ਦੌਰਾਨ ਤੇਲ ਛਿੜਕ ਕੇ ਸਿੱਖ ਸਾੜੇ

**• ਮੋਹਨ ਸਿੰਘ ਨੇ ਆਪਣੀ ਹੱਡ ਬੀਤੀ ਸਾਂਝੀ ਕੀਤੀ ਕਿ ਉਹ ਸਿੱਖਾਂ ਨੂੰ ਘਰੋਂ ਕੱਢਦੇ, ਮਾਰਦੇ, ਤੇਲ ਛਿੜਕਦੇ ਤੇ ਅੱਗ ਲਾ ਦਿੰਦੇ**



ਦਿੱਲੀ ਸਿੱਖ ਕਤਲੇਆਮ ਦੇ ਇਕ ਗਵਾਹ ਮੋਹਨ ਸਿੰਘ ਨੇ ਮੀਡੀਆ ਦੇ ਨਾਲ ਆਪਣੀ ਹੱਡ ਬੀਤੀ ਸਾਂਝੀ ਕੀਤੀ ਕਿ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਸਿੱਖਾਂ ਨੂੰ ਕਿਵੇਂ ਤੇਲ ਪਾ ਕੇ ਫੂਕਿਆ ਗਿਆ। ਮੋਹਨ ਸਿੰਘ ਰਾਜਸਥਾਨ ਦੇ ਅਲਵਰ ਦਾ ਰਹਿਣ ਵਾਲਾ ਹੈ। ਉਹ ਪਰਿਵਾਰ ਸਹਿਤ ਸ਼ਾਹਦਰਾ ਦੇ ਕਸਤੂਰਬਾ ਗਾਂਧੀ ਨਗਰ ਦਿੱਲੀ ਵਿਚ ਵਧੀਆ ਆਰਥਿਕਤਾ ਲਈ ਰਹਿਣ ਲੱਗ ਪਿਆ। ਉਹ ਆਟੋ ਰਿਕਸ਼ਾ ਚਲਾਉਂਦਾ ਸੀ। ਸਾਲ 1976 ਵਿੱਚ ਉਹ ਪਰਿਵਾਰ ਸਹਿਤ ਤ੍ਰਿਲੋਕਪੁਰੀ ਆਇਆ ਸੀ। ਤਿੰਨ ਪੁੱਤਰਾਂ ਸਣੇ ਸਾਡਾ ਪੂਰਾ ਪਰਿਵਾਰ ਉੱਥੇ ਤ੍ਰਿਲੋਕਪੁਰੀ ਵਿਚ ਰਹਿੰਦਾ ਸੀ। ਉਸ ਦਾ ਕਹਿਣਾ ਹੈ ਕਿ 31 ਅਕਤੂਬਰ 1984 ਦੀ ਸ਼ਾਮ ਦੌਰਾਨ ਉਸ ਨੇ ਰੇਡੀਓ ਅਤੇ ਟੀਵੀ 'ਤੇ ਇੰਦਰਾ ਗਾਂਧੀ ਦੀ ਮੌਤ ਦੀ ਖ਼ਬਰ ਸੁਣੀ। ਉਸ ਤੋਂ ਬਾਅਦ ਉਨ੍ਹਾਂ ਨੇ ਸਰਦਾਰਾਂ ਦੇ ਖ਼ਿਲਾਫ਼ ਹਿੰਸਾ ਦੀ ਗੱਲ ਸੁਣੀ। ਸ਼ੁਰੂ ਵਿਚ ਸਭ ਤੋਂ ਵੱਧ ਹਿੰਸਾ ਸਫ਼ਦਰਜੰਗ ਹਸਪਤਾਲ ਕੋਲ ਹੋ ਰਹੀ ਸੀ। ਮੈਂ ਉਸੇ ਇਲਾਕੇ ਵਿੱਚ ਆਟੋ ਚਲਾਉਂਦਾ ਸੀ। ਮੈਂ ਦੇਖਿਆ ਕਿ ਸਿੱਖ ਡਰਾਈਵਰਾਂ ਦੀਆਂ ਗੱਡੀਆਂ 'ਤੇ ਹਮਲੇ ਹੋ ਰਹੇ ਸਨ। ਕਈ ਲੋਕਾਂ ਨੇ ਸਾਨੂੰ ਘਰ ਵਾਪਸ ਜਾਣ ਦੀ ਸਲਾਹ ਦਿੱਤੀ। ਦੰਗਾਈਆਂ ਨੇ ਚਾਰੇ ਪਾਸੇ ਭੰਨ-ਤੋੜ ਕਰਨੀ ਸ਼ੁਰੂ ਦਿੱਤੀ ਤੇ ਧੂੰਆ ਹੀ ਨਜ਼ਰ ਰਿਹਾ ਸੀ

ਦੂਜੇ ਦਿਨ 1 ਨਵੰਬਰ ਦੀ ਸਵੇਰ ਤੋਂ ਹੀ ਕਤਲੇਆਮ ਸ਼ੁਰੂ ਹੋ ਗਿਆ ਸੀ। ਘਰ ਦੇ ਨੇੜੇ ਸ਼ਕਰਪੁਰ ਇਲਾਕਾ ਸੀ। ਮੈਂ ਸਵੇਰੇ ਦੇਖਿਆ ਕਿ ਉੱਥੇ ਅੱਗ ਲੱਗੀ ਹੋਈ ਸੀ ਅਤੇ ਹਰੇਕ ਥਾਂ ਧੂੰਆਂ ਉਠ ਰਿਹਾ ਸੀ। ਅਸੀਂ ਤ੍ਰਿਲੋਕਪੁਰੀ ਦੇ 32 ਨੰਬਰ ਬਲਾਕ ਵਿਚ ਰਹਿੰਦੇ ਸੀ। ਬਲਾਕ ਨੰਬਰ 36 ਵਿਚ ਗੁਰਦੁਆਰਾ ਸੀ। ਹਿੰਸਕ ਭੀੜ ਨੇ ਸਭ ਤੋਂ ਪਹਿਲਾਂ ਗੁਰਦੁਆਰੇ ਨੂੰ ਸਾੜਿਆ। ਹਿੰਸਕ ਭੀੜ ਨੇ ਸਿੱਖ ਵਿਰੋਧੀ ਨਾਅਰੇ ਲਗਾਉਂਦੇ ਹੋਏ ਚਾਰੇ ਪਾਸੇ ਭੰਨ-ਤੋੜ ਕਰਨੀ ਸ਼ੁਰੂ ਕਰ ਦਿੱਤੀ। ਸਾਡੇ ਕੋਲ ਸੁਰੱਖਿਆ ਦਾ ਕੋਈ ਇੰਤਜ਼ਾਮ ਨਹੀਂ ਸੀ। ਡਰੇ ਸਹਿਮੇ ਸਿੱਖ ਆਪਣੇ ਘਰਾਂ ਵਿੱਚ ਲੁਕੇ ਬੈਠੇ ਸਨ।

ਮੋਹਨ ਸਿੰਘ ਦਾ ਕਹਿਣਾ ਹੈ ਕਿ ਸ਼ਾਮ 6-7 ਵਜੇ ਕਤਲੇਆਮ ਸ਼ੁਰੂ ਹੋਇਆ। ਚਾਰੇ ਪਾਸੇ ਹਨੇਰਾ ਸੀ। ਬਿਜਲੀ, ਪਾਣੀ ਕੱਟ ਦਿੱਤਾ ਗਿਆ ਸੀ। ਇਲਾਕੇ ਵਿੱਚ ਕਰੀਬ 200 ਲੋਕਾਂ ਦੀ ਭੀੜ ਇਕੱਠੀ ਹੋ ਗਈ ਸੀ। ਉਹ ਲੋਕਾਂ ਨੂੰ ਘਰੋਂ ਕੱਢਦੇ, ਮਾਰਦੇ ਅਤੇ ਫਿਰ ਉਨ੍ਹਾਂ 'ਤੇ ਤੇਲ ਪਾ ਕੇ ਅੱਗ ਲਗਾ ਦਿੰਦੇ। ਤ੍ਰਿਲੋਕਪੁਰੀ ਦੀਆਂ ਤੰਗ ਗਲੀਆਂ ਕਾਰਨ ਸਿੱਖ ਚਾਹ ਕੇ ਵੀ ਭੱਜ ਨਹੀਂ ਸਕਦੇ ਸਨ। ਤਲਵਾਰਾਂ ਨਾਲ ਲੈਸ ਭੀੜ ਨੇ ਇਲਾਕੇ ਨੂੰ ਘੇਰਿਆ ਹੋਇਆ ਸੀ। ਮੋਹਨ ਸਿੰਘ ਨੇ ਦੱਸਿਆ ਕਿ ਰਾਤ ਦੇ ਕਰੀਬ ਸਾਢੇ ਨੌਂ ਵਜੇ ਮੈਂ ਆਪਣੇ ਵਾਲ ਕੱਟੇ ਅਤੇ ਫਿਰ ਮੈਂ ਕਿਸੇ ਤਰ੍ਹਾਂ ਬਚਦੇ-ਬਚਾਉਂਦੇ ਕਲਿਆਣਪੁਰੀ ਥਾਣੇ



ਗਿਆ। ਥਾਣੇ ਵਿੱਚ ਮੈਂ ਪੁਲਿਸ ਨੂੰ ਦੱਸਿਆ ਕਿ ਸਾਡੇ ਬਲਾਕ 32 ਵਿੱਚ ਬਹੁਤ ਸਾਰੇ ਲੋਕ ਮਾਰੇ ਗਏ ਸਨ ਅਤੇ ਉੱਥੇ ਲੁੱਟ-ਖੋਹ ਜਾਰੀ ਹੈ। ਮੈਂ ਉਨ੍ਹਾਂ ਕੋਲੋਂ ਮਦਦ ਦੀ ਗੁਹਾਰ ਲਗਾਈ ਪਰ ਮਦਦ ਕਰਨ ਦੀ ਬਜਾਇ ਉਨ੍ਹਾਂ ਨੇ ਮੈਨੂੰ ਭਜਾ ਦਿੱਤਾ। ਉਨ੍ਹਾਂ ਨੇ ਮੈਨੂੰ ਕਿਹਾ ਤੁਸੀਂ ਵੀ ਇੱਕ ਸਰਦਾਰ ਹੋ, ਦਰਅਸਲ ਮੇਰੇ ਵਾਲ ਚੰਗੀ ਤਰ੍ਹਾਂ ਕੱਟੇ ਹੋਏ ਨਹੀਂ ਸਨ। ਫਿਰ ਮੈਂ ਆਪਣੇ ਰਿਸ਼ਤੇਦਾਰ ਦੀ ਸਾਈਕਲ ਲਈ ਅਤੇ ਮੈਂ ਇਨਕਮ ਟੈਕਸ ਵਿਭਾਗ ਦਫ਼ਤਰ ਚੌਰਾਹੇ ਵੱਲ ਨਿਕਲ ਗਿਆ। ਰਸਤੇ ਵਿਚ ਮੈਂ ਦੇਖਿਆ ਕਿ ਸਰਦਾਰਾਂ 'ਤੇ ਹਮਲੇ ਹੋ ਰਹੇ ਹਨ। ਸ਼ਕਰਪੁਰ ਵਿਚ ਇੱਕ ਹੋਰ ਗੁਰਦੁਆਰਾ ਸੜ ਰਿਹਾ ਸੀ। ਹਰ ਪਾਸੇ ਮੌਤ ਹੀ ਮੌਤ ਸੀ। ਜੇਕਰ ਮੈਂ ਤ੍ਰਿਲੋਕਪੁਰੀ ਵਿਚ ਰੁਕਦਾ ਤਾਂ ਉੱਥੇ ਵੀ ਮੌਤ ਦਾ ਖ਼ਤਰਾ ਸੀ। ਮੇਰੇ ਦੋ ਛੋਟੇ ਭਰਾ ਕੇਵਲ ਸਿੰਘ ਅਤੇ ਮੇਵਲ ਸਿੰਘ ਹਿੰਸਾ ਵਿੱਚ ਮਾਰੇ ਗਏ ਸਨ। ਮੋਹਨ ਸਿੰਘ ਨੇ ਦੱਸਿਆ ਕਿ ਪੁਲੀਸ ਨੇ ਕਿਤੇ ਵੀ ਉਨ੍ਹਾਂ ਦੀ ਸੁਰੱਖਿਆ ਨਹੀਂ ਕੀਤੀ।

ਉਨ੍ਹਾਂ ਦਾ ਕਹਿਣਾ ਹੈ ਕਿ ਆਈਟੀਓ ਚੌਰਾਹੇ 'ਤੇ ਰਸਤੇ ਵਿੱਚ ਪੁਲਿਸ ਦਾ ਹੈੱਡਕੁਆਟਰ ਪੈਂਦਾ ਹੈ। ਮੈਂ ਉੱਥੇ ਪਹੁੰਚਿਆ। ਮੈਂ ਪੁਲਿਸ ਨੂੰ ਇਲਾਕੇ ਦੇ ਹਾਲਾਤ ਬਾਰੇ ਦੱਸਿਆ ਅਤੇ ਕਿਸੇ ਅਫ਼ਸਰ ਨਾਲ ਮਿਲਣ ਦੀ ਇਜ਼ਾਜਤ ਮੰਗੀ। ਪਰ ਮੈਨੂੰ ਕਿਸੇ ਨਾਲ ਵੀ ਮਿਲਣ ਨਹੀਂ ਦਿੱਤਾ।

ਕੋਲ ਹੀ ਇੰਡੀਅਨ ਐਕਸਪ੍ਰੈਸ ਅਖ਼ਬਾਰ ਦਾ ਦਫ਼ਤਰ ਸੀ। ਉੱਥੇ ਕੰਮ ਕਰਨ ਵਾਲੇ ਪੱਤਰਕਾਰ ਰਾਹੁਲ ਬੇਦੀ ਅਤੇ ਆਲੋਕ ਤੋਮਰ ਮੇਰੇ ਜਾਣਕਾਰ ਸਨ। ਉੱਥੇ ਮੈਂ ਉਨ੍ਹਾਂ ਨੂੰ ਆਪਣੀ ਸਾਰੀ ਕਹਾਣੀ ਦੱਸੀ ਅਤੇ ਮਦਦ ਮੰਗੀ। ਉਸ ਵੇਲੇ ਰਾਤ ਦੇ ਕਰੀਬ ਸਾਢੇ 11 ਵੱਜ ਗਏ ਸਨ। ਰਾਹੁਲ ਬੇਦੀ ਨੇ ਇੱਕ ਡੀਆਈਜੀ ਜਾਟਵ ਸਾਹਬ ਨੂੰ ਫੋਨ ਕੀਤਾ। ਉਨ੍ਹਾਂ ਨੇ ਜਾਟਵ ਸਾਬ੍ਹ ਨੂੰ ਕਿਹਾ ਇੱਕ ਪਾਸੇ ਤਾਂ ਪੁਲਿਸ ਦਾਅਵਾ ਕਰ ਰਹੀ ਹੈ ਕਿ ਦਿੱਲੀ ਵਿਚ ਸਿੱਖਾਂ ਦੇ ਕਤਲ ਨਹੀਂ ਹੋ ਰਹੇ ਅਤੇ ਦੂਜੇ ਪਾਸੇ ਉਨ੍ਹਾਂ ਦੇ ਦਫ਼ਤਰ ਵਿੱਚ ਇੱਕ ਵਿਅਕਤੀ ਸੈਂਕੜੇ ਸਿੱਖਾਂ ਦੇ ਮਾਰੇ ਜਾਣ ਦੀ ਗੱਲ ਕਰ ਰਿਹਾ ਹੈ। ਫਿਰ ਉਹ ਗੱਡੀ ਲੈ ਕੇ ਇਲਾਕੇ ਵੱਲ ਚੱਲ ਪਏ ਪਰ ਰਸਤੇ ਵਿੱਚ ਉਨ੍ਹਾਂ ਦੀ ਗੱਡੀ ਨੂੰ ਸਾੜ ਦਿੱਤੀ।

ਕਰੀਬ 15-20 ਦਿਨਾਂ ਬਾਅਦ ਘਰ ਦੀ ਹਾਲਤ ਦੇਖਣ ਅਸੀਂ ਵਾਪਸ ਤ੍ਰਿਲੋਕਪੁਰੀ ਗਏ। ਉੱਥੇ ਸਾਰੇ ਘਰ ਸੜੇ ਹੋਏ ਸਨ। ਉਨ੍ਹਾਂ ਨੇ ਮੈਨੂੰ ਵਾਪਸ ਤ੍ਰਿਲੋਕਪੁਰੀ ਨਹੀਂ ਜਾਣ ਦਿੱਤਾ। ਉਨ੍ਹਾਂ ਨੇ ਕਿਹਾ ਤੁਸੀਂ ਵਾਪਸ ਨਾ ਜਾਓ ਕਿਉਂਕਿ ਵਾਪਸ ਜਾਣ 'ਤੇ ਮੈਨੂੰ ਪਛਾਣ ਲਏ ਜਾਣ ਦਾ ਡਰ ਸੀ। ਉਨ੍ਹਾਂ ਨੇ ਸਾਡੀ ਕਾਫੀ ਮਦਦ ਕੀਤੀ।

ਮੈਂ ਅਗਲੇ 2-3 ਦਿਨ ਦਫ਼ਤਰ ਵਿਚ ਗੁਜਾਰੇ, ਪਰਿਵਾਰ ਬਾਰੇ ਮੈਨੂੰ ਕੋਈ ਪਤਾ ਨਹੀਂ ਸੀ। ਮੈਂ ਕਈ ਗੁਰਦੁਆਰਿਆਂ ਵਿੱਚ ਪਰਿਵਾਰ ਨੂੰ ਲੱਭਦਾ ਰਿਹਾ। ਫਿਰ ਫਰਸ਼ ਬਾਜ਼ਾਰ ਵਿੱਚ ਲੱਗੇ ਕੈਂਪ ਬਾਰੇ ਪਤਾ ਲੱਗਾ, ਜਿੱਥੇ ਮੇਰਾ ਪਰਿਵਾਰ ਸੀ। ਆਲੋਕ ਤੋਮਰ ਅਤੇ ਇੰਡੀਅਨ ਐਕਸਪ੍ਰੈਸ ਦਾ ਦੂਜਾ ਸਟਾਫ ਮੈਨੂੰ ਫਰਸ਼ ਬਾਜ਼ਾਰ ਦੇ ਕੈਂਪ ਤੱਕ ਛੱਡ ਕੇ ਆਏ। ਕੈਂਪ ਵਿੱਚ ਨਾ ਤਾਂ ਕਿਸੇ ਦੇ ਕੋਲ ਪਹਿਨਣ ਲਈ ਕੱਪੜਾ ਸੀ, ਨਾ ਖਾਣ ਲਈ ਰੋਟੀ। ਮੈਂ ਭੱਜ-ਦੌੜ ਕਰਕੇ ਲੋਕਾਂ ਨੂੰ ਬਿਸਤਰੇ ਮੁਹੱਈਆ ਕਰਵਾਏ। ਕਰੀਬ 15-20 ਦਿਨਾਂ ਬਾਅਦ ਘਰ ਦੀ ਹਾਲਤ ਦੇਖਣ ਅਸੀਂ ਵਾਪਸ ਤ੍ਰਿਲੋਕਪੁਰੀ ਗਏ। ਉੱਥੇ ਸਾਰੇ ਘਰ ਸੜੇ ਹੋਏ ਸਨ।

ਕਰੀਬ ਡੇਢ ਸਾਲ ਕੈਂਪ ਵਿੱਚ ਰਹਿਣ ਤੋਂ ਬਾਅਦ ਅਸੀਂ 1985 ਵਿਚ ਤਿਲਕ ਵਿਹਾਰ (ਪੱਛਮੀ ਦਿੱਲੀ) ਆ ਗਏ।

## ਨਿਰਪ੍ਰੀਤ ਕੌਰ ਪਿਤਾ ਦੇ ਕਤਲ ਦਾ ਬਦਲਾ ਲੈਣ ਲਈ ਬਣੀ ਸੀ ਖਾੜਕੂ

ਨਿਰਪ੍ਰੀਤ ਦੱਸਦੀ ਹੈ ਕਿ ਉਸ ਦੇ ਪਿਤਾ ਉਸ ਨੂੰ ਪਿਆਰ ਨਾਲ 'ਬੇਬੀ' ਆਖ ਕੇ ਬੁਲਾਉਂਦੇ ਸੀ। "ਜੇਕਰ 1984 ਵਿੱਚ ਮੇਰੇ ਪਿਤਾ ਦਾ ਕਤਲ ਨਾ ਹੁੰਦਾ ਤਾਂ ਮੇਰੀ ਜ਼ਿੰਦਗੀ ਕੁਝ ਹੋਰ ਹੋਣੀ ਸੀ। ਮੈਂ ਅੱਜ ਕੋਈ ਆਈਏਐੱਸ ਜਾਂ ਆਈਪੀਐੱਸ ਅਫ਼ਸਰ ਹੁੰਦੀ, ਪਰ ਇਹ ਹੋ ਨਾ ਸਕਿਆ।"

ਇਹ ਸ਼ਬਦ ਦਿੱਲੀ ਦੀ ਜੰਮਪਲ ਨਿਰਪ੍ਰੀਤ ਕੌਰ ਦੇ ਹਨ। ਨਿਰਪ੍ਰੀਤ ਮੁਤਾਬਕ ਜੇਕਰ ਘੱਲੂਘਾਰਾ 84 ਨਾ ਹੁੰਦਾ ਤਾਂ ਇੰਦਰਾ ਗਾਂਧੀ ਦੀ ਹੱਤਿਆ ਵੀ ਨਾ ਹੁੰਦੀ ਅਤੇ ਨਾ ਹੀ ਦਿੱਲੀ ਵਿਚ ਸਿੱਖਾਂ ਦਾ ਕਤਲੇਆਮ ਹੁੰਦਾ। ਨਿਰਪ੍ਰੀਤ ਆਪਣੇ ਅਤੇ ਪਰਿਵਾਰ ਨਾਲ ਹੋਈ ਵਧੀਕੀ ਦਾ ਬਦਲਾ ਲੈਣ ਲਈ 1984 ਤੋਂ ਲੈ ਕੇ ਹੁਣ ਤੱਕ ਲੜਾਈ ਲੜ ਰਹੀ ਹੈ। ਫ਼ਰਕ ਸਿਰਫ਼ ਐਨਾ ਹੈ ਕਿ ਪਹਿਲਾਂ ਉਸ ਨੇ ਬਦਲਾ ਲੈਣ ਲਈ ਹਥਿਆਰਬੰਦ ਤਰੀਕਾ ਅਜ਼ਮਾਇਆ ਅਤੇ ਹੁਣ ਉਹ ਕਾਨੂੰਨੀ ਤਰੀਕੇ ਨਾਲ ਲੜਾਈ ਲੜ ਰਹੀ ਹੈ। ਨਿਰਪ੍ਰੀਤ ਦੇ ਪਰਿਵਾਰ ਦਾ ਪਿਛੋਕੜ ਸਿਆਲਕੋਟ ਨਾਲ ਹੈ। ਵੰਡ ਤੋਂ ਬਾਅਦ ਪਿਤਾ ਪੰਜਾਬ ਆ ਗਏ ਅਤੇ ਫੌਜ ਵਿਚ ਭਰਤੀ ਹੋ ਗਏ। ਫੌਜ ਤੋਂ ਸੇਵਾਮੁਕਤ ਹੋਣ ਤੋਂ ਬਾਅਦ ਕੁਝ ਸਮਾਂ ਨੌਕਰੀ ਕਰਨ ਤੋਂ ਬਾਅਦ ਨਿਰਪ੍ਰੀਤ ਦੇ ਪਿਤਾ ਨੇ ਟੈਕਸੀ ਸਟੈਂਡ ਖ਼ਰੀਦ ਲਿਆ ਅਤੇ ਕਾਰੋਬਾਰ ਸ਼ੁਰੂ ਕਰ ਦਿੱਤਾ। ਨਿਰਪ੍ਰੀਤ ਨੇ ਕਿਹਾ ਕਿ ਪੜ੍ਹਾਈ ਵਿਚ ਉਹ ਸ਼ੁਰੂ ਤੋਂ ਹੁਸ਼ਿਆਰ ਸੀ ਅਤੇ ਸਕੂਲ ਦੀ ਪੜ੍ਹਾਈ ਖ਼ਤਮ ਕਰਨ ਤੋਂ ਬਾਅਦ ਉਸ ਨੇ ਦਿੱਲੀ ਦੇ ਵੈਂਕਟੇਸ਼ਵਰ ਕਾਲਜ ਵਿਚ ਦਾਖ਼ਲਾ ਲਿਆ ਸੀ।

ਪਾਲਮ ਕਾਲੋਨੀ ਵਿਚ ਰਹਿਣ ਵਾਲੀ ਨਿਰਪ੍ਰੀਤ ਦਾ ਪਰਿਵਾਰ ਆਰਥਿਕ ਪੱਖੋਂ ਕਾਫ਼ੀ ਖ਼ੁਸ਼ਹਾਲ ਸੀ। 1984 ਵਿਚ ਆਪਰੇਸ਼ਨ ਬਲੂ ਸਟਾਰ ਤੋਂ ਬਾਅਦ ਦਿੱਲੀ ਵਿਚ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਕਰ ਦਿੱਤੀ ਗਈ ਸੀ। ਨਵੰਬਰ 1984 ਵਿੱਚ ਦਿੱਲੀ ਵਿਚ ਹੋਏ ਕਤਲੇਆਮ ਦੌਰਾਨ ਨਿਰਪ੍ਰੀਤ ਦੀਆਂ ਅੱਖਾਂ ਸਾਹਮਣੇ ਉਸੇ ਦੇ ਪਿਤਾ ਨੂੰ ਜ਼ਿੰਦਾ ਸਾੜ ਦਿੱਤਾ ਗਿਆ ਸੀ ਅਤੇ ਉਨ੍ਹਾਂ ਦਾ ਕਾਰੋਬਾਰ ਬੁਰੀ ਤਰ੍ਹਾਂ ਤਬਾਹ ਹੋ ਗਿਆ ਸੀ। ਨਿਰਪ੍ਰੀਤ ਦਾ ਦਾਅਵਾ ਹੈ ਕਿ ਜਿੰਨ੍ਹਾਂ ਲੋਕਾਂ ਨੇ ਉਸ ਦੇ ਪਿਤਾ ਨੂੰ ਮਾਰਿਆ ਸੀ ਉਨ੍ਹਾਂ ਦਾ ਚਿਹਰਾ ਉਹ ਕਦੇ ਨਹੀਂ ਭੁੱਲ ਸਕਦੀ। ਇਸ ਘਟਨਾ ਨੇ ਵੀਹ ਸਾਲ ਦੀ ਉਮਰ ਦੀ ਨਿਰਪ੍ਰੀਤ ਦੀ ਜ਼ਿੰਦਗੀ ਦਾ ਮਕਸਦ ਹੀ ਬਦਲ ਦਿੱਤਾ। ਨਿਰਪ੍ਰੀਤ ਦੀ ਜਾਨ ਨੂੰ ਖ਼ਤਰਾ ਦੇਖ ਉਸ ਦੇ ਘਰ ਵਾਲਿਆਂ ਨੇ ਉਸ ਨੂੰ ਜਲੰਧਰ ਦੇ ਕਾਲਜ ਵਿਚ ਪੜ੍ਹਾਈ ਲਈ ਭੇਜ ਦਿੱਤਾ



ਸੀ। ਨਿਰਪ੍ਰੀਤ ਨੇ ਦੱਸਿਆ ਕਿ ਜਲੰਧਰ ਉਹ ਆ ਤਾਂ ਗਈ ਪਰ ਅੰਦਰੋਂ-ਅੰਦਰੀਂ ਪਿਤਾ ਦੀ ਮੌਤ ਦਾ ਬਦਲਾ ਉਸ ਦੇ ਦਿਮਾਗ਼ ਵਿਚ ਹਰ ਸਮੇਂ ਘੁੰਮਦਾ ਰਹਿੰਦਾ। ਪਿਤਾ ਦੀ ਮੌਤ ਦਾ ਬਦਲਾ ਲੈਣ ਲਈ ਨਿਰਪ੍ਰੀਤ ਨੇ ਇੱਕ ਖਾਲਿਸਤਾਨੀ ਰੌਸ਼ਨ ਬੈਰਾਗੀ ਨਾਲ ਵਿਆਹ ਕਰਵਾ ਲਿਆ। ਜਲੰਧਰ ਆਉਣ ਉੱਤੇ ਨਿਰਪ੍ਰੀਤ ਦਾ ਕੁਝ ਅਜਿਹੇ ਲੋਕਾਂ ਨਾਲ ਮੇਲ ਹੋਇਆ ਜੋ ਖ਼ਾਲਿਸਤਾਨ ਦੀ ਮੁਹਿੰਮ ਵਿਚ ਸ਼ਾਮਲ ਸਨ। ਨਿਰਪ੍ਰੀਤ ਮੁਤਾਬਕ ਇਸ ਤੋਂ ਪਹਿਲਾਂ ਉਹ ਪਿਤਾ ਦੀ ਮੌਤ ਦਾ ਬਦਲਾ ਲੈ ਸਕਦੀ, ਵਿਆਹ ਤੋਂ ਠੀਕ 12 ਦਿਨ ਬਾਅਦ ਉਸ ਦੇ ਪਤੀ ਦੀ ਪੁਲਿਸ ਮੁਕਾਬਲੇ ਦੌਰਾਨ ਮੌਤ ਹੋ ਗਈ। ਨਿਰਪ੍ਰੀਤ ਇਸ ਮੁਕਾਬਲੇ ਉੱਤੇ ਵੀ ਸਵਾਲ ਚੁੱਕਦੀ ਹੈ।

ਨਿਰਪ੍ਰੀਤ ਮੁਤਾਬਕ ਜਿਸ ਰਸਤੇ ਉੱਤੇ ਉਹ ਤੁਰ ਪਈ ਸੀ ਬਿਨਾਂ ਮਕਸਦ ਪੂਰਾਂ ਕੀਤੇ ਉਹ ਉੱਥੋ ਵਾਪਿਸ ਨਹੀਂ ਪਰਤ ਸਕਦੀ ਸੀ। ਇਸ ਲਈ ਉਸ ਨੇ ਆਪਣੀ ਲੜਾਈ ਹੁਣ ਖ਼ੁਦ ਲੜਨ ਦਾ ਫ਼ੈਸਲਾ ਕੀਤਾ। ਉਦੋਂ ਤੱਕ ਨਿਰਪ੍ਰੀਤ ਨੂੰ ਪੁਲਿਸ ਨੇ ਭਗੌੜਾ ਕਰਾਰ ਦੇ ਦਿੱਤਾ ਸੀ। ਇਸ ਦੌਰਾਨ ਨਿਰਪ੍ਰੀਤ ਇੱਕ ਬੱਚੇ ਦੀ ਮਾਂ ਵੀ ਬਣ ਚੁੱਕੀ ਸੀ। ਨਿਰਪ੍ਰੀਤ ਨੇ ਦੱਸਿਆ ਕਿ ਕਈ ਵਾਰ ਉਸ ਨੇ ਬਦਲਾ ਲੈਣ ਦੀ ਕੋਸ਼ਿਸ਼ ਕੀਤੀ ਪਰ ਸਫਲਤਾ ਨਹੀਂ ਮਿਲੀ। 1988 ਵਿੱਚ ਆਪਰੇਸ਼ਨ ਬਲੈਕ ਥੰਡਰ ਦੌਰਾਨ ਉਸ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਨਿਰਪ੍ਰੀਤ ਨੇ ਦੱਸਿਆ ਕਿ ਉਸ ਦੇ ਮੁੰਡੇ ਨਾਲ ਉਸ ਨੂੰ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਰੱਖਿਆ ਗਿਆ। ਨਿਰਪ੍ਰੀਤ ਨੇ ਦੱਸਿਆ ਕਿ ਉਸ ਦੇ ਮੁੰਡੇ ਨਾਲ ਉਸ ਨੂੰ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਰੱਖਿਆ ਗਿਆ। ਪੰਜਾਬ ਤੋਂ ਬਾਅਦ ਉਹ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਵੀ ਰਹੀ। ਉਸ ਦਾ ਮੁੰਡਾ ਵੀ ਜੇਲ੍ਹ ਵਿਚ ਉਸ ਦੇ ਨਾਲ ਸੀ। ਜੇਲ੍ਹ ਦੀ ਜ਼ਿੰਦਗੀ ਦੌਰਾਨ ਨਿਰਪ੍ਰੀਤ ਨੇ ਆਪਣੀ ਲੜਾਈ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਪਰ ਉਹ ਹੁਣ ਹਥਿਆਰਬੰਦ ਤਰੀਕੇ ਨਾਲ ਨਹੀਂ ਕਾਨੂੰਨੀ ਤਰੀਕੇ ਨਾਲ ਲੜਾਈ ਲੜਨਾ ਚਾਹੁੰਦੀ ਸੀ। 1990 ਵਿਚ ਜ਼ਮਾਨਤ ਉੱਤੇ ਰਿਹਾਅ ਹੋਈ। ਇਸ ਤੋ ਬਾਅਦ ਨਿਰਪ੍ਰੀਤ ਕੌਰ ਨੂੰ ਫਿਰ ਗ੍ਰਿਫ਼ਤਾਰ ਕਰ ਲਿਆ ਗਿਆ। 1996 ਵਿਚ ਉਹ ਮੁੜ ਬਰੀ ਹੋ ਗਈ।

ਜੇਲ੍ਹ ਵਿੱਚੋਂ ਬਾਹਰ ਆਉਣ ਤੋਂ ਬਾਅਦ ਨਿਰਪ੍ਰੀਤ ਲਈ ਸਭ ਤੋਂ ਔਖਾ ਸੀ ਜ਼ਿੰਦਗੀ ਨੂੰ ਮੁੜ ਤੋਂ ਸ਼ੁਰੂ ਕਰਨਾ ਇਸ ਲਈ ਉਸ ਨੂੰ ਕਾਫ਼ੀ ਮਿਹਨਤ ਵੀ ਕਰਨੀ ਪਈ। ਨਿਰਪ੍ਰੀਤ ਦੱਸਦੀ ਹੈ ਕਿ ਉਸ ਨੇ ਸਬੂਤਾਂ ਨਾਲ ਅਦਾਲਤ ਵਿੱਚ ਜਾ ਕੇ ਆਪਣੇ ਪਰਿਵਾਰ ਨਾਲ ਹੋਈ ਵਧੀਕੀ ਖ਼ਿਲਾਫ਼ ਲੜਾਈ ਲੜਨ ਦਾ ਫ਼ੈਸਲਾ ਕੀਤਾ। ਪਿਛਲੇ ਕਈ ਸਾਲਾਂ ਤੋਂ ਨਿਰਪ੍ਰੀਤ ਕਾਨੂੰਨੀ ਲੜਾਈ ਲੜ ਰਹੀ ਹੈ।

ਅੰਮ੍ਰਿਤਸਰ ਟਾਈਮਜ਼
AMRITSAR TIMES
06 ਨਵੰਬਰ 2019 ਤੋਂ 12 ਨਵੰਬਰ 2019

# .ਗੈਰ ਜਿੰਮੇਵਾਰਾਨਾ ਬਿਆਨਬਾਜ਼ੀ

ਦੁਨੀਆ ਭਰ ਦੇ ਸਿੱਖ ਅਤੇ ਨਾਨਕ ਨਾਮਲੇਵਾ ਸੰਗਤਾਂ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਮਨਾਉਣ ਲਈ ਪੱਬਾਂ ਭਾਰ ਹਨ ਅਤੇ ਭਾਰਤੀ ਪੰਜਾਬ ਵਿਚ ਸੁਲਤਾਨਪੁਰ ਲੋਧੀ ਅਤੇ ਡੇਰਾ ਬਾਬਾ ਨਾਨਕ ਵਿਖੇ ਇਹ ਸਮਾਗਮ ਸ਼ੁਰੂ ਹੋ ਚੁੱਕੇ ਹਨ। ਸੁਲਤਾਨਪੁਰ ਲੋਧੀ ਵਿਖੇ ਇਕ ਹੀ ਜਗ੍ਹਾ ਤੇ ਸਾਂਝਾ ਸਮਾਗਮ ਕਰਾਉਣ ਦੀਆਂ ਕੋਸ਼ਿਸ਼ਾਂ ਨਾਕਾਮ ਰਹਿਣ ਮਗਰੋਂ ਪੰਜਾਬ ਸਰਕਾਰ ਵਲੋਂ ਵੇਈਂ ਨਦੀ ਕਿਨਾਰੇ ਬਣਾਏ ਟੈਂਟ ਸਿਟੀ ਵਿਚ ਸ੍ਰੀ ਗੁਰੂ ਨਾਨਕ ਦਰਬਾਰ ਵਿਖੇ ਸ੍ਰੀ ਸਹਿਜ ਪਾਠ ਸਾਹਿਬ ਦੀ ਆਰੰਭਤਾ ਨਾਲ ਸਮਾਗਮਾਂ ਦਾ ਆਗਾਜ਼ ਹੋ ਚੁੱਕਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਕ ਨਿਮਾਣੇ ਸਿੱਖ ਵਜੋਂ ਖੁਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਦੀ ਸੇਵਾ ਨਿਭਾਈ ਅਤੇ ਸੰਤ ਸਮਾਜ ਦੀਆਂ ਬਹੁਤ ਸਾਰੀਆਂ ਸੰਪਰਦਾਵਾਂ ਇਸ ਮੌਕੇ ਹਾਜ਼ਰ ਹੋਈਆਂ।

ਸਾਡੇ ਸਮਿਆਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਮਨਾਉਣਾ ਇਕ ਵਡਭਾਗੀ ਗੱਲ ਹੈ ਤੇ ਇਸ ਮੌਕੇ ਦੁਨੀਆ ਭਰ ਦੇ ਸਿੱਖਾਂ ਲਈ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਨਾਲ ਜੁੜੇ ਸਥਾਨ ਸ੍ਰੀ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਵਾਸਤੇ ਭਾਰਤ-ਪਾਕਿਸਤਾਨ ਸਰਹੱਦ ਤੇ ਡੇਰਾ ਬਾਬਾ ਨਾਨਕ ਨੇੜੇ ਬਣ ਰਹੇ ਲਾਂਘੇ (ਕੋਰੀਡੋਰ) ਦਾ ਉਦਘਾਟਨ ਵੀ ਹੋ ਰਿਹਾ ਹੈ। ਪਾਕਿਸਤਾਨ ਵਾਲੇ ਪਾਸੇ ਉਥੋਂ ਦੇ ਵਜ਼ੀਰੇ ਆਜ਼ਮ ਇਮਰਾਨ ਖਾਨ ਇਸ ਦਾ ਉਦਘਾਟਨ ਕਰਨਗੇ ਜਦਕਿ ਡੇਰਾ ਬਾਬਾ ਨਾਨਕ ਨੇੜੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਸ ਕੌਮਾਂਤਰੀ ਲਾਂਘੇ ਦੀ ਸ਼ੁਰੂਆਤ ਕਰਨਗੇ।

ਦੁੱਖ ਦੀ ਗੱਲ ਇਹ ਹੈ ਕਿ ਗੁਰੂ ਸਾਹਿਬ ਦੇ 550ਸਾਲਾ ਸਮਾਗਮਾਂ ਅਤੇ ਇਤਿਹਾਸਕ ਲਾਂਘੇ ਦੀ ਸ਼ੁਰੂਆਤ ਮੌਕੇ ਬੇਸ਼ੱਕ ਸਿੱਖ ਸ਼ਰਧਾਲੂ ਇਕਜੁੱਟ ਅਤੇ ਪੂਰੀ ਤਰ੍ਹਾਂ ਉਤਸ਼ਾਹਤ ਹਨ ਪਰ ਪੰਜਾਬ ਦੀਆਂ ਸਿਆਸੀ ਧਿਰਾਂ ਖਾਸ ਕਰਕੇ ਸੱਤਾਧਾਰੀ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਅਜੇ ਵੀ ਆਪਣੀਆਂ ਸਿਆਸੀ ਰੋਟੀਆਂ ਸੇਕਣ ਦੀ ਹੋੜ ਵਿਚ ਲੱਗੀਆਂ ਹੋਈਆਂ ਹਨ। ਪਿਛਲੇ ਦਿਨੀਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਲਾਂਘੇ ਬਾਰੇ ਬਹੁਤ ਹੀ ਮੰਦਭਾਗਾ ਬਿਆਨ ਦਿੱਤਾ ਕਿ ਇਸ ਲਾਂਘੇ ਪਿੱਛੇ ਪਾਕਿਸਤਾਨ ਖੁਫ਼ੀਆ ਏਜੰਸੀਆਂ ਦੀ ਚਾਲ ਹੈ। ਹੋ ਸਕਦਾ ਹੈ ਕਿ ਮੁੱਖ ਮੰਤਰੀ ਕੋਲ ਕੋਈ ਖੁਫ਼ੀਆ ਇਨਪੁੱਟ ਹੋਵੇ ਕਿ ਲਾਂਘੇ ਨੂੰ ਕਿਸੇ ਏਜੰਸੀ ਵਲੋਂ ਵਰਤਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਪਰ ਮੁੱਖ ਮੰਤਰੀ ਦਾ ਇਹ ਸਰੋਕਾਰ ਆਪਣੇ ਪ੍ਰਸ਼ਾਸਨ ਜਾਂ ਕੇਂਦਰੀ ਏਜੰਸੀਆਂ ਦੇ ਪੱਧਰ 'ਤੇ ਹੋਣਾ ਚਾਹੀਦਾ ਸੀ ਨਾ ਕਿ ਜਨਤਕ ਬਿਆਨਬਾਜ਼ੀ ਹੋਣੀ ਚਾਹੀਦੀ ਸੀ। ਇਹ ਬਿਆਨ ਅਸਿੱਧੇ ਤੌਰ 'ਤੇ ਇਹ ਪ੍ਰਭਾਵ ਦਿੰਦਾ ਹੈ ਕਿ ਪੰਜਾਬ ਸਰਕਾਰ ਖ਼ਾਸ ਕਰਕੇ ਕਾਂਗਰਸ ਪਾਰਟੀ ਇਹ ਲਾਂਘਾ ਬਣਨ ਤੇ ਰਾਜ਼ੀ ਨਹੀਂ ਹੈ। ਕੋਈ ਤਿੰਨ ਮਹੀਨੇ ਪਹਿਲਾਂ ਬੀਜੇਪੀ ਦੇ ਸੀਨੀਅਰ ਨੇਤਾ ਸੁਬਰਾਮਨੀਅਮ ਸਵਾਮੀ ਨੇ ਵੀ ਅਜਿਹਾ ਹੀ ਬਿਆਨ ਦਿੱਤਾ ਸੀ ਕਿ ਇਹ ਕੋਰੀਡੋਰ ਨਹੀਂ ਬਣਨਾ ਚਾਹੀਦਾ। ਸ਼੍ਰੋਮਣੀ ਅਕਾਲੀ ਦਲ ਆਪਣੇ ਤਰੀਕੇ ਨਾਲ ਇਸ ਦਾ ਲਾਹਾ ਲੈਣ ਦੀ ਕੋਸ਼ਿਸ਼ ਕਰ ਰਿਹਾ ਹੈ। ਹੋ ਸਕਦਾ ਹੈ ਕਿ ਭਾਰਤੀ ਰਾਜਨੀਤੀ ਦੇ ਪ੍ਰਸੰਗ ਵਿਚ ਬੀਜੇਪੀ ਅਤੇ ਕਾਂਗਰਸ ਦੇ ਇਹ ਬਿਆਨ ਕੋਈ ਮਾਅਨੇ ਰੱਖਦੇ ਹੋਣ ਪਰ ਆਮ ਸਿੱਖਾਂ ਅਤੇ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਅਭਿਲਾਸ਼ੀਆਂ ਨੂੰ ਇਕ ਗੱਲ ਬਹੁਤ ਹੀ ਬੇਤੁਕੀ ਜਾਪਦੀ ਹੈ ਕਿ ਇਕ ਪਾਸੇ ਸਰਕਾਰ ਦੇ ਪੱਧਰ 'ਤੇ ਨਿਰਮਾਣ ਦੇ ਕਾਰਜ ਚੱਲ ਰਹੇ ਹੋਣ ਅਤੇ ਪੂਰੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹੋਣ ਪਰ ਸਿਆਸੀ ਤੌਰ 'ਤੇ ਬਿਲਕੁਲ ਵੱਖਰਾ ਸਟੈਂਡ ਲਿਆ ਜਾਵੇ। ਸੋਚਣ ਵਾਲੀ ਗੱਲ ਇਹ ਹੈ ਕਿ ਜਿਸ ਮੁਲਕ ਨਾਲ ਬਕਾਇਦਾ ਸਫਾਰਤੀ ਸਬੰਧ ਹੋਣ ਅਤੇ ਦੁਵੱਲਾ ਵਪਾਰ ਚੱਲ ਰਿਹਾ ਹੋਵੇ, ਇਸ ਤੋਂ ਅੱਗੇ ਲਾਂਘੇ ਸਬੰਧੀ ਸਹਿਮਤੀ ਪੱਤਰ ਉਪਰ ਦਸਤਖਤ ਵੀ ਹੋ ਗਏ ਹੋਣ, ਫਿਰ ਇਸ ਨੂੰ ਵੱਖਰਾ ਸਿਆਸੀ ਰੰਗ ਦੇਣਾ ਕਿੱਧਰ ਦੀ ਕੂਟਨੀਤੀ ਜਾਂ ਰਾਜਨੀਤੀ ਹੈ। ਜਿਥੋਂ ਤੱਕ ਦਹਿਸ਼ਤੀ ਕਾਰਵਾਈਆਂ ਜਾਂ ਹੋਰ .ਗੈਰ ਕਾਨੂੰਨੀ ਤੇ ਸਰਹੱਦੀ ਉਲੰਘਣਾ ਵਾਲੀਆਂ ਗਤੀਵਿਧੀਆਂ ਦਾ ਸਬੰਧ ਹੈ ਇਹ ਕਦੇ ਵੀ ਕਿਸੇ ਜਾਇਜ਼ ਸਰਹੱਦੀ ਰਸਤੇ ਦੀਆਂ ਮੁਥਾਜ ਨਹੀਂ ਹੁੰਦੀਆਂ, ਇਨ੍ਹਾਂ ਨੂੰ ਸਰ ਜ਼ਮੀਨ ਦੇ ਕਾਨੂੰਨਾਂ ਪ੍ਰਤੀ ਸੁਹਿਰਦ ਯਤਨ ਕਰਕੇ ਰੋਕਿਆ ਜਾ ਸਕਦਾ ਹੈ।

ਕੈਪਟਨ ਅਮਰਿੰਦਰ ਸਿੰਘ ਦੇ ਇਸ ਬਿਆਨ ਤੋਂ ਕੋਈ ਸਪਸ਼ਟ ਭਾਵਨਾ ਸਮਝ ਨਹੀਂ ਆ ਰਹੀ। ਕੀ ਅਜਿਹਾ ਬਿਆਨ ਦੇਣਾ ਉਨ੍ਹਾਂ ਦੀ ਸਿਆਸੀ ਮਜ਼ਬੂਰੀ ਸੀ ਜਾਂ ਕੇਂਦਰ ਸਰਕਾਰ ਦੇ ਕਿਸੇ ਇਸ਼ਾਰੇ 'ਤੇ ਅਜਿਹਾ ਕੀਤਾ ਗਿਆ ਹੈ। ਕੈਪਟਨ ਅਮਰਿੰਦਰ ਸਿੰਘ ਬਾਰੇ ਬੁੱਧੀਜੀਵੀ ਵਰਗ ਵਿਚ ਇਹ ਗੱਲ ਆਮ ਚਲਦੀ ਹੈ ਕਿ ਉਹ ਖੋਜੀ ਬਿਰਤੀ ਵਾਲੇ ਸਿਆਸੀ ਨੇਤਾ ਹਨ ਜੋ ਪਹਿਲਾਂ ਹੀ ਪੰਜਾਬ ਦੇ ਇਤਿਹਾਸਕ ਪਿਛੋਕੜ ਅਤੇ ਹਾਲਾਤ ਬਾਰੇ ਕਈ ਕਿਤਾਬਾਂ ਲਿਖ ਚੁੱਕੇ ਹਨ ਅਤੇ ਉਨ੍ਹਾਂ ਵੱਲੋਂ ਇਕ ਕਿਤਾਬ ਉਪਰ ਕੰਮ ਹੋ ਰਿਹਾ ਹੈ ਪਰ ਇਸ ਨਾਜ਼ੁਕ ਮੌਕੇ 'ਤੇ ਅਜਿਹਾ ਸਿੱਧਾ ਬਿਆਨ ਦੇਣ ਨਾਲ ਸਿੱਖਾਂ ਦੇ ਮਨਾਂ ਨੂੰ ਠੇਸ ਲੱਗੀ ਹੈ ਜਿਸ ਦਾ ਪ੍ਰਤੀਕਰਮ ਸ਼ੋਸ਼ਲ ਮੀਡੀਆ ਉਪਰ ਲਗਾਤਾਰ ਆ ਰਿਹਾ ਹੈ। ਬਿਨਾਂ ਸ਼ੱਕ ਇਸ ਲਾਂਘੇ ਦੀ ਸ਼ੁਰੂਆਤ ਪਾਕਿਸਤਾਨ ਵੱਲੋਂ ਹੋਈ ਹੈ ਪਰ ਉਨ੍ਹਾਂ ਲੱਖਾਂ ਸਿੱਖਾਂ ਦੀ ਅਰਦਾਸ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ਜੋ ਡੇਰਾ ਬਾਬਾ ਨਾਨਕ ਨੇੜੇ ਰਾਵੀ ਦਰਿਆ ਦੇ ਕੰਢੇ ਖੜੋ ਕੇ ਲਗਾਤਾਰ ਖੁੱਲ੍ਹੇ ਦਰਸ਼ਨ ਦੀਦਾਰ ਦੀਆਂ ਬੇਨਤੀਆਂ ਕਰਦੇ ਆ ਰਹੇ ਹਨ। ਇਸ ਪਾਕ ਪਵਿੱਤਰ ਮੌਕੇ 'ਤੇ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਸਮਝਣਾ ਚਾਹੀਦਾ ਹੈ ਅਤੇ ਆਪਣਾ ਸਿਆਸੀ ਮੁਫ਼ਾਦ ਪਿੱਛੇ ਰੱਖਣਾ ਚਾਹੀਦਾ ਹੈ।

## ਕਰਤਾਰਪੁਰ ਦਾ ਲਾਂਘਾ

# ਭਾਰਤ-ਪਾਕਿ ਦੂਰੀਆਂ ਮੇਟੇਗਾ

**ਤਾਇਬਾ ਬੁਖਾਰੀ**



ਇਤਿਹਾਸ ਇਹ ਕਦੇ ਨਹੀਂ ਭੁਲਾ ਸਕਦਾ ਕਿ ਇਕ ਪਾਸੇ ਕੰਟਰੋਲ ਰੇਖਾ 'ਤੇ ਗੋਲੀਬਾਰੀ, ਗੋਲਾਬਾਰੀ ਜਾਰੀ ਸੀ ਅਤੇ ਸਰਹੱਦ ਦੇ ਦੋਵਾਂ ਪਾਸਿਆਂ 'ਤੇ ਫ਼ੌਜੀ ਜਵਾਨਾਂ 'ਤੇ ਆਮ ਲੋਕਾਂ ਦੀਆਂ ਲਾਸ਼ਾਂ ਡਿਗ ਰਹੀਆਂ ਸਨ। ਭਾਰਤ, ਪਾਕਿਸਤਾਨ ਵਿਚ 'ਸਰਜੀਕਲ ਸਟ੍ਰਾਈਕ' ਦਾ ਦਾਅਵਾ ਕਰ ਰਿਹਾ ਸੀ ਤੇ ਪਾਕਿਸਤਾਨ ਅੰਤਰਰਾਸ਼ਟਰੀ ਭਾਈਚਾਰੇ ਦੇ ਕੂਟਨੀਤਕਾਂ ਨੂੰ ਕੰਟਰੋਲ ਰੇਖਾ ਦਾ ਦੌਰਾ ਕਰਵਾ ਰਿਹਾ ਸੀ। ਇਸ ਸਾਰੇ ਤਣਾਅ ਦੇ ਬਾਵਜੂਦ ਇਤਿਹਾਸ ਦੇਖ ਰਿਹਾ ਸੀ ਕਿ ਵਾਰ ਵਾਰ ਤਰੀਕਾਂ ਅੱਗੇ ਪਿੱਛੇ ਹੁੰਦੀਆਂ ਰਹੀਆਂ ਪਰ ਦੋਵਾਂ ਦੇਸ਼ਾਂ ਨੂੰ ਇਕ ਮੇਜ਼ 'ਤੇ ਦੋ ਝੰਡੇ ਇਕੱਠੇ ਲਾਉਣੇ ਪੈ ਹੀ ਗਏ। ਇਕ ਮੇਜ਼ 'ਤੇ ਦੋ ਕੁਰਸੀਆਂ ਲਾਗੋ ਲਾਗੀ ਡਾਹੁਣੀਆਂ ਪੈ ਹੀ ਗਈਆਂ। ਸਗੋਂ ਇਹ ਕਹਿਣਾ ਚਾਹੀਦਾ ਹੈ ਕਿ ਸਰਹੱਦ 'ਤੇ ਇਕ ਦੂਜੇ ਦਾ ਲਹੂ ਵਹਾਉਣ ਵਾਲੇ, ਗੋਲੀ ਤੇ ਬੰਬ ਦੀ ਭਾਸ਼ਾ ਬੋਲਣ ਵਾਲਿਆਂ ਨੂੰ ਲਹੂ ਦੀ ਥਾਂ ਕਲਮ ਦੀ ਸਿਆਹੀ ਦੀ ਤਾਕਤ ਨੂੰ ਤਸਲੀਮ ਕਰਨਾ ਹੀ ਪਿਆ, ਇਕ ਦੂਜੇ ਨਾਲ ਬੈਠਣਾ ਹੀ ਪਿਆ, ਭਾਵ ਕਿ ਕਰਤਾਰਪੁਰ ਲਾਂਘਾ ਸਮਝੌਤੇ 'ਤੇ ਦਸਤਖ਼ਤ ਕਰਨੇ ਹੀ ਪਏ। ਇਹ ਤਸਵੀਰ ਅਖ਼ਬਾਰਾਂ ਤੇ ਟੀ.ਵੀ. ਚੈਨਲਾਂ ਉੱਤੇ ਦੇਖ ਕੇ ਪੂਰੀ ਦੁਨੀਆ ਦੇ ਸਿਰਫ ਸਿੱਖ ਭਾਈਚਾਰੇ ਨੇ ਹੀ ਨਹੀਂ ਸਗੋਂ ਹਰ ਅਮਨ ਪਸੰਦ ਨੇ ਜੀਅ ਜਾਨ ਨਾਲ ਜੈਕਾਰਾ ਛੱਡਿਆ ਹੋਵੇਗਾ, 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ'। ਇਸ ਜੈਕਾਰੇ ਦਾ ਉਰਦੂ ਵਿਚ ਭਾਵ ਬਿਆਨ ਕਰਿਆ ਤਾਂ 'ਨਿਹਾਲ' ਦਾ ਮਤਲਬ ਹੁੰਦਾ ਹੈ ਖੁਸ਼ਹਾਲੀ, ਬਹਾਰ। ਕਰਤਾਰਪੁਰ ਲਾਂਘੇ ਦੇ ਸਮਝੌਤੇ ਨੇ 'ਨਿਹਾਲ' ਦਾ ਸਾਰਾ ਮਤਲਬ ਪੂਰਾ ਕਰ ਦਿੱਤਾ ਹੈ। ਸਿੱਖ, ਮੁਸਲਮਾਨ, ਹਿੰਦੂ, ਪਾਰਸੀ, ਈਸਾਈ ਸਭ ਇਹ ਲਾਂਘਾ ਖੁੱਲ੍ਹਣ ਨਾਲ ਨਿਹਾਲ ਹੋ ਜਾਣਗੇ। ਨ.ਫ਼ਰਤ ਦੀ ਖਿੱਝਣ ਮੁੱਕ ਜਾਏਗੀ, ਪਿਆਰ ਤੇ ਅਮਨ ਦੀ ਬਹਾਰ ਆ ਜਾਵੇਗੀ। ਅਸੀਂ ਸਭ ਦੂਰ ਦੂਰ ਰਹਿ ਕੇ ਗੁਰੂ ਦੇ ਦਰਸ਼ਨ ਨੂੰ ਨਹੀਂ ਤਰਸਾਂਗੇ ਸਗੋਂ ਬਾਬੇ ਦੇ ਦਰ 'ਤੇ ਮੱਥਾ ਟੇਕ ਕੇ ਅਮੀਰ ਹੋ ਜਾਵਾਂਗੇ। ਬਾਬੇ ਦਾ ਲੰਗਰ ਅੰਦਰ ਦੀ ਮੈਲ ਸਾਫ਼ ਕਰ ਦਏਗਾ।

ਅਸੀਂ ਤੁਹਾਨੂੰ ਸਭ ਨੂੰ ਇਹ ਦੱਸਣਾ ਚਾਹੁੰਦੇ ਹਾਂ ਕਿ ਪਾਕਿਸਤਾਨ ਤੇ ਪਾਕਿਸਤਾਨੀ ਹੀ ਨਹੀਂ, ਸਗੋਂ ਅਮਰੀਕਾ ਵੀ ਕਰਤਾਰਪੁਰ ਸਮਝੌਤੇ ਤੋਂ ਬਹੁਤ ਖੁਸ਼ ਹੈ। ਅਮਰੀਕੀ ਵਿਦੇਸ਼ ਦਫ਼ਤਰ ਨੇ ਕਿਹਾ ਹੈ ਕਿ 'ਅਮਰੀਕਾ ਭਾਰਤ-ਪਾਕਿ ਸਮਝੌਤੇ ਦਾ ਸਵਾਗਤ ਕਰਦਾ ਹੈ ਤੇ ਨਵੰਬਰ ਵਿਚ ਲਾਂਘੇ ਦੇ ਖੁੱਲ੍ਹਣ ਦਾ ਸ਼ਿੱਦਤ ਨਾਲ ਇੰਤਜ਼ਾਰ ਕਰ ਰਿਹਾ ਹੈ, ਕਿਉਂਕਿ ਇਸ ਦੇ ਖੁੱਲ੍ਹਣ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਲੋਕਾਂ ਦੇ ਆਪਸੀ ਸਬੰਧ ਅੱਗੇ ਵਧਣਗੇ। ਦੋ ਗੁਆਂਢੀ ਦੇਸ਼ਾਂ ਵਿਚ ਰਿਸ਼ਤੇ ਵਧੀਆ ਹੋਣਾ ਇਕ ਚੰਗੀ ਖ਼ਬਰ ਹੈ।' ਪਾਕਿਸਤਾਨ ਦੇ ਵਿਦੇਸ਼ ਦਫ਼ਤਰ ਦੀ ਖੁਸ਼ੀ ਵੀ ਕਿਸੇ ਤੋਂ ਲੁਕੀ ਨਹੀਂ ਹੈ। ਪੂਰੇ ਦੇਸ਼ ਵਿਚ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ ਕਿ ਜੰਗ ਅਤੇ ਡਰਾਵੇ ਤੋਂ ਇਲਾਵਾ ਵੀ ਕੁਝ ਸੁਣਨ ਜਾਂ ਵੇਖਣ ਨੂੰ ਮਿਲਿਆ ਹੈ। ਪਾਕਿਸਤਾਨੀ ਖੁਸ਼ੀਆਂ ਮਨਾਉਣ ਵਿਚ ਕਦੇ ਵੀ ਕੰਜੂਸੀ ਨਹੀਂ ਕਰਦੇ ਤੇ ਇਸ ਵਾਰੀ ਤਾਂ ਅਜਿਹੀ ਸ਼ੁਰੂਆਤ ਹੋ ਰਹੀ ਹੈ, ਜਿਸ ਦਾ ਅੰਤ ਨਹੀਂ ਹੋਣਾ। ਸਭ ਨੂੰ ਪਿਆਰ ਤੇ ਜੋੜਨ ਦਾ ਸੰਦੇਸ਼ ਦੇਣਾ ਹੈ, ਜਿਸ ਨੇ ਤੋੜਨ ਤੇ ਵੰਡਣ ਦੀ ਹਰ ਗੱਲ, ਹਰ ਰੀਤ ਮੁਕਾ ਦੇਣੀ ਹੈ। ਪਾਕਿਸਤਾਨ ਦੇ ਵਿਦੇਸ਼ ਦਫ਼ਤਰ ਦੇ ਬੁਲਾਰੇ ਡਾ: ਫੈਜ਼ਲ ਦੇ ਬਿਆਨ ਤੋਂ ਸਾਫ਼ ਨਜ਼ਰ ਆ ਰਿਹਾ ਹੈ ਕਿ ਪਾਕਿਸਤਾਨ ਤੇ ਉਸ ਦਾ ਬਸੀ ਕਾ ਕਰਤਾਰਪੁਰ ਲਾਂਘੇ ਸਮਝੌਤੇ ਤੋਂ ਕਿੰਨੇ ਖੁਸ਼ ਹਨ। ਡਾ: ਫੈਜ਼ਲ ਦੇ ਇਹ ਸ਼ਬਦ ਵੀ ਇਤਿਹਾਸ 'ਚ ਮਹਿਫ਼ੂਜ਼ ਰਹਿਣਗੇ। 'ਇਹ ਸਮਝੌਤਾ ਇਸਲਾਮਿਕ ਸਿੱਖਿਆ ਦੇ ਅਨੁਸਾਰ ਹੋਰਾਂ ਧਰਮਾਂ ਦੀ ਇੱਜ਼ਤ ਦਾ ਅਮਲੀ ਸਬੂਤ ਹੈ। ਯਾਤਰੀ ਬਿਨਾਂ ਵੀਜ਼ਾ ਗੁਰਦੁਆਰਾ ਕਰਤਾਰਪੁਰ ਆ ਸਕਣਗੇ।' ਤੁਹਾਨੂੰ ਇਹ ਜਾਣ ਕੇ ਹੋਰ ਖੁਸ਼ੀ ਹੋਵੇਗੀ ਕਿ ਕਰਤਾਰਪੁਰ ਲਾਂਘੇ ਵਿਚ ਡਾਕਟਰੀ ਸਹਾਇਤਾ ਲਈ ਛੋਟਾ ਹਸਪਤਾਲ ਤੇ ਮੀਡੀਆ ਕੇਂਦਰ ਵੀ ਬਣਾਇਆ ਗਿਆ ਹੈ ਤੇ ਸਭ ਤੋਂ ਵੱਡੀ ਖ਼ਬਰ ਇਹ ਹੈ ਕਿ ਪ੍ਰਧਾਨ ਮੰਤਰੀ ਇਮਰਾਨ ਖਾਨ 28 ਅਕਤੂਬਰ ਨੂੰ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖ ਚੁੱਕੇ ਹਨ। ਨਨਕਾਣਾ ਸਾਹਿਬ ਵਿਚ ਇਸ ਤਕਰੀਬ ਦਾ ਸਾਰਾ ਇੰਤਜ਼ਾਮ ਵੀ ਸੰਪੂਰਨ ਕਰ ਲਿਆ ਗਿਆ ਹੈ। ਇਸ ਤਕਰੀਬ ਵਿਚ ਵਿਦੇਸ਼ੀ ਦੂਤ, (ਲਹਿੰਦੇ) ਪੰਜਾਬ ਦੇ ਮੁੱਖ ਮੰਤਰੀ,

ਬਾਕੀ ਸਫ਼ਾ 35 'ਤੇ

# ਮੇਰੀ ਸਭ ਤੋਂ ਵੱਡੀ ਚੁਣੌਤੀ : ਸੰਪਾਦਕ

**ਸੁਰਿੰਦਰ ਸਿੰਘ**

ਪੰਜਾਬੀ ਪੱਤਰਕਾਰੀ 'ਚ ਇਸ ਵੇਲ਼ੇ ਨਵੇਂ ਤਜ਼ਰਬੇ ਚੱਲ ਰਹੇ ਹਨ। ਸੋਸ਼ਲ ਮੀਡੀਆ ਦੇ ਜ਼ਬਰਦਸਤ ਉਭਾਰ ਨੇ ਪ੍ਰਿੰਟ ਮੀਡੀਆ ਦੀ ਥੋੜੀ ਬਹੁਤੀ ਬਚਦੀ ਜਾਨ ਵੀ ਕੱਢ ਲਈ ਹੈ। ਇਲੈਕਟ੍ਰਾਨਿਕ ਵਿਜ਼ੂਅਲ ਨਿਊਜ਼ ਦੇ ਇਸ ਤੇਜ਼ ਤਰਾਰ ਜ਼ਮਾਨੇ ਨੇ ਖਬਰਾਂ ਦੀ ਦੁਨੀਆ 'ਚ ਸਥਾਪਤ ਕਦਰਾਂ ਕੀਮਤਾਂ ਨੂੰ ਤਹਿਸ ਨਹਿਸ ਕਰਕੇ ਰੱਖ ਦਿੱਤਾ ਹੈ। ਬ੍ਰੇਕਿੰਗ ਨਿਊਜ਼ ਦੇਣ ਦੀ ਦੌੜ ਨੇ ਤੱਥਾਂ ਅਤੇ ਖਬਰ ਪਿੱਛੇ ਦੀ ਅਸਲੀਅਤ ਅਤੇ ਅਹਿਮੀਅਤ ਖਤਮ ਕਰ ਦਿਤੀ ਹੈ। ਖਬਰਾਂ ਦੇ ਅਜਿਹੇ ਦੌਰ ਦੇ ਚਲਦਿਆਂ ਸਿੱਖਾਂ ਦੀ ਕੌਮੀਅਤ ਨਾਲ ਜੁੜੇ ਸਵਾਲ ਹੋਰ ਉਲਝੇ ਹਨ। ਪ੍ਰਚਾਰਕਾਂ ਅਤੇ ਪੰਥਕ ਅਖਵਾਏ ਜਾਣ ਵਾਲੀਆਂ ਜਥੇਬੰਦੀਆਂ ਅਤੇ ਪਾਰਟੀਆਂ ਦੇ ਆਗੂਆਂ ਨੇ ਸਿੱਖਾਂ ਦਾ ਮੌਜੂ ਬਣਾ ਕੇ ਰੱਖ ਦਿੱਤਾ ਹੈ। ਪੰਜਾਬ ਦੇ ਪਾਣੀਆਂ, ਪੰਜਾਬ ਦੀ ਮਿੱਟੀ ਅਤੇ ਭਾਸ਼ਾ ਦੇ ਵੱਡੇ ਮਸਲਿਆਂ ਨੂੰ ਜਿਸ ਤਰੀਕੇ ਨਾਲ ਪੰਜਾਬ ਦੀਆਂ ਹਿੰਦੂ ਅਤੇ ਕੌਮਨਿਸਟ ਪਾਰਟੀਆਂ ਨੇ ਦਰ ਕਿਨਾਰ ਕੀਤਾ ਸੀ ਸਿੱਖਾਂ ਦੀਆਂ ਹੀ ਪਾਰਟੀਆਂ ਅਤੇ ਜਥੇਬੰਦੀਆਂ ਵੀ ਉਸੇ ਰਾਹ ਤੁਰ ਪਈਆਂ ਹਨ। ਉੱਤਰ ਪ੍ਰਦੇਸ਼, ਬਿਹਾਰ, ਉੜੀਸਾ ਅਤੇ ਹੋਰਨਾਂ ਪੂਰਬੀ ਰਾਜਾਂ ਤੋਂ ਵੱਡੀ ਗਿਣਤੀ ਲੋਕਾਂ ਨੂੰ ਲੁਕਵੇਂ ਏਜੰਡੇ ਤਹਿਤ ਪੰਜਾਬ 'ਚ ਵਸਾਇਆ ਜਾਣਾ ਅਤੇ ਸਿੱਖਾਂ ਦੇ ਜੁਆਕਾਂ ਨੂੰ ਪੰਜਾਬ ਛਡਾ ਕੇ ਪਰਵਾਸ ਦੇ ਰਾਹ ਪਾਉਣਾ ਸਾਡੇ ਲਈ ਸਹਿਜ ਜਾਂ ਵਿਕਾਸ ਮੁਖੀ ਦਿਖਾਈ ਦਿੰਦੇ ਹੋਣਗੇ ਪਰ ਇਹ ਪੰਜਾਬ ਦੀ ਉਲਝ ਰਹੀ ਤਾਣੀ ਦਾ ਸੰਕੇਤ ਹਨ। ਪੰਜਾਬ ਦੇ ਵਿਦਿਅਕ ਅਦਾਰਿਆਂ 'ਚ ਸਿੱਖ ਪੱਖੀ ਵਿਦਿਆਰਥੀ ਜਥੇਬੰਦੀਆਂ ਦੀ ਅਣਹੋਂਦ ਅਤੇ ਇਹਨਾਂ ਅਦਾਰਿਆਂ 'ਚ ਵਿਦਿਆਰਥੀ ਚੋਣਾਂ 'ਤੇ ਹਾਲੇ ਤੱਕ ਪਾਬੰਦੀ ਲੱਗੀ ਰਹਿਣਾ ਭਾਰਤੀ ਸਰਕਾਰ ਦੇ ਪੰਜਾਬ 'ਚ ਪੜੀ ਲਿਖੀ ਲੀਡਰਸ਼ਿਪ ਦੀ ਭਰੂਣ ਹਤਿਆ ਵਾਂਗ ਹੈ। ਇਸ ਦੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਨਜ਼ਰਬੰਦ ਸਿਆਸੀ ਸਿੱਖ ਕੈਦੀਆਂ ਦਾ ਮਾਮਲਾ ਉਸੇ ਤਰਾਂ ਬਰਕਰਾਰ ਹੈ।



ਭਾਰਤ ਵਿਚ ਸਿੱਖਾਂ ਨੂੰ ਹਰ ਹੀਲੇ ਜ਼ਲੀਲ ਕਰਨ ਦੀ ਪ੍ਰਣਾਲੀ ਜਿਉਂ ਦੀ ਤਿਉਂ ਅਮਲ ਵਿਚ ਚੱਲ ਰਹੀ ਹੈ। ਨਵੰਬਰ 1984 ਦੇ ਸਿੱਖ ਵਿਰੋਧੀ ਕਤਲਿਆਮ ਅਤੇ ਝੂਠੇ ਪੁਲਸ ਮੁਕਾਬਲਿਆਂ 'ਚ ਕਤਲ ਕੀਤੇ ਗਏ ਨੌਜਵਾਨਾਂ ਦੇ ਵਾਰਸਾਂ ਨੂੰ ਇਨਸਾਫ ਕੀ ਮਿਲਣਾ ਸੀ ਉੱਤੋਂ ਸਰਕਾਰ ਵੱਲੋਂ ਝੂਠੇ ਪੁਲਸ ਮੁਕਾਬਲਿਆਂ ਦੇ ਦੋਸ਼ੀ ਅਫਸਰਾਂ ਨੂੰ ਦੋਸ਼ਾਂ ਤੋਂ ਮੁਕਤ ਕਰਕੇ ਉਹਨਾਂ ਦੀ ਸਜ਼ਾ ਮੁਆਫ ਕੀਤੇ ਜਾਨ ਨਾਲ ਸਿੱਖਾਂ ਦੇ ਜ਼ਖਮਾਂ 'ਤੇ ਲੂਣ ਭੁੱਕਿਆ ਜਾ ਰਿਹਾ ਹੈ। ਅਜਿਹੇ ਸਾਰੇ ਮਸਲਿਆਂ 'ਤੇ ਗੱਲ ਕਰਨ ਲਈ ਸਿੱਖਾਂ ਨੇ ਹਾਲੇ ਤੱਕ ਆਪਣਾ ਸੁਤੰਤਰ ਮੀਡੀਆ ਸਥਾਪਤ ਨਹੀਂ ਕੀਤਾ ਜਿਹੜਾ ਆਪਣੇ ਦੁੱਖ ਦਰਦ ਅਤੇ ਕੌਮੀ ਨਿਸ਼ਾਨਿਆਂ ਦੀ ਗੱਲ ਕਰ ਸਕੇ। 'ਅਕਾਲੀ ਪੱਤ੍ਰਕਾ' ਅਖਬਾਰ ਬੰਦ ਹੋਣ ਦੇ ਬਾਅਦ ਬਾਕੀ ਦੇ ਅਖਬਾਰਾਂ ਨੇ ਸਿੱਖਾਂ ਦੇ ਦਰਦ ਨੂੰ ਪੇਸ਼ ਕਰਨ ਦੀ ਬਜਾਏ ਜਜ਼ਬਾਤਾਂ ਨੂੰ ਵੇਚਿਆ ਹੈ। ਇੱਕ ਦਰਜਨ ਦੇ ਕਰੀਬ ਆਨਲਾਈਨ ਵੈਬ ਪੋਰਟਲ ਅਤੇ ਕੁਝ ਟੀਵੀ ਚੈਨਲ ਸਾਡੀ ਗੱਲ ਕਰਨ ਦਾ ਦਾਅਵਾ ਕਰਦੇ ਹਨ ਪਰ ਇਹ ਸਾਰੇ ਸਿੱਖ ਸਿਆਸੀ ਵਿਜ਼ਨ ਦੀ ਅਣਹੋਂਦ ਕਾਰਨ ਕੌਸਮੈਟਿਕ ਪੱਧਰ ਦੀ ਪੇਸ਼ਕਾਰੀ ਤੱਕ ਠਹਿਰੇ ਹੋਏ ਹਨ। ਨਾਲ ਹੀ ਦੂਜੇ ਪਾਸੇ ਸਿੱਖ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕਰਨ ਅਤੇ ਸਿੱਖ ਸੰਘਰਸ਼ ਅਤੇ ਹੱਕਾਂ ਦੇ ਉਲਟ ਕੀਤੇ ਜਾ ਰਹੇ ਪ੍ਰਚਾਰ ਨੂੰ ਗੁਪਤ ਸਿਸਟਮ ਵੱਲੋਂ ਲਗਾਤਾਰ ਸ਼ਹਿ ਦਿੱਤੇ ਜਾਣ ਨੂੰ ਸ਼ਾਬਦਿਕ ਟੱਕਰ ਦੇਣਾ ਕਿਸੇ ਕੌਮੀ ਰੁਤਬਾ ਰੱਖਣ ਵਾਲੇ ਅਖਬਾਰ ਦੇ ਸੰਪਾਦਕ ਲਈ ਚੁਣੌਤੀ ਭਰਪੂਰ ਕਾਰਜ ਹੋ ਜਾਂਦਾ ਹੈ। ਬਿਲਕੁਲ ਅਜਿਹੇ ਮਾਹੌਲ ਦੇ ਚੱਲਦਿਆਂ ਮੈਨੂੰ ਅੰਮ੍ਰਿਤਸਰ ਟਾਈਮਜ਼ ਦਾ ਸੰਪਾਦਕ ਬਣਨ ਦਾ ਮੌਕਾ ਮਿਲਿਆ ਹੈ।

ਜਿਹੜੀਆਂ ਉਪਰੋਕਤ ਊਣਤਾਈਆਂ ਜਾਂ ਸਿੱਖ ਸਮੱਸਿਆਵਾਂ ਦਾ ਮੈਂ ਜ਼ਿਕਰ ਕੀਤਾ ਹੈ ਅੰਮ੍ਰਿਤਸਰ ਟਾਈਮਜ਼ ਨਾਲ ਜੁੜ ਕੇ ਉਹਨਾਂ ਨੂੰ ਦੂਰ ਕਰਨ ਅਤੇ ਉਹਨਾਂ ਸਮੱਸਿਆਵਾਂ ਨਾਲ ਮੱਥਾ ਲਾ ਕੇ ਜੂਝਣ ਦੀ ਕੋਸ਼ਿਸ਼ ਮੇਰੀ ਪਹਿਲ ਹੋਵੇਗੀ। ਇਸ ਕੋਸ਼ਿਸ਼ ਨੂੰ ਨੇਪਰੇ ਚਾੜਨ ਲਈ ਮੈਨੂੰ ਤੁਹਾਡੇ ਪਿਆਰ ਅਤੇ ਸਹਿਯੋਗ ਦੀ ਲੋੜ ਹੈ। ਤੁਹਾਡੇ ਸਾਥ ਤੋਂ ਬਿਨਾ ਅਜਿਹਾ ਸੰਭਵ ਨਹੀਂ ਹੈ। ਮੈਂ ਧੜੇਬੰਦੀ ਅਤੇ ਪੱਖ-ਪਾਤ ਤੋਂ ਬਿਨਾ ਆਪਣੀ ਡਿਊਟੀ ਪੂਰੀ ਕਰਾਂ ਇਸ ਲਈ ਅਰਦਾਸ ਕਰੋ।



# ਲਾਂਘਾ ਖੋਲ੍ਹੇ ਜਾਣ ਤੋਂ ਬਾਅਦ ਕੈਪਟਨ ਦੇ ਬਿਆਨ ਖੁੱਲ੍ਹੇ ਲਾਂਘੇ ਵਿਰੋਧੀ ਆਉਣ ਲੱਗੇ !

- ਪਾਕਿਸਤਾਨ ਬਾਬੇ ਨਾਨਕ ਦੇ ਰੰਗ 'ਚ ਰੰਗਿਆ ਗਿਆ
- ਐੱਨਜੀਟੀ ਵੱਲੋਂ ਵੇਈਂ 'ਚ ਪੈ ਰਹੇ ਦੂਸ਼ਿਤ ਪਾਣੀ ਨੂੰ ਰੋਕਣ ਦੀਆਂ ਹਦਾਇਤਾਂ
- ਇੰਗਲੈਂਡ 'ਚ ਗੁਰੂ ਨਾਨਕ ਚੇਅਰ ਸਥਾਪਤ
- ਮੋਦੀ ਨੇ ਗੁਰੂ ਨਾਨਕ ਸਾਹਿਬ ਦੇ ਨਾਮ 'ਤੇ ਸਿੱਕਾ ਜਾਰੀ ਕੀਤਾ
- ਆਰ ਐਸ ਐਸ ਗੁਰੂਆਂ ਦੀ ਧਰਤੀ ਅੰਮ੍ਰਿਤਸਰ 'ਚ ਕਰਵਾਏਗੀ ਗੁਰੂ ਨਾਨਕ ਸਾਹਿਬ ਦੇ ਸਮਾਗਮ
- ਦੋਵਾਂ ਦੇਸਾਂ ਵਲੋਂ ਬਣਾਈਆਂ ਚੈਕ ਪੋਸਟਾਂ ਦਾ ਸਾਬਕਾ ਸਪੀਕਰ ਵਲੋਂ ਵਿਰੋਧ

**ਪ੍ਰੋ. ਬਲਵਿੰਦਰਪਾਲ ਸਿੰਘ**

ਇੱਕ ਪਾਸੇ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਖੁੱਲ੍ਹ ਰਹੇ ਕਰਤਾਰਪੁਰ ਸਾਹਿਬ ਲਾਂਘੇ ਨੂੰ ਲੈ ਕੇ ਸਮੂਹ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤ ਵਿੱਚ ਉਤਸ਼ਾਹ ਫੈਲਿਆ ਹੋਇਆ ਹੈ ਉੱਥੇ ਹੀ ਇਸ ਮੌਕੇ ਪੰਜਾਬ ਦੇ ਸਿਆਸਤਦਾਨ ਸੋਚੀ ਸਮਝੀ ਸਾਜ਼ਿਸ਼ ਤਹਿਤ ਲਾਂਘੇ ਵਿਰੁੱਧ ਇਕ ਤਰ੍ਹਾਂ ਭੜਾਸ ਕੱਢਣ ਲੱਗੇ ਹਨ। ਹੁਣੇ ਜਿਹੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਵੱਲੋਂ ਦਿੱਤਾ ਗਿਆ ਬਿਆਨ ਕਾਫੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਕੈਪਟਨ ਸਾਬ੍ਹ ਨੂੰ ਸ਼ੱਕ ਹੋ ਰਿਹਾ ਹੈ ਕਿ ਲਾਂਘਾ ਖੋਲ੍ਹੇ ਜਾਣ ਪਿੱਛੇ ਆਈਐਸਆਈ ਦਾ ਕੋਈ ਆਪ੍ਰੇਸ਼ਨ ਹੋ ਸਕਦਾ ਹੈ। ਕੈਪਟਨ ਨੇ ਕਿਹਾ ਹੈ ਕਿ ਇਸ ਲਈ ਸੁਚੇਤ ਰਹਿਣ ਦੀ ਲੋੜ ਹੈ। ਉਨ੍ਹਾਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਆਈਐਸਆਈ ਦੀਆਂ ਗਤੀਵਿਧੀਆਂ 'ਤੇ ਵਿਸ਼ੇਸ ਤੌਰ 'ਤੇ ਨਿਗਰਾਨੀ ਰੱਖੀ ਜਾਵੇ।

'ਆਪ' ਪਾਰਟੀ ਦੇ ਸੀਨੀਅਰ ਆਗੂ ਅਮਨ ਅਰੋੜਾ ਨੇ ਕਿਹਾ ਕਿ ਕਾਂਗਰਸ ਤੇ ਭਾਜਪਾ ਦਾ ਖੁੱਲ੍ਹੇ ਲਾਂਘੇ ਬਾਰੇ ਇਕੋ ਪੱਖ ਹੈ ਕਿ ਇਹ ਮਜ਼ਬੂਰੀ ਵਿਚ ਲਾਂਘਾ ਖੁਲਵਾ ਰਹੇ ਹਨ, ਪਰ ਅੰਦਰਖਾਤੇ ਇਹ ਖੁਸ਼ ਨਹੀਂ ਹਨ। ਇਸੇ ਲਈ ਇਹੋ ਜਿਹੇ ਬਿਆਨ ਜਾਰੀ ਹੋ ਰਹੇ ਹਨ। ਕੈਪਟਨ ਨੂੰ ਲੰਬੇ ਹੱਥੀਂ ਲੈਂਦਿਆਂ ਉਨ੍ਹਾਂ ਕਿਹਾ ਕਿ ਅਜਿਹਾ ਬਿਆਨ ਦੇਣ ਲਈ ਇਹ ਸਹੀ ਸਮਾਂ ਨਹੀਂ ਹੈ। ਇਸ ਦੇ ਨਾਲ ਹੀ ਸਿੱਖ ਆਗੂ ਭਾਈ ਹਰਜਿੰਦਰ ਸਿੰਘ ਮਾਝੀ ਨੇ ਵੀ ਇਸ 'ਤੇ ਆਪਣੀ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਕਿਹਾ ਕਿ ਭਾਰਤ ਕੋਲ ਕਈ ਏਜੰਸੀਆਂ ਹਨ ਜੇਕਰ ਇਸ ਲਾਂਘੇ ਦੇ ਖੁੱਲ੍ਹਣ ਨਾਲ ਕੋਈ ਦਿੱਕਤ ਲਗਦੀ ਸੀ ਤਾਂ ਇਹ ਲਾਂਘਾ ਨਹੀਂ ਖੁੱਲ੍ਹਣਾ ਸੀ।

### ਪਾਕਿਸਤਾਨ ਬਾਬੇ ਨਾਨਕ ਦੇ ਰੰਗ ਵਿੱਚ

ਪਾਕਿਸਤਾਨ ਵਿਚ ਵੀ ਗੁਰੂ ਨਾਨਕ ਦੇਵ ਦਾ 550 ਸਾਲਾ ਪ੍ਰਕਾਸ਼ ਪੁਰਬ ਮਨਾਉਣ ਲਈ ਲੋਕਾਂ ਵਿਚ ਕਾਫ਼ੀ ਉਤਸ਼ਾਹ ਹੈ। ਵੱਖ-ਵੱਖ ਪਿੰਡਾਂ, ਕਸਬਿਆਂ ਵਿਚ ਉੱਥੋਂ ਦੇ ਬਾਸ਼ਿੰਦਿਆਂ ਨੇ ਘਰਾਂ ਨੂੰ ਸ਼ਿੰਗਾਰਨਾ ਸ਼ੁਰੂ ਕਰ ਦਿੱਤਾ ਹੈ। ਕਈ ਜਨਤਕ ਥਾਵਾਂ 'ਤੇ ਬਾਬੇ ਨਾਨਕ ਨਾਲ ਸਬੰਧਿਤ ਧਾਰਮਿਕ ਗੀਤ ਲੱਗੇ ਸੁਣਾਈ ਦਿੰਦੇ ਹਨ। ਬੱਸ ਸਟੈਂਡ ਤੇ ਰੇਲਵੇ ਸਟੇਸ਼ਨਾਂ 'ਤੇ ਬਾਬੇ ਨਾਨਕ ਦੀ ਵਡਿਆਈ ਕਰਦੇ ਗੀਤ ਲੋਕਾਂ ਦਾ ਧਿਆਨ ਖਿੱਚ ਰਹੇ ਹਨ। ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਇਕ ਵੀਡੀਓ ਦਿਖਾਉਂਦਿਆਂ ਦੱਸਿਆ ਕਿ ਉੱਥੋਂ (ਪਾਕਿਸਤਾਨ) ਦੇ ਪਿੰਡ ਕਿਆਮਪੁਰਾ ਵਿਚ ਰੰਧਾਵਾ ਅਤੇ ਕਾਹਲੋਂ ਗੋਤ ਵਾਲੇ ਵੱਡੇ ਗਿਣਤੀ ਵਿਚ ਰਹਿੰਦੇ ਹਨ। ਘਰਾਂ ਵਿੱਚ ਲੜੀਆਂ ਲਾ ਕੇ ਰੌਸ਼ਨੀ ਕੀਤੀ ਜਾ ਰਹੀ ਹੈ। ਰੰਧਾਵਾ ਵੱਲੋਂ ਦਿਖਾਈ ਗਈ ਵੀਡੀਓ ਵਿਚ ਪਾਕਿਸਤਾਨ ਦੇ ਲੋਕ ਧਾਰਮਿਕ ਗੀਤ '550 ਸਾਲ ਗੁਰੂ ਨਾਨਕ ਦੇ ਨਾਲ, ਜੁੜੀਏ ਬਾਣੀ ਨਾਲ, ਬਾਬੇ ਦੀ ਬਾਣੀ ਨਾਲ' ਸੁਣਾਈ ਦਿੰਦੇ ਹਨ। ਰੰਧਾਵਾ ਨੇ ਅਪੀਲ ਕੀਤੀ ਕਿ ਇਸ ਪਾਸੇ ਦੇ ਪਿੰਡਾਂ ਦੀਆਂ ਸੰਗਤਾਂ ਵੀ ਡੇਰਾ ਬਾਬਾ ਨਾਨਕ ਵਿਚ ਚੱਲ ਰਹੇ ਵੱਖ-ਵੱਖ ਕਾਰਜਾਂ ਵਿਚ ਸਹਿਯੋਗ ਦੇਣ।

### ਗੁਰੂ ਨਾਨਕ ਦੀ ਯਾਦ ਵਿਚ ਸਿੱਕਾ ਜਾਰੀ

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੈਕਾਂਕ ਵਿਚ ਬੀਤੇ ਸ਼ਨਿਚਰਵਾਰ ਨੂੰ ਗੁਰੂ ਨਾਨਕ ਦੇਵ ਜੀ 550ਵੇਂ ਪ੍ਰਕਾਸ਼ ਪੁਰਬ ਦੀ ਯਾਦ ਵਿੱਚ ਸਿੱਕਾ ਜਾਰੀ ਕੀਤਾ ਹੈ। ਪ੍ਰਧਾਨ ਮੰਤਰੀ ਨੇ ਥਾਈਲੈਂਡ ਦੀ ਰਾਜਧਾਨੀ ਵਿੱਚ ਭਾਰਤੀ ਭਾਈਚਾਰੇ ਦੇ ਲੋਕਾਂ ਦੀ 'ਸਵਾਸਦੀ ਪੀਐੱਮ ਮੋਦੀ' ਇਕੱਤਰਤਾ ਵਿਚ ਤਾਮਿਲ ਭਾਸ਼ਾ ਦੀ ਪ੍ਰਸਿੱਧ ਸਾਹਿਤਕ ਕਿਰਤ 'ਤ੍ਰਿਕੁਰਾਲ' ਦਾ ਥਾਈ ਅਨੁਵਾਦ ਵੀ ਜਾਰੀ ਕੀਤਾ।

### ਕੈਪਟਨ ਵਲੋਂ ਗੁਰੂ ਨਾਨਕ ਐਵਾਰਡ ਜਾਰੀ

ਪੰਜਾਬ ਵਜ਼ਾਰਤ ਨੇ 'ਸ੍ਰੀ ਗੁਰੂ ਨਾਨਕ ਦੇਵ ਜੀ ਐਵਾਰਡ' ਸ਼ੁਰੂ ਕਰਨ ਦੀ ਤਜਵੀਜ਼ 'ਤੇ ਮੋਹਰ ਲਾ ਦਿੱਤੀ ਹੈ। ਐਵਾਰਡ ਵਿਚ ਸਨਮਾਨ ਪੱਤਰ ਅਤੇ 11 ਲੱਖ ਰੁਪਏ ਦਾ ਨਗ਼ਦ ਇਨਾਮ ਹੋਵੇਗਾ। ਇਹ ਸਨਮਾਨ ਹਰ ਸਾਲ ਦਿੱਤਾ ਜਾਵੇਗਾ ਤੇ ਚੋਣ ਜਿਊਰੀ ਵੱਲੋਂ ਕੀਤੀ ਜਾਵੇਗੀ।

### ਕਾਲੀ ਵੇਈਂ ਪਾਵਨ ਹੋਵੇਗੀ

ਨੈਸ਼ਨਲ ਗਰੀਨ ਟ੍ਰਿਬਿਊਨਲ (ਐੱਨਜੀਟੀ) ਵੱਲੋਂ ਬਣਾਈ ਗਈ ਨਿਗਰਾਨ ਕਮੇਟੀ ਦੇ ਚੇਅਰਮੈਨ ਜਸਟਿਸ ਜਸਵੀਰ ਸਿੰਘ ਨੇ ਬਾਬਾ ਨਾਨਕ ਦੀ ਵੇਈਂ ਵਿਚ ਪੈ ਰਹੇ ਗੰਦੇ ਪਾਣੀ ਨੂੰ ਰੋਕਣ ਲਈ ਗੁਰਦੁਆਰਾ ਬੇਰ ਸਾਹਿਬ ਦੇ ਮੈਨਜਰ ਸਤਨਾਮ ਸਿੰਘ ਰਿਆੜ ਅਤੇ ਦਲ ਬਾਬਾ ਬਿਧੀ ਚੰਦ ਦੇ ਮੁਖੀ ਸੰਤ ਅਵਤਾਰ ਸਿੰਘ ਨਾਲ ਮੁਲਾਕਾਤ ਕੀਤੀ। ਜਸਟਿਸ ਜਸਵੀਰ ਸਿੰਘ ਨੇ ਆਖਿਆ ਕਿ ਸੁਲਤਾਨਪੁਰ ਲੋਧੀ ਵਿਚ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾਇਆ ਜਾ ਰਿਹਾ ਹੈ, ਜਿਸ ਵਿਚ ਪਵਿੱਤਰ ਵੇਈਂ ਦੀ ਸਭ ਤੋਂ ਵੱਧ ਮਹਤੱਤਾ ਹੈ ਕਿਉਂਕਿ ਇਸੇ ਵੇਈਂ ਵਿਚ ਗੁਰਦੁਆਰਾ ਬੇਰ ਸਾਹਿਬ ਵਾਲੇ ਅਸਥਾਨ ਤੋਂ ਟੁੱਭੀ ਲਗਾਉਣ ਦੇ ਤਿੰਨ ਦਿਨ ਬਾਅਦ ਗੁਰੂ ਨਾਨਕ ਦੇਵ ਜੀ ਗੁਰਦੁਆਰਾ ਸੰਤ ਘਾਟ 'ਤੇ ਪ੍ਰਗਟ ਹੋਏ ਸਨ। ਜਸਟਿਸ ਨੇ ਕਿਹਾ ਕਿ ਕਾਲਾ ਸੰਘਿਆ ਡਰੇਨ ਵਿਚ ਦੂਸ਼ਿਤ ਤੇ ਜ਼ਹਿਰੀਲਾ ਪਾਣੀ ਪਾਉਣ ਵਾਲਿਆਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ। ਡਰੇਨ ਕਿਨਾਰੇ ਰਹਿਣ ਵਾਲੇ ਲੋਕਾਂ ਨੇ ਇਸ ਮੌਕੇ ਦੱਸਿਆ ਕਿ ਡਰੇਨ ਵਿਚ ਜਿਹੜਾ ਵੀ ਦੂਸ਼ਿਤ ਤੇ ਜ਼ਹਿਰੀਲਾ ਪਾਣੀ ਪੈ ਰਿਹਾ ਹੈ, ਉਹ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਦੀ ਕਥਿਤ ਮਿਲੀਭੁਗਤ ਨਾਲ ਪੈ ਰਿਹਾ ਹੈ।

### ਬਰਮਿੰਘਮ ਯੂਨੀਵਰਸਿਟੀ ਵਿਚ ਗੁਰੂ ਨਾਨਕ ਚੇਅਰ ਸਥਾਪਿਤ

ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਯੂਨੀਵਰਸਿਟੀ ਆਫ਼ ਬਰਮਿੰਘਮ (ਯੂਕੇ) ਵਿਚ ਗੁਰੂ ਨਾਨਕ ਚੇਅਰ ਦਾ ਉਦਘਾਟਨ ਕੀਤਾ ਹੈ। ਇਹ ਚੇਅਰ ਭਾਰਤ ਸਰਕਾਰ ਦੇ ਸਹਿਯੋਗ ਨਾਲ ਸਥਾਪਿਤ ਕੀਤੀ ਗਈ ਹੈ ਤੇ ਇਸ ਤਹਿਤ ਕੀਤਾ ਜਾਣ ਵਾਲਾ ਖੋਜ ਕਾਰਜ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ 'ਤੇ ਕੇਂਦਰਤ ਹੋਵੇਗਾ। ਉਹ ਬਰਮਿੰਘਮ ਦੇ ਦੌਰੇ 'ਤੇ ਆਏ ਸਨ ਜਿੱਥੇ ਉਨ੍ਹਾਂ ਗੁਰੂ ਨਾਨਕ ਦੇਵ ਦੀਆਂ ਸਿੱਖਿਆਵਾਂ ਦੀ ਅਜੋਕੇ ਸਮੇਂ ਵਿਚ ਮਹੱਤਤਾ ਦੇ ਵਿਸ਼ੇ 'ਤੇ ਭਾਸ਼ਨ ਦਿੱਤਾ। ਇਸ ਭਾਸ਼ਨ ਦਾ ਪ੍ਰਬੰਧ ਇੰਡੀਅਨ ਇੰਸਟੀਚਿਊਟ ਆਫ਼ ਯੂਨੀਵਰਸਿਟੀ ਵੱਲੋਂ ਕੀਤਾ ਗਿਆ ਸੀ। ਇਸ ਚੇਅਰ ਦੀ ਸਥਾਪਤੀ ਵਿਚ ਚਾਂਸਲਰ ਲਾਰਡ ਕਰਨ ਬਿਲੀਮੋਰੀਆ ਤੇ ਬਰਮਿੰਘਮ ਵਿਚ ਭਾਰਤੀ ਕੌਂਸਲ ਜਨਰਲ ਡਾ. ਅਮਨ ਪੁਰੀ ਦਾ ਵੀ ਅਹਿਮ ਯੋਗਦਾਨ ਹੈ। ਭਾਰਤ ਸਰਕਾਰ ਇਸ ਲਈ ਸਾਲਾਨਾ ਇਕ ਲੱਖ ਪੌਂਡ ਦਾ ਯੋਗਦਾਨ ਦੇਵੇਗੀ।

### ਭਗਵੇਂਵਾਦੀਆਂ ਵਲੋਂ ਪੰਜਾਂ ਜ਼ੋਨਾਂ ਵਿਚ ਕਰਵਾਏ ਜਾਣਗੇ ਪ੍ਰੋਗਰਾਮ

ਰਾਸ਼ਟਰੀ ਸਿੱਖ ਸੰਗਤ ਦੀ ਇਕ ਵਿਸ਼ੇਸ਼ ਮੀਟਿੰਗ ਅੰਮ੍ਰਿਤਸਰ ਇਕਾਈ ਦੇ ਜਨਰਲ ਸਕੱਤਰ ਡਾ. ਸੰਦੀਪ ਸਿੰਘ ਦੇ ਗ੍ਰਹਿ ਵਿਖੇ ਹੋਈ। ਇਸ ਵਿਚ ਕੌਮੀ ਪ੍ਰਧਾਨ ਗੁਰਚਰਨ ਸਿੰਘ ਗਿੱਲ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਦੇ ਨਾਲ-ਨਾਲ ਕੌਮੀ ਜਨਰਲ ਸਕੱਤਰ ਰਘਬੀਰ ਸਿੰਘ, ਪੰਜਾਬ ਵਾਈਸ ਪ੍ਰਧਾਨ ਮੁਖਵਿੰਦਰ ਸਿੰਘ ਮੋਖਾ ਤੇ ਪੰਜਾਬ ਜਨਰਲ ਸਕੱਤਰ ਕਵਲਜੀਤ ਸਿੰਘ ਵੀ ਮੌਜੂਦ ਸਨ। ਗੁਰਚਰਨ ਸਿੰਘ ਗਿੱਲ ਨੇ ਕਿਹਾ ਰਾਸ਼ਟਰੀ ਸਿੱਖ ਸੰਗਤ ਵਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੂਰੇ ਹਿੰਦੂਸਤਾਨ ਵਿਚ 550 ਤੇ 550 ਸੂਤਰਧਾਰੀ ਪ੍ਰੋਗਰਾਮ ਉਲੀਕੇ ਗਏ ਸਨ, ਜੋ ਕਿ ਸਫਲਤਾਪੂਰਵਕ ਚੱਲ ਰਿਹਾ ਹੈ। ਇਹ ਸਾਰਾ ਸਾਲ 2019 ਤੋਂ ਲੈ ਕੇ 2020 ਤੱਕ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਕੀਤਾ ਗਿਆ ਹੈ। ਭਾਰਤ ਦੇ ਪੰਜਾਂ ਜ਼ੋਨਾਂ ਵਿਚ ਵੱਡੇ ਪ੍ਰੋਗਰਾਮ ਕਰਵਾਉਣ ਦੀ ਯੋਜਨਾ ਤਿਆਰ ਹੋ ਚੁੱਕੀ ਹੈ।

### ਦੋ ਬੱਸਾਂ ਵਿਚ ਕਰਨਾ ਹੋਵੇਗਾ ਲਾਂਘੇ ਦਾ ਸਫ਼ਰ

ਪਾਕਿਸਤਾਨੀ ਸੰਗਠਨ ਫ਼ਰੰਟੀਅਰ ਵਰਕਸ ਆਰਗੇਨਾਈਜੇਸ਼ਨ ਵਲੋਂ ਕਰਤਾਰਪੁਰ ਲਾਂਘੇ ਦੀ ਅੰਤਿਮ ਰੂਪ-ਰੇਖਾ ਤਿਆਰ ਕਰ ਲਈ ਗਈ ਹੈ। ਜਿਸ ਦੇ ਚਲਦਿਆਂ ਦੱਸਿਆ ਜਾ ਰਿਹਾ ਹੈ ਕਿ ਭਾਰਤੀ ਸ਼ਰਧਾਲੂਆਂ ਦੁਆਰਾ ਡੇਰਾ ਬਾਬਾ ਨਾਨਕ ਦੇ ਸਰਹੱਦੀ ਟਰਮੀਨਲ ਨੂੰ ਪਾਰ ਕਰਨ ਉਪਰੰਤ ਉਨ੍ਹਾਂ ਨੂੰ ਹਰੇ ਤੇ ਚਿੱਟੇ ਰੰਗ ਦੀਆਂ ਬਿਨਾਂ ਖਿੜਕੀਆਂ ਵਾਲੀਆਂ ਛੋਟੀਆਂ ਗੱਡੀਆਂ ਵਿਚ ਬਿਠਾ ਕੇ ਪਾਕਿਸਤਾਨ ਦੇ ਇਕ ਨੰਬਰ ਟਰਮੀਨਲ ਤੱਕ ਲਿਜਾਇਆ ਜਾਵੇਗਾ। ਉੱਥੇ ਪਹੁੰਚਣ 'ਤੇ ਸ਼ਰਧਾਲੂਆਂ ਦੀ ਬਾਇਓਮੈਟ੍ਰਿਕ ਹਾਜ਼ਰੀ ਉਪਰੰਤ ਦਸਤਾਵੇਜ਼ਾਂ ਦੀ ਜਾਂਚ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਸਾਮਾਨ ਦੀ ਸਕੈਨਰਾਂ ਰਾਹੀਂ ਮੁਕੰਮਲ ਜਾਂਚ ਕੀਤੀ ਜਾਵੇਗੀ। ਇੱਥੋਂ ਉਨ੍ਹਾਂ ਨੂੰ ਜਾਂਚ ਉਪਰੰਤ ਇਕ ਨੰਬਰ ਦਿੱਤਾ ਜਾਵੇਗਾ, ਜਿਸ ਨਾਲ ਉਹ ਬਾਹਰ ਖੜ੍ਹੀਆਂ ਲਾਲ ਰੰਗ ਦੀਆਂ ਬੱਸਾਂ ਵਿਚ ਦੱਸੇ ਗਏ ਸੀਟ ਨੰਬਰ 'ਤੇ ਬੈਠ ਕੇ ਅੱਗੇ ਦੇ ਸਫ਼ਰ 'ਤੇ ਜਾ ਸਕਣਗੇ। ਇਨ੍ਹਾਂ ਸਮਾਰਟ ਬੱਸਾਂ ਵਿਚ ਬਜ਼ੁਰਗਾਂ ਅਤੇ ਅਪਾਹਜਾਂ ਦੇ ਬੈਠਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ।

## ਪਾਕਿਸਤਾਨ ਸਰਕਾਰ ਨੇ ਜਾਰੀ ਕੀਤਾ ਕਰਤਾਰਪੁਰ ਲਾਂਘੇ ਦਾ ਵੇਰਵਾ

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਗੁਰਦੁਆਰੇ ਦੀਆਂ ਖ਼ੂਬਸੂਰਤ ਤਸਵੀਰਾਂ ਸਾਂਝੀਆਂ ਕਰਦਿਆਂ ਇਸ ਗੱਲ ਦਾ ਐਲਾਨ ਕੀਤਾ ਕਿ ਪਾਕਿਸਤਾਨ 9



ਨਵੰਬਰ ਨੂੰ ਲਾਂਘੇ ਦਾ ਉਦਘਾਟਨ ਕਰਨ ਲਈ ਤਿਆਰ-ਬਰ-ਤਿਆਰ ਹੈ। ਲਾਂਘੇ ਲਈ 800 ਮੀਟਰ ਪੁਲ ਰਾਵੀ ਦਰਿਆ 'ਤੇ ਉਸਾਰਿਆ ਗਿਆ ਹੈ। ਭਾਰਤੀ ਹੱਦ ਤੋਂ ਪਾਕਿ ਹੱਦ ਤਕ ਸਿਰਫ਼ 270 ਮੀਟਰ ਪੈਦਲ ਤੁਰਨਾ ਪਏਗਾ। ਲਾਂਘੇ ਰਾਹੀਂ ਜਾਣ ਵਾਲੇ ਸ਼ਰਧਾਲੂਆਂ ਲਈ 76 ਕਾਊਂਟਰ ਬਣਾਏ ਗਏ। ਪਾਕਿ ਹੱਦ 'ਤੇ ਪਹੁੰਚਣ ਤੋਂ ਬਾਅਦ ਸ਼ਰਧਾਲੂ 20 ਡਾਲਰ ਫੀਸ ਦੇਵੇਗਾ। ਇਸ ਮਗਰੋਂ ਉਸ ਨੂੰ ਇਕ ਸਲਿੱਪ ਦਿੱਤੀ ਜਾਵੇਗੀ। ਸ਼ਰਧਾਲੂ ਸਵੇਰ 7 ਵਜੇ ਤੋਂ ਸਾਢੇ 11 ਵਜੇ ਤਕ ਪਾਕਿ ਹੱਦ ਵਿਚ ਦਾਖ਼ਲ ਹੋ ਸਕਦੇ ਹਨ ਤੇ ਦੁਪਹਿਰ ਸਾਢੇ 12 ਵਜੇ ਤੋਂ ਸ਼ਾਮ 5 ਵਜੇ ਤਕ ਵਾਪਸ ਆ ਸਕਦੇ ਹਨ।

## ਭਾਰਤ ਤੋਂ ਬਾਅਦ ਪਾਕਿਸਤਾਨ ਵਲੋਂ ਟਰਮੀਨਲ 'ਤੇ ਚੜ੍ਹਾਏ ਝੰਡਾ ਦਾ ਵਿਰੋਧ

ਜ਼ਿਲ੍ਹਾ ਗੁਰਦਾਸਪੁਰ ਦੀ ਇਤਿਹਾਸਕ ਨਗਰੀ ਡੇਰਾ ਬਾਬਾ ਵਿਖੇ ਨਿਰਮਾਣ ਹੋ ਰਹੇ ਲਾਂਘੇ ਵਿਚ ਜਿੱਥੇ ਪਹਿਲਾਂ ਭਾਰਤ ਵਲੋਂ 300 ਫੁੱਟ ਦੀ ਉਚਾਈ ਵਾਲਾ ਤਿਰੰਗਾ ਝੰਡਾ ਚਾੜ੍ਹਿਆ ਗਿਆ ਸੀ, ਉਸ ਤੋਂ ਬਾਅਦ ਹੁਣ ਪਾਕਿਸਤਾਨ ਵਲੋਂ ਵੀ ਆਪਣੇ ਪਾਸੇ ਤਿਆਰ ਕੀਤੇ ਗਏ ਟਰਮੀਨਲ ਵਿਖੇ ਆਪਣਾ ਝੰਡਾ ਝਾੜ੍ਹ ਦਿੱਤਾ ਗਿਆ ਹੈ। ਪਾਕਿ ਵਲੋਂ ਇਹ ਝੰਡਾ ਜਿਸ ਜਗ੍ਹਾ 'ਤੇ ਚਾੜ੍ਹਿਆ ਗਿਆ ਹੈ ਉਹ ਬਿਲਕੁਲ ਇਕ ਪਾਸੇ ਵਿਖਾਈ ਦਿੰਦਾ ਹੈ ਤੇ ਭਾਰਤ ਵਾਲੇ ਪਾਸੇ ਕੌਮਾਂਤਰੀ ਸਰਹੱਦ ਡੇਰਾ ਬਾਬਾ ਨਾਨਕ ਵਿਖੇ ਬਣੇ ਦੂਰਬੀਨ ਦਰਸ਼ਨੀ ਸਥੱਲ 'ਤੇ ਖੜ੍ਹੇ ਹੋ ਕੇ ਜਦੋਂ ਸੰਗਤ ਪਾਕਿਸਤਾਨ ਵਿਚ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਦੀਆਂ ਹਨ ਤਾਂ ਇਹ ਝੰਡਾ ਸਾਹਮਣੇ ਵਿਖਾਈ ਦਿੰਦਾ ਹੈ।

ਸਾਬਕਾ ਸਪੀਕਰ ਬੀਰ ਦਵਿੰਦਰ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਦੇ ਰਾਸ਼ਟਰਵਾਦੀ ਰੁਝਾਨ ਰੂਹਾਨੀ ਸਥਾਨਾਂ 'ਤੇ ਸ਼ੋਭਦੇ ਨਹੀਂ। ਫੇਰ ਤਾਂ ਅਟਾਰੀ ਵਾਹਗਾ ਬਾਰਡਰ ਵਾਂਗ ਹੀ ਰੋਜ਼ਾਨਾ ਸ਼ਾਮ ਨੂੰ ਨਾਟਕੀ ਢੰਗ ਨਾਲ ਆਪੋ-ਆਪਣੇ ਗਰਬ ਗੁਮਾਨ ਦੀ ਨੁਮਾਇਸ਼ ਕਰਤਾਰਪੁਰ ਲਾਂਘੇ ਦੇ ਦੋਵੇਂ ਪਾਸੇ ਹੋਵੇਗੀ।

ਭਾਰਤ ਦੀ ਬੀਐੱਸਐੱਫ ਅਤੇ ਪਾਕਿਸਤਾਨ ਦੇ ਰੇਂਜਰਾਂ ਦੇ ਬੂਟਾਂ ਦੇ ਖੜਾਕ, ਬਿਗਲਰਾਂ ਦੇ ਬਿਗਲ ਤੇ ਦੁਪਾਸੀ ਵੱਜਦੇ ਦਮਾਮਿਆਂ ਦੇ ਖੜਕਿਆਂ-ਦੜਕਿਆਂ ਨਾਲ ਤਾਂ ਡੇਰਾ ਬਾਬਾ ਨਾਨਕ ਤੇ ਕਰਤਾਰਪੁਰ ਸਾਹਿਬ ਦੀਆਂ ਪੁਰਨੂਰ ਫਿਜ਼ਾਵਾਂ ਵਿਚ ਖਲਲ ਪਵੇਗਾ। ਇਸ ਰੌਲੇ-ਰੱਪੇ ਦੀ ਥਾਂ ਉੱਥੇ ਗੁਰੂ ਨਾਨਕ ਦਾ ਸਰਬੱਤ ਦੇ ਭਲੇ ਲਈ ਦਿੱਤਾ ਗਿਆ ਮਨੁੱਖਤਾ ਲਈ ਉਪਦੇਸ਼ ਗੂੰਜਣਾ ਚਾਹੀਦਾ ਹੈ। ਦੋਵਾਂ ਹੀ ਰਾਸ਼ਟਰਾਂ ਨੂੰ ਇਸ ਸੱਚ ਦੀ ਹਕੀਕਤ ਨੂੰ ਸਮਝਣ ਦੀ ਲੋੜ ਹੈ ਕਿ ਸਿੱਖ ਸੰਗਤਾਂ ਕਰਤਾਰ ਸਾਹਿਬ ਦੇ ਲਾਂਘੇ ਨੂੰ ਸਦੈਵ ਕਾਲ ਲਈ ਖੋਲ੍ਹਣ ਦੀਆਂ ਅਰਦਾਸਾਂ ਤਾਂ ਬਾਬੇ ਨਾਨਕ ਦੀ ਦਹਿਲੀਜ਼ 'ਤੇ ਸਿਰ ਝੁਕਾਉਣ ਲਈ ਕਰ ਰਹੀਆਂ ਸਨ ਨਾ ਕਿ ਇਸ ਸ਼ਰਧਾ ਵਿਚ ਗੜੁੱਚੇ ਇਸ ਸੱਚ-ਧਰਮ ਦੇ ਅਸਰੀਰੀ ਲਾਂਘੇ ਦੇ ਦੋਵੇਂ ਬੰਨੀ ਆਪਣੇ-ਆਪਣੇ ਝੰਡੇ ਝੁਲਾ ਕੇ ਆਪਣੀਆਂ- ਆਪਣੀਆਂ ਬਾਦਸ਼ਾਹਤਾਂ ਤੇ ਹਕੂਮਤਾਂ ਦੀ ਸਮਰੱਥਾ ਦੇ ਗ਼ਰੂਰ ਦੀ ਨੁਮਾਇਸ਼ ਕੀਤੀ ਜਾਵੇਗੀ। ਇਸ ਲਈ ਗੁਰੂ ਨਾਨਕ ਲਾਂਘੇ ਨੂੰ ਹਕੂਮਤਾਂ ਦੇ ਬਾਦਸ਼ਾਹੀ ਅਡੰਬਰਾਂ ਤੋਂ ਮੁਕਤ ਰੱਖਣ ਦੀ ਲੋੜ ਹੈ।

## ਪ੍ਰਕਾਸ਼ ਪੁਰਬ ਸਾਂਝੇ ਮੰਚ ਤੋਂ ਮਨਾਓ

### *ਅਕਾਲ ਤਖ਼ਤ ਦੇ ਜਥੇਦਾਰ ਦੀ ਅਪੀਲ*

**ਅੰਮ੍ਰਿਤਸਰ/ਏ.ਟੀ. ਨਿਊਜ਼ :** ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮੁੜ ਅਪੀਲ ਕੀਤੀ ਹੈ ਕਿ ਗੁਰੂ ਨਾਨਕ ਦੇਵ ਦਾ 550 ਸਾਲਾ ਪ੍ਰਕਾਸ਼ ਪੁਰਬ ਸਮੁੱਚੀਆਂ ਧਿਰਾਂ ਗੁਰਦੁਆਰਾ ਬੇਰ ਸਾਹਿਬ, ਸੁਲਤਾਨਪੁਰ ਲੋਧੀ ਵਿਚ ਲਾਈ ਜਾਣ ਵਾਲੀ ਮੁੱਖ ਸਟੇਜ ਤੋਂ



ਹੀ ਮਨਾਉਣ। ਉਨ੍ਹਾਂ ਕਿਹਾ ਕਿ ਪੂਰਾ ਦਿਨ ਸਿਰ ਜੋੜ ਕੇ ਬੈਠਦਿਆਂ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ ਜਾਵੇ। ਉਹ ਇੱਥੇ ਸ੍ਰੀ ਅਕਾਲ ਤਖ਼ਤ ਵਿਖੇ ਮੂਲ ਮੰਤਰ ਜਾਪ ਸਮਾਗਮਾਂ ਦੀ ਸ਼ੁਰੂਆਤ ਲਈ ਪੁੱਜੇ ਸਨ। ਉਨ੍ਹਾਂ ਦੱਸਿਆ ਕਿ ਮੁੱਖ ਸਮਾਗਮ ਗੁਰਦੁਆਰਾ ਬੇਰ ਸਾਹਿਬ ਦੇ ਮੰਚ ਤੋਂ ਸਾਂਝੇ ਤੌਰ 'ਤੇ ਹੋਵੇਗਾ, ਜਿਸ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਵਲੋਂ ਕੀਤਾ ਜਾਵੇਗਾ। ਇਸ ਸਮਾਗਮ ਵਿਚ ਆਉਣ ਵਾਲੀਆਂ ਸਮੂਹ ਧਿਰਾਂ ਨੂੰ ਸ਼੍ਰੋਮਣੀ ਕਮੇਟੀ ਮਾਣ-ਸਤਿਕਾਰ ਦੇਵੇਗੀ। ਸੁਲਤਾਨਪੁਰ ਲੋਧੀ ਵਿਚ ਪੰਜਾਬ ਦੀ ਕਾਂਗਰਸ ਸਰਕਾਰ ਵਲੋਂ ਵੱਖਰਾ ਪੰਡਾਲ ਬਣਾਏ ਜਾਣ ਸਬੰਧੀ ਸਵਾਲ ਦੇ ਜਵਾਬ ਵਿਚ ਉਨ੍ਹਾਂ ਆਖਿਆ ਕਿ ਸਰਕਾਰ ਵੱਖਰਾ ਪੰਡਾਲ ਬਣਾ ਸਕਦੀ ਹੈ ਅਤੇ ਵੱਖਰੇ ਸਮਾਗਮ ਵੀ ਕਰਵਾ ਸਕਦੀ ਹੈ ਪਰ 12 ਨਵੰਬਰ ਨੂੰ ਮੁੱਖ ਸਮਾਗਮ ਵਾਲੇ ਦਿਨ, ਘੱਟੋ-ਘੱਟ ਇਕ ਦਿਨ ਲਈ ਸਾਰੇ ਗੁਰਦੁਆਰਾ ਬੇਰ ਸਾਹਿਬ ਦੇ ਮੰਚ 'ਤੇ ਇਕੱਠੇ ਹੋਣ ਤਾਂ ਜੋ 550 ਸਾਲਾ ਪ੍ਰਕਾਸ਼ ਪੁਰਬ ਇਕਜੁੱਟਤਾ ਨਾਲ ਮਨਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਵੱਖ-ਵੱਖ ਧਿਰਾਂ ਵਲੋਂ ਵੱਖ-ਵੱਖ ਸਮਾਗਮ ਕੀਤੇ ਜਾਣ 'ਤੇ ਕੋਈ ਇਤਰਾਜ਼ ਨਹੀਂ ਹੈ।

## ਇੰਦਰਾ ਗਾਂਧੀ ਹਵਾਈ ਅੱਡੇ ਦਾ ਨਾਂ ਗੁਰੂ ਨਾਨਕ ਦੇ ਨਾਮ 'ਤੇ ਰੱਖੋ

### *ਅਕਾਲੀ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਪ੍ਰਧਾਨ ਮੰਤਰੀ ਨੂੰ ਲਿਖਿਆ ਪੱਤਰ*

**ਜਲੰਧਰ/ਏ.ਟੀ. ਨਿਊਜ਼ :** ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਸੰਸਦ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਵੱਲੋਂ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨਾਂ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਰੱਖਣ ਦੀ ਮੰਗ ਕੀਤੀ ਗਈ ਹੈ। ਚੰਦੂਮਾਜਰਾ ਨੇ ਕਿਹਾ ਕਿ ਪਹਿਲੀ



ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਉਨ੍ਹਾਂ ਪ੍ਰਧਾਨ ਮੰਤਰੀ ਮੋਦੀ ਨੂੰ ਚਿੱਠੀ ਲਿਖ ਕੇ 'ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ' ਦਾ ਨਾਂ 'ਸ੍ਰੀ ਗੁਰੂ ਨਾਨਕ ਦੇਵ ਜੀ ਅੰਤਰਰਾਸ਼ਟਰੀ ਹਵਾਈ ਅੱਡਾ' ਰੱਖਣ ਦੀ ਮੰਗ ਚੁੱਕੀ ਹੈ। ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਜਿੱਥੇ ਕੇਂਦਰ ਸਰਕਾਰ ਪਹਿਲਾਂ ਹੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਮਨਾ ਕੇ ਸ਼ਲਾਘਾਯੋਗ ਉਪਰਾਲੇ ਕਰ ਰਹੀ ਹੈ, ਉਥੇ ਹੀ ਜੇਕਰ ਅਜਿਹੇ ਸਮੇਂ ਭਾਰਤ ਦੇ ਪ੍ਰਧਾਨ ਮੰਤਰੀ ਇਸ ਹਵਾਈ ਅੱਡੇ ਦਾ ਨਾਂ ਗੁਰੂ ਨਾਨਕ ਦੇ ਨਾਂ ਉੱਪਰ ਰੱਖਣ ਦਾ ਐਲਾਨ ਕਰਨਗੇ ਤਾਂ ਸਮੁੱਚੇ ਸੰਸਾਰ ਭਰ ਦੀਆਂ ਨਾਨਕ ਨਾਮਲੇਵਾ ਸੰਗਤਾਂ ਲਈ ਖੁਸ਼ੀ ਦੀ ਘੜੀ ਹੋਵੇਗੀ।

# ਕਰਤਾਰਪੁਰ ਸਾਹਿਬ ਦਾਖ਼ਲਾ ਫ਼ੀਸ ਬਾਰੇ ਬੇਸਮਝੀ ਵਾਲੇ ਬਿਆਨ ਦੇ ਰਹੇ ਹਨ ਪੰਜਾਬ ਦੇ ਸਿਆਸਤਦਾਨ

**-ਪ੍ਰੋ. ਪ੍ਰੀਤਮ ਸਿੰਘ**
ਵਿਜ਼ਿਟਿੰਗ ਸਕਾਲਰ, ਵੁਲਫਸਨ ਕਾਲਜ, ਔਕਸਫੋਰਡ ਯੂਨੀਵਰਸਿਟੀ, ਯੂਕੇ



ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਦੇ ਕਰਤਾਰਪੁਰ ਸਾਹਿਬ ਵਿਖੇ ਸਥਿਤ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਭਾਰਤੀ ਸ਼ਰਧਾਲੂਆਂ ਤੋਂ ਪਾਕਿਸਤਾਨ ਵੱਲੋਂ ਵਸੂਲੀ ਜਾਣ ਵਾਲੀ ਫ਼ੀਸ ਦੇ ਮਾਮਲੇ 'ਤੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਬਹੁਤ ਹੀ ਨਾਸਮਝੀ ਵਾਲੇ ਬਿਆਨ ਦਿੱਤੇ ਜਾ ਰਹੇ ਹਨ। ਇਹ ਫ਼ੀਸ ਲਾਉਣ ਲਈ ਉਹ ਪਾਕਿਸਤਾਨ ਦੀ ਨਿਖੇਧੀ ਕਰ ਰਹੇ ਹਨ। ਅਜਿਹੇ ਕੁਝ ਆਗੂ ਤਾਂ ਇਸ ਤੋਂ ਕਿਤੇ ਅਗਾਂਹ ਵਧ ਕੇ ਇਸ ਨੂੰ 'ਜਜ਼ੀਆ ਟੈਕਸ' ਤੱਕ ਕਰਾਰ ਦੇ ਰਹੇ ਹਨ।

ਇਸ ਘਟੀਆ ਬਿਆਨਬਾਜ਼ੀ ਦੇ ਚਾਰ ਸੰਭਵ ਕਾਰਨ ਗਿਣਾਏ ਜਾ ਸਕਦੇ ਹਨ। ਪਹਿਲਾ, ਹੋ ਸਕਦਾ ਹੈ ਕਿ ਬਿਆਨ ਦੇਣ ਵਾਲਿਆਂ ਨੂੰ ਇਸ ਮਾਮਲੇ 'ਤੇ ਕੌਮਾਂਤਰੀ ਮਾਮਲਿਆਂ ਦੀ ਜਾਣਕਾਰੀ ਘੱਟ ਹੋਵੇ ਕਿ ਕਿਸੇ ਇਕ ਮੁਲਕ ਦੇ ਬਾਸ਼ਿੰਦਿਆਂ ਦੇ ਦੂਜੇ ਮੁਲਕ ਵਿਚ ਦਾਖ਼ਲੇ ਸਬੰਧੀ ਕੀ ਕਾਨੂੰਨ ਹਨ। ਦੂਜਾ, ਇਹ ਬਿਆਨਬਾਜ਼ੀ ਇਸ ਵਹਿਮ ਕਾਰਨ ਹੋ ਸਕਦੀ ਹੈ ਕਿ ਦਾਖ਼ਲਾ ਫ਼ੀਸ ਦੇ ਮੁੱਦੇ 'ਤੇ ਇਸ ਤਰ੍ਹਾਂ ਜਨਤਕ ਤੌਰ 'ਤੇ ਪਾਕਿਸਤਾਨ ਦੀ ਨਿਖੇਧੀ ਕਰਨ ਨਾਲ ਉਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਦੇ ਸ਼ਰਧਾਲੂਆਂ ਖ਼ਾਸਕਰ ਜਿਹੜੇ ਇਸ ਇਤਿਹਾਸਕ ਸਥਾਨ ਦੇ ਦਰਸ਼ਨਾਂ ਲਈ ਜਾਣ ਦੀ ਤਿਆਰੀ ਵਿਚ ਹਨ, ਤੋਂ ਸ਼ਲਾਘਾ ਮਿਲੇਗੀ। ਤੀਜਾ, ਇਹ ਵੱਖ-ਵੱਖ ਭਾਈਚਾਰਿਆਂ ਖ਼ਾਸਕਰ ਮੁਸਲਮਾਨਾਂ (ਜਿਵੇਂ ਮੁਸਲਮਾਨਾਂ ਨੂੰ ਪਾਕਿਸਤਾਨ ਨਾਲ ਜੋੜ ਕੇ ਪੇਸ਼ ਕੀਤਾ ਜਾਂਦਾ ਹੈ) ਅਤੇ ਗੁਰੂ ਸਾਹਿਬ ਦੇ ਸ਼ਰਧਾਲੂ ਸਿੱਖ, ਹਿੰਦੂ ਤੇ ਸਿੰਧੀ ਭਾਈਚਾਰਿਆਂ ਦਰਮਿਆਨ ਕੁੜੱਤਣ ਪੈਦਾ ਕਰਨ ਦੀ ਗਿਣੀ-ਮਿਥੀ ਸ਼ਰਾਰਤ ਵੀ ਹੋ ਸਕਦੀ ਹੈ। ਚੌਥਾ, ਇਹ ਇਨ੍ਹਾਂ ਉਪਰਲੇ ਤਿੰਨੇ ਪੱਖਾਂ 'ਤੇ ਆਧਾਰਿਤ ਉਲਝੀ ਸੋਚ ਤੇ ਮਿਲੇ-ਜੁਲੇ ਮੰਤਵਾਂ ਦਾ ਸਿੱਟਾ ਹੋ ਸਕਦੇ ਹਨ।

ਕੌਮਾਂਤਰੀ ਸਬੰਧਾਂ ਬਾਰੇ ਇਹ ਗੱਲ ਸਮਝਣੀ ਤੇ ਚੇਤੇ ਰੱਖਣੀ ਜ਼ਰੂਰੀ ਹੈ ਕਿ ਦੁਨੀਆਂ ਭਰ ਦੀਆਂ ਸਾਰੀਆਂ ਹਕੂਮਤਾਂ ਦੂਜੇ ਮੁਲਕਾਂ ਦੇ ਨਾਗਰਿਕਾਂ ਤੋਂ ਆਪਣੀ ਸਰਜ਼ਮੀਨ ਵਿਚ ਦਾਖ਼ਲ ਹੋਣ 'ਤੇ ਫ਼ੀਸ ਵਸੂਲਦੀਆਂ ਹਨ। ਇਸ ਵਿਚ ਛੋਟ ਸਿਰਫ਼ ਉਸ ਸੂਰਤ ਵਿਚ ਹੋ ਸਕਦੀ ਹੈ, ਜੇ ਦੋ ਮੁਲਕਾਂ ਦਰਮਿਆਨ ਇਸ ਸਬੰਧੀ ਇਕਰਾਰਨਾਮਾ ਹੋਇਆ ਹੋਵੇ ਕਿ ਉਹ ਇਕ-ਦੂਜੇ ਦੇ ਬਾਸ਼ਿੰਦਿਆਂ ਤੋਂ ਉਨ੍ਹਾਂ ਦੇ ਮੁਲਕ ਆਉਣ ਉੱਤੇ ਕੋਈ ਵੀਜ਼ਾ ਫ਼ੀਸ ਨਹੀਂ ਲੈਣਗੇ। ਭਾਰਤ ਤੇ ਪਾਕਿ ਵਿਚਾਲੇ ਅਜਿਹਾ ਕੋਈ ਇਕਰਾਰਨਾਮਾ ਨਹੀਂ ਹੈ, ਹਾਲਾਂਕਿ ਦੋਵਾਂ ਮੁਲਕਾਂ ਦੇ ਲੰਬੇ ਸਮੇਂ ਲਈ ਚੰਗੇ ਰਿਸ਼ਤਿਆਂ ਵਾਸਤੇ ਅਜਿਹਾ ਹੋਣਾ ਬੇਹੱਦ ਜ਼ਰੂਰੀ ਹੈ। ਚੀਨ, ਜਪਾਨ ਤੇ ਹੋਰ ਏਸ਼ਿਆਈ ਮੁਲਕਾਂ ਨਾਲ ਸਬੰਧਿਤ ਮੇਰੇ ਬਹੁਤ ਸਾਰੇ ਵਿਦਿਆਰਥੀ ਚਿਰਾਂ ਤੋਂ ਭਾਰਤ ਸਥਿਤ ਬੁੱਧ ਧਰਮ ਨਾਲ ਸਬੰਧਤ ਅਹਿਮ ਸਥਾਨਾਂ ਦੀ ਯਾਤਰਾ ਕਰਦੇ ਹਨ। ਉਨ੍ਹਾਂ ਨੂੰ ਭਾਰਤ ਵਿਚ ਆਉਣ ਲਈ ਆਮ ਵੀਜ਼ਾ ਫ਼ੀਸ ਅਦਾ ਕਰਨੀ ਪੈਂਦੀ ਹੈ। ਇਸੇ ਤਰ੍ਹਾਂ ਜਦੋਂ ਪਾਕਿਸਤਾਨੀ ਬਾਸ਼ਿੰਦੇ ਭਾਰਤ ਵਿਚ ਅਜਮੇਰ ਸ਼ਰੀਫ਼ ਜਾਂ ਅਜਿਹੇ ਹੋਰ ਇਸਲਾਮੀ ਧਰਮ ਸਥਾਨਾਂ ਦੀ ਯਾਤਰਾ ਲਈ ਆਉਂਦੇ ਹਨ ਤਾਂ ਉਨ੍ਹਾਂ ਤੋਂ ਵੀ ਭਾਰਤ ਸਰਕਾਰ ਆਮ ਵੀਜ਼ਾ ਫ਼ੀਸ ਵਸੂਲਦੀ ਹੈ। ਇਸ ਲਈ ਜਿਹੜੇ ਆਗੂ ਜਾਂ ਲੋਕ ਮਹਿਜ਼ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂਆਂ ਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਦੇ ਹੋਰ ਚਾਹਵਾਨਾਂ ਦੀ ਸ਼ਲਾਘਾ ਖੱਟਣ ਲਈ ਦਾਖ਼ਲਾ ਫੀਸ ਲਾਉਣ ਬਦਲੇ ਪਾਕਿਸਤਾਨ ਦੀ ਜਨਤਕ ਤੌਰ 'ਤੇ ਨਿਖੇਧੀ ਕਰ ਰਹੇ ਹਨ, ਉਹ ਬਹੁਤ ਹੀ ਮਾੜਾ ਕੰਮ ਕਰ ਰਹੇ ਹਨ। ਇੰਨਾ ਹੀ ਨਹੀਂ ਉਹ ਗੁਰੂ ਸਾਹਿਬ ਪ੍ਰਤੀ ਵੀ ਬੇਅਦਬੀ ਦਾ ਮੁਜ਼ਾਹਰਾ ਕਰ ਰਹੇ ਹਨ ਕਿਉਂਕਿ ਗੁਰੂ ਸਾਹਿਬ ਅਜਿਹੀ ਫ਼ਿਰਕੂ ਸੋਚ ਦੇ ਖ਼ਿਲਾਫ਼ ਸਨ। ਪਾਕਿਸਤਾਨ ਦੇ ਅਜਿਹੇ ਆਲੋਚਕ ਸ਼ਾਇਦ ਇਹ ਨਹੀਂ ਜਾਣਦੇ ਕਿ ਗੁਰੂ ਨਾਨਕ ਸਾਹਿਬ ਨੂੰ ਪਾਕਿਸਤਾਨੀ ਲੋਕ ਵੀ ਬਾਬਾ ਨਾਨਕ ਵਜੋਂ ਇਕ ਪੀਰ ਮੰਨਦਿਆਂ ਬਹੁਤ ਸਤਿਕਾਰ ਦਿੰਦੇ ਹਨ। ਜੇ ਦਾਖ਼ਲਾ ਫ਼ੀਸ ਦੇ ਇਸ ਵਿਰੋਧ ਪਿੱਛੇ ਵੱਖ-ਵੱਖ ਧਾਰਮਿਕ ਭਾਈਚਾਰਿਆਂ ਦਰਮਿਆਨ ਨਫ਼ਰਤ ਫੈਲਾਉਣ ਦਾ ਲੁਕਵਾਂ ਮੰਤਵ ਹੈ ਤਾਂ ਇਹ ਹੋਰ ਵੀ ਵੱਧ ਨਿੰਦਣਯੋਗ ਕਾਰਵਾਈ ਹੈ ਜੋ ਅਜਿਹੇ ਸ਼ੁਭ ਮੌਕੇ 'ਤੇ ਕੀਤੀ ਜਾ ਰਹੀ ਹੈ। ਇਸ ਫੀਸ ਲਈ ਜਜ਼ੀਆ ਟੈਕਸ ਵਰਗਾ ਬਹੁਤ ਹੀ ਭੜਕਾਊ ਸ਼ਬਦ ਵਰਤਣਾ ਚਿੰਤਾ ਦੀ ਗੱਲ ਹੈ ਜਿਸ ਦਾ ਮਕਸਦ ਇਸ ਇਤਿਹਾਸਕ ਮੌਕੇ ਦੀ ਪਵਿੱਤਰਤਾ ਨੂੰ ਭੰਗ ਕਰਨਾ ਹੈ। ਜਿੱਥੋਂ ਤੱਕ ਮਿਲੇ-ਜੁਲੇ ਮੰਤਵਾਂ ਦਾ ਸਵਾਲ ਹੈ ਤਾਂ ਸੰਭਵ ਹੈ ਕਿ ਦਾਖ਼ਲਾ ਫ਼ੀਸ ਦਾ ਵਿਰੋਧ ਕਰਨ ਵਾਲੇ ਆਪਣੇ ਇਸ ਸਟੈਂਡ ਬਾਰੇ ਪੂਰੀ ਤਰ੍ਹਾਂ ਸਪਸ਼ਟ ਨਹੀਂ ਹਨ। ਗ਼ੌਰਤਲਬ ਹੈ ਕਿ ਇਹ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸ਼ਤਾਬਦੀ ਜਾਂ ਅਰਧ-ਸ਼ਤਾਬਦੀ ਦਾ ਬਹੁਤ ਅਹਿਮ ਤੇ ਪਵਿੱਤਰ ਮੌਕਾ ਹੈ। ਇਸ ਲਈ ਜ਼ਰੂਰੀ ਹੈ ਕਿ ਇਸ ਮੌਕੇ ਦਾਖ਼ਲਾ ਫ਼ੀਸ ਵਰਗੇ ਮੁੱਦਿਆਂ ਉੱਤੇ ਜਨਤਕ ਬਿਆਨਬਾਜ਼ੀ ਕਰਨ ਵੇਲੇ ਨੈਤਿਕ ਜ਼ਿੰਮੇਵਾਰੀ ਤੋਂ ਕੰਮ ਲਿਆ ਜਾਵੇ।

# ਮੋਦੀ ਸਰਕਾਰ ਨੇ ਕਸ਼ਮੀਰ 'ਤੇ ਹਮਲਾ ਕਰਕੇ ਭਾਰਤੀ ਸੰਵਿਧਾਨ ਖਤਮ ਕੀਤਾ

- **ਗ਼ਦਰੀ ਬਾਬਿਆਂ ਦੇ ਮੇਲੇ 'ਤੇ ਅਰੁੰਧਤੀ ਰਾਏ ਕੜਕ ਕੇ ਬੋਲੀ**
- **ਖੱਬੇ ਪੱਖੀ ਚਿੰਤਕਾਂ ਨੇ ਫਾਸ਼ੀਵਾਦ ਦੀ ਸਖ਼ਤ ਨਿਖੇਧੀ ਕੀਤੀ**



**ਜਲੰਧਰ/ਏ.ਟੀ. ਨਿਊਜ਼ :** ਗ਼ਦਰੀ ਬਾਬਿਆਂ ਦੇ ਮੇਲੇ ਦੇ ਦੂਜੇ ਦਿਨ ਦੀ ਸ਼ੁਰੂਆਤ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਨਾਲ ਕੀਤੀ ਗਈ। ਇਹ ਰਸਮ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ ਨੇ ਅਦਾ ਕੀਤੀ। ਇਸ ਮਗਰੋਂ ਜਦੋਂ ਝੰਡੇ ਦਾ ਗੀਤ 'ਮਿੱਟੀ ਦੀ ਵੰਗਾਰ' ਪੇਸ਼ ਕੀਤਾ ਗਿਆ ਤਾਂ ਉੱਥੇ ਹਾਜ਼ਰ ਵੱਡੀ ਗਿਣਤੀ ਦਰਸ਼ਕਾਂ ਨੇ ਬੜੀ ਨੀਝ ਨਾਲ ਗੀਤ ਦਾ ਆਨੰਦ ਮਾਣਿਆ। ਅਮਰੀਕਾ, ਇੰਗਲੈਂਡ, ਕੈਨੇਡਾ ਤੇ ਯੂਰੋਪੀਅਨ ਦੇਸ਼ਾਂ ਵਿਚੋਂ ਵੱਡੀ ਗਿਣਤੀ ਲੋਕ ਮੇਲੇ ਵਿਚ ਸ਼ਾਮਲ ਹੋਏ। ਇਸ ਮੌਕੇ ਡਾ. ਪਰਮਿੰਦਰ ਦੀ ਲਿਖੀ ਪੁਸਤਕ 'ਜਲ੍ਹਿਆਂਵਾਲਾ ਬਾਗ਼ ਸਾਕਾ: ਸਾਮਰਾਜ ਅਤੇ ਲੋਕ ਲਹਿਰ', ਅਮੋਲਕ ਸਿੰਘ ਦੀ ਪੁਸਤਕ 'ਝੰਡੇ ਦੇ ਗੀਤ' (1995 ਤੋਂ 2019), ਗੁਰਮੀਤ ਸਿੰਘ ਦੁਆਰਾ ਸੰਪਾਦਤ ਪੁਸਤਕ 'ਜਲ੍ਹਿਆਂਵਾਲਾ ਬਾਗ਼: ਇਤਿਹਾਸਕ ਧਰੋਹਰ: ਸੰਭਾਲ ਲਈ ਸੰਗਰਾਮ' ਅਤੇ ਮੇਲੇ ਦਾ ਸੋਵੀਨਰ ਲੋਕ ਅਰਪਣ ਕੀਤੇ ਗਏ। ਪੁਸਤਕ ਪ੍ਰਦਰਸ਼ਨੀ ਦੌਰਾਨ ਲੱਖਾਂ ਰੁਪਏ ਦਾ ਸਾਹਿਤ ਲੋਕਾਂ ਨੇ ਖਰੀਦਿਆ।

ਸਮਾਗਮ ਦੇ ਆਖਰੀ ਦਿਨ ਹੋਈ ਚਰਚਾ ਵਿਚ ਦੇਸ਼ ਅੰਦਰ ਪੈਦਾ ਹੋ ਰਹੇ ਫਾਸ਼ੀਵਾਦ ਵਰਗੇ ਹਾਲਾਤ ਅਤੇ ਕਸ਼ਮੀਰ ਦਾ ਮੁੱਦਾ ਭਾਰੂ ਰਹੇ। ਕੇਂਦਰ ਦੀ ਮੋਦੀ ਸਰਕਾਰ ਵੱਲੋਂ ਦੇਸ਼ ਦੀਆਂ ਖੁਦਮੁਖਤਿਆਰ ਸੰਸਥਾਵਾਂ ਨੂੰ ਲਾਈ ਜਾ ਰਹੀ ਢਾਹ ਅਤੇ ਹਜੂਮੀ ਕਤਲਾਂ 'ਤੇ ਚਿੰਤਾ ਪ੍ਰਗਟ ਕੀਤੀ ਗਈ। ਬੁਲਾਰਿਆਂ ਨੇ ਕਿਹਾ ਕਿ ਦੇਸ਼ ਵਿਚ ਆਰਬੀਆਈ, ਸੀਬੀਆਈ, ਕੇਂਦਰੀ ਯੂਨੀਵਰਸਿਟੀਆਂ, ਸੁਪਰੀਮ ਕੋਰਟ ਅਤੇ ਹੋਰ ਪਬਲਿਕ ਅਦਾਰਿਆਂ ਨੂੰ ਕਮਜ਼ੋਰ ਕੀਤਾ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਦੇਸ਼ ਅੰਦਰ ਡਰ ਅਤੇ ਦਹਿਸ਼ਤ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ। ਬੁਲਾਰਿਆਂ ਮੁਤਾਬਕ ਕਸ਼ਮੀਰ ਵਿਚ ਧਾਰਾ 370 ਤੇ 35ਏ ਖ਼ਤਮ ਕਰਨ ਅਤੇ ਕਸ਼ਮੀਰ ਨੂੰ ਦੋ ਟੁਕੜਿਆਂ ਵਿਚ ਵੰਡਣ ਵਿਰੁੱਧ ਦੇਸ਼ ਵਿਚੋਂ ਜੇ ਕਿਸੇ ਨੇ ਆਵਾਜ਼ ਬੁਲੰਦ ਕੀਤੀ ਹੈ ਤਾਂ ਉਹ ਪੰਜਾਬੀ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੇ ਬਾਕੀ ਲੋਕਾਂ ਦਾ ਚੁੱਪ ਰਹਿਣਾ ਖਤਰਨਾਕ ਰੁਝਾਨ ਹੈ।

ਅਰੁੰਧਤੀ ਰਾਏ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਜਦੋਂ ਲੱਖਾਂ ਲੋਕਾਂ ਨੂੰ ਚੈਂਬਰਾਂ ਵਿਚ ਇਕੋ ਝਟਕੇ ਨਾਲ ਕਤਲ ਕਰ ਦਿੱਤਾ ਜਾਏ ਫੇਰ ਹੀ ਫਾਸ਼ਿਜ਼ਮ ਨਹੀਂ ਕਿਹਾ ਜਾਂਦਾ ਸਗੋਂ ਦੇਸ਼ ਅੰਦਰ ਜਿਵੇਂ ਕਸ਼ਮੀਰ, ਬੁੱਧੀਮਾਨ ਵਰਗ, ਦਲਿਤਾਂ, ਮੁਸਲਿਮ ਭਾਈਚਾਰੇ, ਜਮਹੂਰੀ ਸ਼ਕਤੀਆਂ ਆਦਿਵਾਸੀਆਂ ਉਪਰ ਮਾਰੂ ਹੱਲਾ ਵਿੱਢ ਰੱਖਿਆ ਹੈ, ਇਹ ਨੰਗਾ ਚਿੱਟਾ ਫਾਸ਼ਿਜ਼ਮ ਹੈ। ਅਰੁੰਧਤੀ ਰਾਏ ਨੇ ਕਿਹਾ ਕਿ ਡਰ ਦਾ ਪਰਦਾ ਚੁੱਕ ਦਿਓ, ਫਾਸ਼ੀ ਹੱਲੇ ਖਿਲਾਫ਼ ਸਿਰ ਉੱਚਾ ਕਰਕੇ ਸੰਗਰਾਮ ਕਰੋ; ਸੱਚ ਜਿੱਤੇਗਾ ਅਤੇ ਝੂਠ ਹਾਰੇਗਾ।

ਉਨ੍ਹਾਂ ਕਿਹਾ ਕਿ ਮੌਜੂਦਾ ਕੇਂਦਰ ਸਰਕਾਰ ਹੀ ਮੌਬ ਲਿੰਚਿੰਗ ਦੀ ਸਰਕਾਰ ਹੈ। ਭਾਜਪਾ ਦੀ ਅਗਵਾਈ ਵਾਲੀ ਐਨ ਡੀ ਏ ਸਰਕਾਰ ਹਿੰਦੂ ਰਾਸ਼ਟਰਵਾਦ ਦੇ ਨਾਂ 'ਤੇ ਭਗਵੀਂ ਹਿੰਸਾ ਨੂੰ ਉਤਸ਼ਾਹਿਤ ਕਰ ਰਹੀ ਹੈ। ਇਸ ਕਾਰਨ ਘੱਟ ਗਿਣਤੀਆਂ ਡਰ ਤੇ ਦਹਿਸ਼ਤ ਦੇ ਪਰਛਾਵੇਂ ਹੇਠ ਜੀਅ ਰਹੀਆਂ ਹਨ। ਮੈਂ ਜਾਣਦੀ ਹਾਂ ਕਿ ਹੁਣ ਮੇਰਾ ਨਾਂ ਰਾਸ਼ਟਰ ਵਿਰੋਧੀਆਂ ਦੀ ਪਹਿਲੀ ਲਿਸਟ ਵਿਚ ਹੈ, ਕਿਉਂਕਿ ਮੈਂ ਲਗਾਤਾਰ ਫ਼ਿਰਕਾਪ੍ਰਸਤੀ ਵਿਰੁਧ ਬੋਲ ਰਹੀ ਹਾਂ, ਬ੍ਰਾਹਮਣਵਾਦ ਨੂੰ ਲਲਕਾਰ ਰਹੀ ਹਾਂ। ਮੇਰਾ ਅਪਰਾਧ ਇਹ ਹੈ ਕਿ ਮੈਂ ਕਸ਼ਮੀਰ ਦੀ ਅਜ਼ਾਦੀ ਦੇ ਸੰਘਰਸ਼ ਬਾਰੇ ਲਿਖਿਆ ਹੈ। ਮੈਂ ਇਹ ਵੀ ਜਾਣਦੀ ਹਾਂ ਕਿ ਕਬੀਲਿਆਂ ਦੀ ਜ਼ਮੀਨ ਲੁੱਟੀ ਜਾ ਰਹੀ ਹੈ, ਉਹ ਸਿਰਫ਼ ਇਸ ਕਰਕੇ ਤਾਂ ਜੋ ਕਾਰਪੋਰੇਟ ਜਗਤ ਨੂੰ ਮਾਲੋ ਮਾਲ ਕੀਤਾ ਜਾ ਸਕੇ। ਇਹੀ ਕਾਰਨ ਹੈ ਕਿ ਅਜਿਹਾ ਬੋਲਣ ਵਾਲਿਆਂ ਨੂੰ ਦੇਸ-ਧ੍ਰੋਹੀ ਕਿਹਾ ਜਾਵੇਗਾ।

ਉਨ੍ਹਾਂ ਕਿਹਾ ਕਿ ਮੋਦੀ ਤੇ ਸ਼ਾਹ ਦੇ ਪਿੱਛੇ ਆਰਐੱਸਐੱਸ ਹੈ, ਜਿਸ ਦੇ ਅਧੀਨ 60 ਹਜ਼ਾਰ ਸ਼ਾਖਾਵਾਂ ਚਲਦੀਆਂ ਹਨ ਅਤੇ ਉਨ੍ਹਾਂ ਦੇ 16 ਲੱਖ ਤੋਂ ਵੱਧ ਕਾਰਕੁਨ ਹਨ। 'ਆਰਐੱਸਐੱਸ ਕੋਲ ਲਿਟਰੇਚਰ ਛਾਪਣ ਦਾ ਵੱਡਾ ਬੁਨਿਆਦੀ ਢਾਂਚਾ ਹੈ ਜਿਹੜਾ ਫਰਜ਼ੀ ਇਤਿਹਾਸ ਛਾਪ ਕੇ ਆਉਣ ਵਾਲੀਆਂ ਪੀੜ੍ਹੀਆਂ ਦੇ ਮਨਾਂ ਵਿਚ ਗਲਤ ਜਾਣਕਾਰੀ ਦੇ ਰਿਹਾ ਹੈ।' ਅਰੁੰਧਤੀ ਨੇ ਕਿਹਾ ਕਿ ਭਾਜਪਾ 'ਇਕ ਦੇਸ਼-ਇਕ ਸੰਵਿਧਾਨ' ਦੀ ਗੱਲ ਕਰਦੀ ਹੈ ਪਰ ਮੁਲਕ ਵਿਚ ਇਹ ਸੰਭਵ ਨਹੀਂ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਹਿੰਦੂ, ਹਿੰਦੀ, ਹਿੰਦੁਸਤਾਨ ਬਣਾਉਣ ਦੇ ਰਾਹ ਪਈ ਭਾਜਪਾ ਵਿਰੁੱਧ ਆਵਾਜ਼ ਉਠਾਉਣੀ ਪਵੇਗੀ।

ਇਸ ਦੌਰਾਨ 'ਦਿ ਵਾਇਰ' ਦੇ ਸੰਪਾਦਕ ਡਾ. ਸਿਧਾਰਥ ਵਰਦਰਾਜਨ ਨੇ ਕਿਹਾ ਕਿ ਪੂਰੀ ਕਸ਼ਮੀਰ ਘਾਟੀ ਨੂੰ ਖੁੱਲ੍ਹੀ ਜੇਲ੍ਹ ਵਿਚ ਬਦਲ ਕੇ, ਲੋਕਾਂ ਦੇ ਮੁੱਢਲੇ ਜਮਹੂਰੀ ਹੱਕਾਂ ਦਾ ਘਾਣ ਕਰਕੇ ਫ਼ਿਰਕੂ ਫਾਸ਼ੀ ਹੱਲੇ ਦੀ ਹਨੇਰੀ ਝੁਲਾਉਣ ਵਾਲੇ ਹਾਕਮਾਂ ਖਿਲਾਫ਼ ਪੂਰੇ ਦੇਸ਼ ਵਿਚੋਂ ਪੰਜਾਬ ਸਭ ਤੋਂ ਅਗਲੀ ਕਤਾਰ ਵਿਚ ਖੜ੍ਹਾ ਰਿਹਾ, ਜਿਹੜਾ ਪੂਰੇ ਸਿਰੜ ਅਤੇ ਸਮਝਦਾਰੀ ਨਾਲ ਕਸ਼ਮੀਰੀ ਲੋਕਾਂ ਦੇ ਹੱਕ ਵਿਚ ਲਲਕਾਰੇ ਮਾਰ ਰਿਹਾ ਹੈ।'


ੴ
ਸਤਿਨਾਮ
ਵਾਹਿਗੁਰੂ
Birth Anniversary
Sri Guru Nanak Dev Ji
ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬੱਤ ਦਾ ਭਲਾ
ਭਾਈ ਗੁਰਦੇਵ ਸਿੰਘ ਜਥੇਦਾਰ
ਅਤੇ ਸਮੂਹ ਪਰਿਵਾਰ
ਵਲੋਂ ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਸਮੂਹ ਭਾਈਚਾਰਿਆਂ ਨੂੰ
ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀਆਂ
ਲੱਖ-ਲੱਖ ਵਧਾਈਆਂ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥

*"With manifestation (birth) of True Guru Nanak, the mist of ignorance and falsehood disappeared and there was the light of righteousness"*

**HOLLYWOOD SIKH TEMPLE (GURDWARA SAHIB VERMONT)**

along with

The Sikh Institutions of Southern California

*Celebrate*

# The 550th Parkash Utsav

*of*

# Shri Guru Nanak Dev Ji

**(Founder of Sikh Religion)**

*Guru ka Langer will be served all day along with fresh Jalebi's and fresh fruits!*

*Please come & join us with your family & friends and get the blessings of Wahe Guru Sahib Ji*

## 24th November 2019, Sunday • 7am to 5pm

## Venue: Friendship Auditorium

3201 Riverside Dr. Los Angeles, CA 90027 (1/2 Mile from Gurdwara Sahib Vermont)

Guest of honor: **Dr Amarjit Singh Marwah** and other dignitaries, city officials.



Bhai Harjinder Singh ji (Srinagar wale)



Bhai Ajit Singh Ji (Hazoori Ragi)

**KIRTAN DARBAR BY FAMOUS RAGI JATHAS:**

- Bhai Harjinder Singh Ji (Srinagar wale)
- Hazoori Ragi Bhai Ajit singh Ji
- Bhai Ravinder Singh Ji Rasia
- IISG Ragi Jatha
- Children Ragi Jathas

and all Ragi Jathas from Local Gurdwaras

**RAGI JATHA PLEASE CONTACT:**

- Amrik Singh Rasia (Gen-Secretary) Tel: (818) 331-1459
- Bhupinder Singh Dhillon (President) Tel: (323) 514-6347

**FOR LANGAR SEWA PLS CONTACT:**

- Amarjit Singh:...........(310) 291-4835
- Breakfast will be served by Bhai Kanhiaya Sewa Dal

**MANAGEMENT SEWA COMMITTEE**

- Bhupinder Singh Dhillon
- Amrik Singh Rasia
- Gulbagh Singh
- Ronak Singh
- Baldev Singh Johal
- Amarjit Singh
- Kulwinder Singh Multani
- Surjit Singh Dhillon
- Nirmal Singh Sehmbey
- Gurdev Singh Multani
- Sant Singh

**FOR BAZAAR TABLES, CONTACT:**

- Gurdev Singh.................323-304-4871

**PARTICIPATING GURDWARAS:**

- A.V. Sikh Center Lancaster
- Gurdwara Valley Sikh Temple
- Alhambra Gurdwara Sahib
- Khalsa Care Foundation
- Gurdwara Walnut
- Gurdwara Buena Park
- Gurdwara Riverside
- Sikh Center of Riverside
- Guru Ram Dass Ashram
- Gurdwara Lankershim
- Gurdwara Nanak Sadan

*and all other local Gurdwaras*

**DONATION SEWA COMMITTEE**

- Harjinder Singh Malhi
- Iqbal Singh Dhillon
- Iqbal Singh Samra
- Surinder Singh Gill
- Jawaharlal Saini
- Avtar Singh
- Surjit Singh Bawa
- Harbhajan Singh
- Darshan Singh
- Manjit Singh Papi
- Gurcharan Singh Bali
- Jaswant Singh Dhillon
- Baljinder Multani
- Gurdas Singh Kehl
- Gurdev Singh Nauli
- Harbhajan Singh Samra
- Manjit Singh Samra
- Ravinder Singh Rasia
- Satpal Singh Ghotra
- Gurmit Singh Multani
- Manjit Singh Khalil
- Joginder Singh
- Gurbachan Singh
- Avtar Singh Bhogal
- Waraich Brothers
- Jaswinder Singh
- Paramjit Singh
- Ram Singh
- Sukhdev Singh Multani

**FREE VALET PARKING AND SHUTTLE FROM GURDWARA SAHIB**

Visit our website: www.hollywoodsikhtemple.org
E-mail: info@hollywoodsikhtemple.org

**Call 323-665-7707**

**ALL ARE WELCOME!**

47833

# SIKH GURDWARA OF LOS ANGELES LANKERSHIM

## 550th Birthday Anniversary




### Parkash Gur Purab of

## SHRI GURU NANAK DEV JI

On Sunday November 10th & 17th 2019
Katha and Kirtan Darbar 9:30 am to 1:00 pm
Shri akhand Path Sahib Ji
Sewa by Ravi Grewal & Kashmir Singh & Family's

On Friday, 8th November 2019
Arambh Shri Akhand Path Sahib Ji 10:00 am
On Sunday, 10th November 2019
Bhog Shri Akhand Path Sahib Ji 10:30 am

On Friday, 15th November 2019
Arambh Shri Akhand Path Sahib Ji 10:00 am
On Sunday, 17th November 2019
Bhog Shri Akhand Path Sahib Ji 10:30 am

Katha, Kirtan will be Performad by
Following Ragi Jatha
Baba Surjit Singh Ji
Bhai Jatinder Singh Jot Ji (Hazori Ragi)

Langar Sewa by
Ravi Grewal
& Amarjit Singh Saini and Family's

AT: SIKH GURDWARA OF LOS ANGELES
7640 LANKERSHIM BLVD. NORTH HOLLYWOOD, CA 91605
818-765-9399, 818-423-8000

FOR MORE INFORMATION TO CONTACT

| | | | |
|---|---|---|---|
| Mukhtiar S. Kamboj | (626)-893-5959 | Gurdwara Sahib Ji | (818) 765-9399 |
| Manjit S. Pandher | (818)-398-9262 | Baba Surjit Singh | (818)-423-8000 |

ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਸਮੂਹ ਭਾਈਚਾਰਿਆਂ ਨੂੰ

## ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀਆਂ

## ਲੱਖ ਲੱਖ ਵਧਾਈਆਂ

# Homeopathicvibes



Now we have two locations :

940, E. El Camino Real, Sunnyvale, CA 94087
Office : (408) 737-7100 Fax: (408) 737-7102

39039 Paseo Padre Pkwy Suite #209 (upstairs) Fremont CA 94538
www.homeopathicvibes.com

*We sell and ship homeopathic remedies through out North America.*

ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

**Harminder Singh Gill** D.H.M.S;B.C.I.H
*(Ex Homeopathic Medical officer Punjab Govt.)*


Happy Gurpurab!
ਸ੍ਰੀ ਗੁਰੂ ਨਾਨਕ ਦੇਵ ਜੀ
ਦੇ 550ਵੇਂ ਪ੍ਰਕਾਸ਼ ਪੁਰਬ ਦੀਆਂ
ਲੱਖ-ਲੱਖ ਵਧਾਈਆਂ
Valley Real Estate Center
ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।
ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।
Better Deal will be given from New Builders to Book New home in Mountain House, Tracy, Manteca and lathrop
For agriculture and almond Farm,office building,Farm House and for Truck Yard in Tracy, Manteca, Lathrop and Stockton
Listing
1415 W Anderson Stockton
a). 4.5 Acre Lot, include 15000 Square foot warehouse with 10 loading dock, 2000 square foot office.
b). Two bay truck repair shop.
$4,900,000
1943 E Fremont St,
1924 E park St and 1850 E Oak St Stockton CA 95205, Total 8 APN number, one lot, 7.56 acres paved truck parking.
$3,000,000
1801 E Dr martin luther king jr Blvd, Stockton, CA 95205 APN 155-140-15.
Almost 10 acres paved truck parking with approximately $32000 monthly income.
$4,399,000
ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ
Ranjit S Mangat
Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700, gbsingh84@gmail.com
Ranjit S Mangat
(Lic: 01922089)

# ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀਆਂ ਲੱਖ ਲੱਖ ਵਧਾਈਆਂ




| ਪ੍ਰੋਗਰਾਮ | | Program | |
|---|---|---|---|
| ੮-੧੨ ਨਵੰਬਰ | ਭਾਈ ਜਗਤਾਰ ਸਿੰਘ ਜਾਚਕ | 8-12 November | Bhai Jagtar Singh Jachak |
| ੧੦ ਨਵੰਬਰ | ਭਾਈ ਅਜੀਤ ਸਿੰਘ ਇੰਡੀਆਨਾ | 10 November | Bhai Ajit Singh Indiana |
| ੯-੧੭ ਨਵੰਬਰ | ਭਾਈ ਹਰਿੰਦਰ ਸਿੰਘ ਰੋਮੀ | 9-17 November | Bhai Harinder Singh Romi |
| ੨੨-੨੪ ਨਵੰਬਰ | ਸੰਤ ਅਨੂਪ ਸਿੰਘ ਊਨੇ ਵਾਲੇ<br>ਭਾਈ ਨਿਰੰਜਨ ਸਿੰਘ ਜਵੱਦੀ ਕਲਾਂ<br>ਭਾਈ ਨਿਰਮਲ ਸਿੰਘ ਨਾਗਪੁਰੀ | 22-24 November | Sant Anoop Singh Una Wale<br>Bhai Niranjan Singh Jawaddi Kalan<br>Bhai Nirmal Singh Nagpuri |
| ੨੯ ਨਵੰਬਰ- ੧ ਦਸੰਬਰ | ਬੀਬੀ ਬਲਜੀਤ ਕੌਰ ਖਾਲਸਾ ਤਲਵਾੜੇ ਵਾਲੇ | 29 Nov. - 1Dec. | Bibi Baljit Kaur Khalsa Talware wale |



ਭਾਈ ਜਗਤਾਰ ਸਿੰਘ ਜਾਚਕ · ਭਾਈ ਅਜੀਤ ਸਿੰਘ ਇੰਡੀਆਨਾ · ਭਾਈ ਹਰਿੰਦਰ ਸਿੰਘ ਰੋਮੀ · ਸੰਤ ਅਨੂਪ ਸਿੰਘ ਊਨੇ ਵਾਲੇ · ਭਾਈ ਨਿਰੰਜਨ ਸਿੰਘ ਜਵੱਦੀ ਕਲਾਂ · ਭਾਈ ਨਿਰਮਲ ਸਿੰਘ ਨਾਗਪੁਰੀ · ਬੀਬੀ ਬਲਜੀਤ ਕੌਰ ਖਾਲਸਾ

## 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਕੀਤੇ ਜਾ ਰਹੇ ਕਾਰਜ:

- ਨੌਜਵਾਨਾਂ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਪੇਸ਼ਕਾਰੀ, 27 ਅਕਤੂਬਰ
- ਕੀਰਤਨ ਦਰਬਾਰ - 22 ਨਵੰਬਰ ਤੋਂ -24 ਨਵੰਬਰ
- ਨਗਰ ਕੀਰਤਨ - 9 ਨਵੰਬਰ ਸਵੇਰੇ 9 ਤੋਂ 12ਵਜੇ ਦੁਪਹਿਰ
- ਪ੍ਰਭਾਤ ਫੇਰੀ - 16 ਨਵੰਬਰ ਸਵੇਰੇ 5 ਵਜੇ
- ਖੂਨ ਦਾਨ ਕੈਂਪ 24 ਨਵੰਬਰ
- 90 ਹਾਈਵੇ ਤੇ 4 ਹਫਤਿਆਂ ਲਈ ਡਿਜੀਟਲ ਸਾਈਨ ਲਗਾਉਣਾ
- ਗੁਰਦੁਆਰਾ ਸਾਹਿਬ ਦੇ ਅੰਦਰ ਅਤੇ ਬਾਹਰ ਦੀ ਦਿੱਖ ਅਤੇ ਵਾਤਾਵਰਨ ਨੂੰ ਸਵਾਰਨ ਲਈ ਰੁੱਖ, ਸਜਾਵਟੀ ਪੌਦੇ ਲਗਾਉਣਾਂ, ਰੰਗ ਰੋਗਨ ਕਰਨਾ ਅਤੇ ਸਮਾਗਮ ਲਈ ਅੰਦਰ ਬਾਹਰ ਫੁੱਲਾਂ ਅਤੇ ਰੋਸ਼ਨੀ ਨਾਲ ਸਜਾਵਟ ਕਰਨੀ

## Activities being dedicated to 550th Parkash Purab:

- Youth presentation Speech Competition Oct. 27th (SRS Library)
- Kirtan Darbar - November 22nd to 24th
- Nagar Kirtan - November 9th 9am to 12 noon
- Parbhat Pheri - November 16th, 5a.m.
- Blood Donation camp – 24 November
- Digital Sign on I-90 near O'Hare for 4 weeks
- Plantation of tree, shrubs and trimming pruning of tree bushes to improvise curb appeal and environment
- Interior painting and decoration with flowers and lighting.

**ਇਹਨਾਂ ਕਾਰਜਾਂ ਲਈ ਤਨ, ਮਨ, ਧਨ ਨਾਲ ਯੋਗਦਾਨ ਪਾਉ ਜੀ**

**Please participate and donate for these activities.**

SIKH Religious Society
PALATINE GURDWARA
1280 Winnetka Street, Palatine, IL 60067 Phone: (847) 358-1117
Website: www.srschicago.org Email: contactus@srschicago.org






Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# Paradise Ballrooms

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.



*Celebrating the 550th Parkash Utsav of Guru Nanak Dev Ji*

# Gurdwara Khalsa Care Foundation

Address: 9989 Laurel Canyon Blvd, Pacoima, CA 91331 Phone: (818) 896-7700

## *Special Program on Monday, NOVEMBER 11th, 2019*

## *from 6:30 PM – 12:00 AM (Midnight)*

| | |
|---|---|
| 6:30 PM – 7:00 PM | : Rehras Sahib |
| 7:00 PM – 8:30 PM | : Sukhmani Sahib |
| 8:30 PM – 9:00 PM | : Kavita (Poetry) |
| 9:00 PM – 10:00 PM | : Raag Darbar |
| 10:00 PM – 11:30 PM | : Kirtan Darbar |
| 11:30 PM – 12:00 AM | : Sangati Roop Kirtan |
| 12:00 AM | : Phoolan Kee Barakha |

A Variety of Snacks and Guru Ka Langar Will Be Served.
Fresh Desi Ghee Jalebis & Badam Milk.

***November 12th, 2019 Evening***
***6:00 PM – 8:30 PM***

*Blissful Mornings of Prabhat Pheri:*

November 2nd, 3rd, 9th, and 10th
5:30 AM – 7:00 AM


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
Asiana Airlines Daily Flight To New Delhi
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
2016
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

# ਕਸ਼ਮੀਰ ਦਾ ਸੱਚ ਲੁਕਾ ਰਹੀ ਹੈ ਭਾਰਤ ਸਰਕਾਰ

**ਰਜਿੰਦਰ ਸਿੰਘ**

ਕਸ਼ਮੀਰ ਦੇ ਲੋਕ ਧਾਰਾ 370 ਦੇ ਹਟਾਏ ਜਾਣ ਤੋਂ ਪਿੱਛੋਂ ਮੁਜਰਮਾਂ ਵਾਂਗ ਵਿਚਰ ਰਹੇ ਹਨ। ਸਰਕਾਰੀ ਪਾਬੰਦੀਆਂ ਕਾਰਨ ਆਪਣੇ ਆਪ ਨੂੰ ਜੇਲ੍ਹ ਵਿਚ ਬੰਦ ਮਹਿਸੂਸ ਕਰ ਰਹੇ ਹਨ। ਜਿਧਰ ਜਾਂਦੇ ਹਨ ਫ਼ੌਜੀ ਅੱਖਾਂ ਉਨ੍ਹਾਂ ਦਾ ਪਿੱਛਾ ਕਰਦੀਆਂ ਨਜ਼ਰ ਆਉਂਦੀਆਂ ਹਨ। ਕਸ਼ਮੀਰ ਦੇ ਲੋਕਾਂ ਦੀ ਕਰੁਣਾਮਈ ਸਥਿਤੀ ਹੈ। ਸਕੂਲ, ਕਾਲਜਾਂ ਵਿਚ ਵਿਦਿਆਰਥੀ ਨਹੀਂ ਜਾ ਰਹੇ, ਕਾਰੋਬਾਰ ਠੱਪ ਦਿਖਾਈ ਦੇ ਰਹੇ ਹਨ। ਟੈਲੀਫੋਨ, ਇੰਟਰਨੈਂਟ ਤੇ ਮੋਬਾਈਲ ਜਾਮ ਕਰ ਰੱਖੇ ਸਨ। ਆਵਾਜਾਈ ਦੇ ਵਸੀਲਿਆਂ ਦੀ ਤੰਗੀ ਤੇ ਸੈਨਿਕਾਂ ਵਲੋਂ ਕੀਤੇ ਤਸ਼ੱਦਦ ਦੀਆਂ ਖ਼ਬਰਾਂ ਸੁਣ ਕੇ ਗਰਭਵਤੀ ਔਰਤਾਂ ਸਤਮਾਹੇਂ ਤੇ ਅਠਮਾਹੇਂ ਬੱਚਿਆਂ ਨੂੰ ਜਨਮ ਦੇ ਰਹੀਆਂ ਹਨ। ਮੈਨੂੰ ਯਕੀਨ ਨਹੀਂ ਆ ਰਿਹਾ ਕਿ ਭਾਰਤ ਵਿਚ ਵੀ ਅਜਿਹਾ ਵਾਪਰ ਸਕਦਾ ਹੈ। ਪਿੰਡਾਂ ਵਿਚ ਬਹੁਤ ਸਾਰੀਆਂ ਔਰਤਾਂ ਦੀਆਂ ਸੁੰਨੀਆਂ ਅੱਖਾਂ ਵਿਚ ਸਵਾਲ ਸਨ ਕਿ ਫ਼ੌਜ ਵਲੋਂ ਘਰਾਂ ਵਿਚੋਂ ਚੁੱਕੇ ਗਏ ਉਨ੍ਹਾਂ ਦੇ ਪੁੱਤਰ ਕਿੱਥੇ ਸਨ? ਪੰਜਾਬ ਵਰਗੇ ਹਾਲਾਤ ਅੱਜ ਕਸ਼ਮੀਰ ਵਿਚ ਵੀ ਹਨ। ਉਨ੍ਹਾਂ ਦੇ ਆਦਮੀ ਜਦੋਂ ਆਪਣੇ ਪੁਲੀਸ ਦੁਆਰਾ ਚੁੱਕੇ ਨੌਜਵਾਨ ਬੱਚਿਆਂ ਬਾਰੇ ਪੁੱਛਣ ਪੁਲਿਸ ਚੌਕੀ ਜਾਂਦੇ ਸਨ ਤਾਂ ਉਨ੍ਹਾਂ ਨੂੰ ਹੈਡਕੁਆਰਟਰ ਜਾਣ ਲਈ ਕਹਿ ਦਿੱਤਾ ਜਾਂਦਾ ਸੀ। ਉਹ ਔਖੇ-ਸੌਖੇ ਹੈੱਡਕੁਆਰਟਰ ਪਹੁੰਚਦੇ ਸਨ ਤਾਂ ਉਥੇ ਅੱਗੇ ਬੋਰਡ 'ਤੇ ਲੱਗੀਆਂ ਪੱਥਰਬਾਜ਼ਾਂ ਦੀਆਂ ਸੂਚੀਆਂ ਵਿਚ ਉਨ੍ਹਾਂ ਦੇ ਬੱਚਿਆਂ ਦੇ ਨਾਂਅ ਲਿਖੇ ਹੁੰਦੇ ਸਨ, ਜਿਨ੍ਹਾਂ ਨੂੰ ਅੱਗੋਂ ਆਗਰਾ, ਜੋਧਪੁਰ, ਲਖਨਊ ਅਤੇ ਝੱਜਰ ਦੀਆਂ ਜੇਲ੍ਹਾਂ ਵਿਚ ਬੰਦ ਕੀਤਾ ਗਿਆ ਹੈ। ਬਹੁਤ ਸਾਰੇ ਕਸ਼ਮੀਰੀਆਂ ਨੂੰ ਤਾਂ ਇਹ ਵੀ ਪਤਾ ਨਹੀਂ ਕਿ ਉਨ੍ਹਾਂ ਦੇ ਪੁੱਤਰ ਕਿੱਥੇ ਬੰਦ ਹਨ? ਇਕ ਅੰਦਾਜ਼ੇ ਅਨੁਸਾਰ ਧਾਰਾ-370 ਹਟਾਉਣ ਬਾਅਦ ਕਸ਼ਮੀਰ ਵਿਚ ਆਇਦ ਪਾਬੰਦੀਆਂ ਮਗਰੋਂ ਫ਼ੌਜ ਨੇ ਹੁਣ ਤੱਕ ਲਗਪਗ 13 ਹਜ਼ਾਰ ਨੌਜਵਾਨਾਂ ਨੂੰ ਚੁੱਕ ਲਿਆ ਹੈ। ਮੀਡੀਆ ਸਮਾਚਾਰ ਤਾਂ ਇਹ ਵੀ ਦੱਸਦੇ ਹਨ ਕਿ ਸਰਕਾਰ ਵਲੋਂ ਸੈਨਿਕ ਪਾਬੰਦੀਆਂ ਹਟਾਏ ਜਾਣ ਦੇ ਦਾਅਵੇ ਪੂਰਾ ਸੱਚ ਨਹੀਂ। ਜੇ ਕਿਸੇ ਥਾਂ ਤੋਂ ਅੱਜ ਪਾਬੰਦੀ ਹਟਾਈ ਜਾਂਦੀ ਹੈ ਤਾਂ ਅਗਲੇ ਦਿਨ ਫਿਰ ਲਾਉਣੀ ਪੈ ਜਾਂਦੀ ਹੈ।

ਧਾਰਾ-370 ਨੂੰ ਖ਼ਤਮ ਕਰਨਾ ਭਾਰਤ ਦੇ ਸੱਤਾਧਾਰੀਆਂ ਦੀ ਅਗਿਆਨਤਾ ਦੀ ਨਿਸ਼ਾਨੀ ਹੈ, ਇਹ ਉਨ੍ਹਾਂ ਨੇ ਸਭ ਕੁਝ ਵੋਟਾਂ ਦੀ ਖ਼ਾਤਰ ਕੀਤਾ ਹੈ। ਸੰਘ ਪਰਿਵਾਰ ਤਾਂ ਪਹਿਲਾਂ ਹੀ ਕਹਿ ਚੁੱਕਾ ਹੈ ਕਿ ਭਾਰਤ ਹਿੰਦੂ ਰਾਸ਼ਟਰ ਹੈ। ਜੇਕਰ



ਭਾਰਤ ਹਿੰਦੂ ਰਾਸ਼ਟਰ ਹੈ ਤਾਂ ਦਲਿਤ ਤੇ ਘੱਟ ਗਿਣਤੀਆਂ ਹਿੰਦੂ ਰਾਸ਼ਟਰ ਵਿਚ ਨਹੀਂ ਹਨ ਤਾਂ ਫਿਰ ਕੀ ਉਹ ਵਿਦੇਸ਼ੀ ਹਨ? ਇਹ ਸ਼ਰੇਆਮ ਮਨੁੱਖੀ ਅਧਿਕਾਰਾਂ ਤੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਹੈ। ਬਹੁਤੇ ਸਿਆਣੇ ਲੋਕ ਸਮਝਦੇ ਹਨ ਕਿ ਇਸ ਧਾਰਾ ਨੂੰ ਖਤਮ ਕਰਨ ਤੋਂ ਬਾਅਦ ਕਸ਼ਮੀਰੀਆਂ ਦੀ ਭਾਰਤ ਨਾਲ ਜੁੜੀ ਆਖਰੀ ਤੰਦ ਵੀ ਹੁਣ ਟੁੱਟ ਗਈ ਹੈ। 14-15 ਲੱਖ ਫੌਜ ਲਗਾ ਕੇ ਕਸ਼ਮੀਰ ਵਿਚ ਸ਼ਾਂਤੀ ਦੀ ਆਸ ਰੱਖਣੀ ਫਜ਼ੂਲ ਜਾਪਦੀ ਹੈ। ਜਿੱਥੇ ਮਨੁੱਖੀ ਅਧਿਕਾਰ ਸੁਰੱਖਿਅਤ ਹੋਣਗੇ, ਬਰਾਬਰ ਦੇ ਅਧਿਕਾਰ ਹੋਣਗੇ, ਇਨਸਾਫ਼ ਹੋਵੇਗਾ, ਉੱਥੇ ਹੀ ਸ਼ਾਂਤੀ ਦੀ ਆਸ ਕੀਤੀ ਜਾ ਸਕਦੀ ਹੈ। ਅੱਜ ਹਿੰਦੂ ਰਾਸ਼ਟਰਵਾਦ ਦੇ ਨਾਅਰੇ ਅਧੀਨ ਭਾਰਤ ਬੁਰੀ ਤਰ੍ਹਾਂ ਕਮਜ਼ੋਰ ਨਜ਼ਰ ਆ ਰਿਹਾ ਹੈ। ਆਰਥਿਕ ਤੌਰ ਉਤੇ ਪਛੜਿਆ ਨਜ਼ਰ ਆ ਰਿਹਾ ਹੈ।

ਹੁਣੇ ਜਿਹੇ ਯੂਰੋਪੀਅਨ ਯੂਨੀਅਨ ਸੰਸਦ ਮੈਂਬਰਾਂ ਦੇ ਕਸ਼ਮੀਰ ਦੌਰੇ ਤੋਂ ਇਕ ਦਿਨ ਪਹਿਲਾਂ ਕਥਿਤ ਅੱਤਵਾਦੀਆਂ ਨੇ ਬਾਰਾਮੂਲਾ ਜ਼ਿਲ੍ਹੇ ਦੇ ਸੋਪੋਰ ਕਸਬੇ ਦੇ ਇਕ ਬੱਸ ਸਟਾਪ 'ਤੇ ਗ੍ਰਨੇਡ ਹਮਲਾ ਕੀਤਾ। ਹਮਲੇ ਵਿਚ ਸਟਾਪ 'ਤੇ ਬੱਸ ਉਡੀਕ ਕਰ ਰਹੇ ਕਰੀਬ 20 ਜਣੇ ਜ਼ਖ਼ਮੀ ਹੋ ਗਏ। ਇੱਥੇ ਜ਼ਿਕਰਯੋਗ ਹੈ ਕਿ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦਿੰਦੀ ਧਾਰਾ 370 ਹਟਾਏ ਜਾਣ ਤੋਂ ਬਾਅਦ ਪਹਿਲੀ ਵਾਰ ਕੋਈ ਵਿਦੇਸ਼ੀ ਵਫ਼ਦ ਵਾਦੀ ਦਾ ਦੌਰਾ ਕਰ ਰਿਹਾ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਅਮਰੀਕੀ ਕਾਂਗਰਸ ਮੈਂਬਰਾਂ ਨੇ ਵੀ ਕਸ਼ਮੀਰ ਦੀ ਸਥਿਤੀ 'ਤੇ ਫ਼ਿਕਰ ਜ਼ਾਹਿਰ ਕੀਤਾ ਸੀ। ਉਨ੍ਹਾਂ ਉੱਥੇ ਵਿਦੇਸ਼ੀ ਸਫ਼ੀਰਾਂ ਅਤੇ ਮੀਡੀਆ ਪਹੁੰਚ 'ਤੇ ਲੱਗੀਆਂ ਰੋਕਾਂ ਦਾ ਜ਼ਿਕਰ ਕੀਤਾ ਸੀ। ਹੁਣੇ ਜਿਹੇ ਯੂਰਪੀ ਯੂਨੀਅਨ ਦੇ ਸਾਂਸਦਾਂ ਦੇ ਗੈਰ-ਸਰਕਾਰੀ ਵਫਦ ਵੱਲੋਂ ਜੰਮੂ-ਕਸ਼ਮੀਰ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਬੀਤੇ ਹਫਤੇ ਦੋ ਰੋਜ਼ਾ ਦੌਰੇ 'ਤੇ ਇਥੇ ਪੁੱਜਣ ਦੌਰਾਨ ਮੁਕੰਮਲ ਬੰਦ ਰਿਹਾ ਅਤੇ ਸ਼ਹਿਰ ਤੇ ਵਾਦੀ ਵਿਚ ਕਈ ਥਾਈਂ ਲੋਕਾਂ ਤੇ ਸੁਰੱਖਿਆ ਬਲਾਂ ਵਿਚਾਲੇ ਝੜਪਾਂ ਹੋਈਆਂ। ਸਾਂਸਦਾਂ ਨੂੰ ਹਵਾਈ ਅੱਡੇ ਤੋਂ ਬੁਲੇਟ-ਪਰੂਫ ਜੀਪਾਂ ਵਿਚ ਉਨ੍ਹਾਂ ਦੇ ਹੋਟਲ ਵਿਚ ਲਿਜਾਇਆ ਗਿਆ, ਜਿਥੇ ਉਨ੍ਹਾਂ ਦਾ ਰਵਾਇਤੀ ਕਸ਼ਮੀਰੀ ਅੰਦਾਜ਼ ਵਿਚ ਸਵਾਗਤ ਕੀਤਾ ਗਿਆ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤ ਦੌਰੇ 'ਤੇ ਆਏ ਯੂਰਪੀਅਨ ਯੂਨੀਅਨ ਦੇ 28 ਸੰਸਦ ਮੈਂਬਰਾਂ ਦੇ ਵਫ਼ਦ ਨਾਲ ਮੁਲਾਕਾਤ ਦੌਰਾਨ ਕਿਹਾ ਕਿ ਅੱਤਵਾਦ ਦਾ ਸਮਰਥਨ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਲੋੜ ਹੈ। ਪਰ ਸੁਆਲ ਤਾਂ ਇਹ ਹੈ ਕਿ ਇਸ ਵਲ ਯਤਨ ਕਿਉਂ ਨਹੀਂ ਕੀਤੇ ਗਏ। ਸਰਕਾਰ ਨੂੰ ਅੱਤਵਾਦੀਆਂ ਤੇ ਆਮ ਕਸ਼ਮੀਰੀਆਂ ਵਿਚ ਭਿੰਨਤਾ ਨਜ਼ਰ ਕਿਉਂ ਨਹੀਂ ਆ ਰਹੀ? 370 ਧਾਰਾ ਹਟਾ ਕੇ ਸਰਕਾਰ ਨੇ ਕਸ਼ਮੀਰੀਆਂ ਦਾ ਕਿਉਂ ਅਪਮਾਨ ਕੀਤਾ?

ਇਹ ਸੁਆਲ ਹੋਰ ਬੇਚੈਨ ਕਰਨ ਵਾਲਾ ਹੈ ਕਿ ਬਰਤਾਨੀਆ ਦੇ ਯੂਰਪੀ ਸੰਸਦ ਦੇ ਮੈਂਬਰ ਕ੍ਰਿਸ ਡੇਵੀਸ ਨੂੰ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਣ ਤੇ ਜੰਮੂ-ਕਸ਼ਮੀਰ ਦੀ ਗੇੜੀ ਲਾਉਣ ਦਾ ਸੱਦਾ ਮਿਲਿਆ ਸੀ, ਪਰ ਜਦੋਂ ਉਸ ਨੇ ਅਜ਼ਾਦੀ ਨਾਲ ਘੁੰਮਣ ਤੇ ਕਿਸੇ ਨਾਲ ਵੀ ਗੱਲਬਾਤ ਕਰਨ ਦੀ ਗੱਲ ਕਹੀ ਤਾਂ ਸੱਦਾ ਵਾਪਸ ਲੈ ਲਿਆ ਗਿਆ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਉਹ ਮੋਦੀ ਸਰਕਾਰ ਲਈ ਪੀ ਆਰ ਸਟੰਟ ਦਾ ਹਿੱਸਾ ਬਣਨ ਅਤੇ ਸਭ ਕੁਝ ਠੀਕ-ਠਾਕ ਹੈ ਕਹਿਣ ਲਈ ਤਿਆਰ ਨਹੀਂ ਸਨ। ਇਹ ਚੰਗੀ ਤਰ੍ਹਾਂ ਸਾਫ ਹੈ ਕਿ ਕਸ਼ਮੀਰ ਵਿਚ ਜਮਹੂਰੀ ਸਿਧਾਂਤ ਕੁਚਲੇ ਜਾ ਰਹੇ ਹਨ ਅਤੇ ਦੁਨੀਆ ਨੂੰ ਇਸ ਦਾ ਨੋਟਿਸ ਲੈਣਾ ਚਾਹੀਦਾ ਹੈ। ਮੈਂ ਇਮਾਨਦਾਰੀ ਨਾਲ ਕਹਿ ਰਿਹਾ ਹਾਂ ਕਿ ਮੈਂ ਕਦੇ ਸੋਚਿਆ ਵੀ ਨਹੀਂ ਸੀ, ਕਿ ਭਾਰਤ ਸਰਕਾਰ ਅਜ਼ਾਦਾਨਾ ਤੌਰ ਉੱਤੇ ਅਸਲ ਹਾਲਾਤ ਦੀ ਨਿਗਰਾਨੀ ਕਰਨ ਦੀ ਆਗਿਆ ਨਹੀਂ ਦੇਵੇਗੀ। ਭਾਰਤ ਸਰਕਾਰ ਨੇ ਜੋ ਕੀਤਾ ਉਹ ਮਨੁੱਖੀ ਅਧਿਕਾਰ ਦੀ ਉਲੰਘਣਾ ਹੈ ਤੇ ਸੱਚ ਨੂੰ ਛੁਪਾਉਣ ਦਾ ਯਤਨ ਹੈ। ਆਧੁਨਿਕ ਸਮਾਜ ਵਿਚ ਪ੍ਰੈਸ ਦੀ ਅਜ਼ਾਦੀ ਦਾ ਮਸਲਾ ਇੱਕ ਗੰਭੀਰ ਮੁੱਦਾ ਹੈ, ਅਸੀਂ ਕਿਸੇ ਵੀ ਹਾਲਾਤ ਵਿਚ ਖ਼ਬਰਾਂ ਕਿਸੇ ਹੋਰ ਦੀ ਮਰਜ਼ੀ ਉੱਤੇ ਨਹੀਂ ਛੱਡ ਸਕਦੇ। ਜੋ ਕੁਝ ਹੋ ਰਿਹਾ ਹੈ, ਉਸ ਨੂੰ ਸੱਚਾਈ ਤੇ ਇਮਾਨਦਾਰੀ ਨਾਲ ਦਿਖਾਇਆ ਜਾਣਾ ਚਾਹੀਦਾ ਹੈ। ਮੈਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਰਕਾਰ ਦੇ ਪੀਆਰ ਸੰਟਟ ਦਾ ਹਿੱਸਾ ਨਹੀਂ ਬਣ ਸਕਦਾ ਸੀ, ਨਾ ਹੀ ਇਹ ਦਿਖਾਵਾ ਕਰ ਸਕਦਾ ਸੀ ਕਿ ਉੱਥੇ ਸਭ ਕੁਝ ਚੰਗਾ ਹੈ, ਮੈਂ ਇਸ ਬਾਰੇ ਆਪਣੀਆਂ ਈਮੇਲਜ਼ ਵਿਚ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਸੀ।

ਜੇਕਰ ਕਸ਼ਮੀਰ ਵਿਚ ਜਮਹੂਰੀ ਕਦਰਾਂ ਕੀਮਤਾਂ ਦਾ ਘਾਣ ਹੋ ਰਿਹਾ ਹੈ ਤਾਂ ਸੰਸਾਰ ਨੂੰ ਇਸ ਦਾ ਨੋਟਿਸ ਲੈਣਾ ਸ਼ੁਰੂ ਕਰਨਾ ਚਾਹੀਦਾ ਹੈ। ਕਸ਼ਮੀਰ ਵਿਚ ਜੋ ਕੁਝ ਵਾਪਰ ਰਿਹਾ ਹੈ, ਜੋ ਕੁਝ ਅਸੀਂ ਹਿਰਾਸਤੀਆਂ ਬਾਰੇ, ਮੀਡੀਆ ਉੱਤੇ ਕੰਟਰੋਲ, ਸੰਚਾਰ ਪਾਬੰਦੀਆਂ ਅਤੇ ਫੌਜੀ ਕਬਜ਼ੇ ਬਾਰੇ ਸੁਣਦੇ ਹਾਂ, ਉਸ ਬਾਰੇ ਦਾਅਵਾ ਨਹੀਂ ਕਰ ਸਕਦੇ। ਉੱਥੇ ਜੋ ਕੁਝ ਵੀ ਵਾਪਰ ਰਿਹਾ ਹੈ ਅਤੇ ਸਰਕਾਰ ਦੀਆਂ ਗਤੀਵਿਧੀਆਂ ਨੂੰ ਫਿਕਰਾਪ੍ਰਸਤੀ ਉਲਾਰ ਦਾ ਬਹੁਤ ਜ਼ਿਆਦਾ ਪ੍ਰਭਾਵ ਹੋ ਸਕਦਾ ਹੈ। ਇਸ ਤੋਂ ਸਪੱਸ਼ਟ ਹੈ ਕਿ ਕਸ਼ਮੀਰ ਦੇ ਹਾਲਾਤ ਸ਼ਾਂਤਮਈ ਨਹੀਂ ਹਨ ਤੇ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਹੋ ਰਹੀਆਂ ਹਨ ਤੇ ਸੱਚ ਛੁਪਾਇਆ ਜਾ ਰਿਹਾ ਹੈ। ਕਸ਼ਮੀਰ 'ਤੇ ਰਾਜਨੀਤੀ ਨਹੀਂ ਹੋਣੀ ਚਾਹੀਦੀ, ਲੋਕਾਂ ਨਾਲ ਇਨਸਾਫ਼ ਹੋਣਾ ਚਾਹੀਦਾ ਹੈ।

---

## ਤਿੰਨ ਡਰੱਗ ਸਮੱਗਲਰਾਂ ਦੀ 1.53 ਕਰੋੜ ਰੁਪਏ ਦੀ ਜਾਇਦਾਦ ਜ਼ਬਤ

**ਤਰਨ ਤਾਰਨ/ਏ.ਟੀ. ਨਿਊਜ਼ :** ਜ਼ਿਲ੍ਹਾ ਪੁਲੀਸ ਨੇ ਇਲਾਕੇ ਨਾਲ ਸਬੰਧਤ ਨਸ਼ਿਆਂ ਦਾ ਧੰਦਾ ਕਰਦੇ ਤਿੰਨ ਤਸਕਰਾਂ ਦੀ 1.53 ਕਰੋੜ ਰੁਪਏ ਦੇ ਕਰੀਬ ਦੀ ਜਾਇਦਾਦ ਜ਼ਬਤ ਕੀਤੀ ਹੈ। ਐੱਸਐੱਸਪੀ ਧਰੁਵ ਦਹੀਆ ਨੇ ਦੱਸਿਆ ਕਿ ਇਨ੍ਹਾਂ ਤਸਕਰਾਂ ਵਿੱਚ ਸੁਖਬੀਰ ਸਿੰਘ ਵਾਸੀ ਹਵੇਲੀਆਂ, ਬਲਕਾਰ ਸਿੰਘ ਵਾਸੀ ਕਲਸ ਅਤੇ ਜਸਬੀਰ ਸਿੰਘ ਵਾਸੀ ਚੀਮਾ ਕਲਾਂ ਦਾ ਨਾਂ ਸ਼ਾਮਲ ਹੈ। ਇਹ ਤਿੰਨੇ ਪਿੰਡ ਸਰਹੱਦੀ ਖੇਤਰ ਦੇ ਥਾਣਾ ਸਰਾਏ ਅਮਾਨਤ ਖਾਂ ਅਧੀਨ ਆਉਂਦੇ ਹਨ। ਇਸ ਜ਼ਬਤ ਕੀਤੀ ਜਾਇਦਾਦ ਵਿਚ ਸੁਖਬੀਰ ਸਿੰਘ ਦੀ 73.22 ਲੱਖ ਰੁਪਏ, ਬਲਕਾਰ ਸਿੰਘ ਦੀ 19.29 ਲੱਖ ਰੁਪਏ ਅਤੇ ਜਸਬੀਰ ਸਿੰਘ ਜੱਸਾ ਦੀ 60.14 ਲੱਖ ਰੁਪਏ ਦੀ ਜਾਇਦਾਦ ਸ਼ਾਮਲ ਹੈ। ਸੁਖਬੀਰ ਸਿੰਘ ਕੋਲੋਂ ਤਿੰਨ ਕਿਲੋ ਜਦਕਿ ਬਲਕਾਰ ਸਿੰਘ ਅਤੇ ਜਸਬੀਰ ਸਿੰਘ ਜੱਸਾ ਕੋਲੋਂ ਇਕ-ਇਕ ਕਿਲੋ ਹੈਰੋਇਨ ਬਰਾਮਦ ਕੀਤੀ ਗਈ ਸੀ।

## ਡਰੱਗ ਸਮੱਗਲਰ ਔਰਤ ਗ੍ਰਿਫ਼ਤਾਰ, ਇਕ ਕਿੱਲੋ ਹੈਰੋਇਨ ਬਰਾਮਦ

**ਖੰਨਾ/ਏ.ਟੀ. ਨਿਊਜ਼ :** ਇੱਥੇ ਪੁਲੀਸ ਜ਼ਿਲ੍ਹਾ ਖੰਨਾ ਦੇ ਐੱਸਐੱਸਪੀ ਗੁਰਸ਼ਰਨਦੀਪ ਸਿੰਘ ਗਰੇਵਾਲ ਨੇ ਦੱਸਿਆ ਕਿ ਇੰਸਪੈਕਟਰ ਗੁਰਮੇਲ ਸਿੰਘ, ਜਤਿੰਦਰ ਸਿੰਘ ਅਤੇ ਜਗਜੀਵਨ ਰਾਮ ਪੁਲੀਸ ਪਾਰਟੀ ਸਮੇਤ ਪ੍ਰਿਸਟਾਈਨ ਮਾਲ ਜੀ.ਟੀ ਰੋਡ 'ਤੇ ਨਾਕਾਬੰਦੀ ਕਰ ਕੇ ਸ਼ੱਕੀ ਵਾਹਨਾਂ ਦੀ ਚੈਕਿੰਗ ਕਰ ਰਹੇ ਸਨ ਕਿ ਇਕ ਬੱਸ ਦੇ ਰੁਕਣ 'ਤੇ ਉਸ ਦੀ ਪਿਛਲੀ ਖਿੜਕੀ ਵਿਚੋਂ ਇਕ ਔਰਤ ਉਤਰ ਕੇ ਲਿੰਕ ਰੋਡ 'ਤੇ ਤੇਜ਼ ਚੱਲ ਪਈ। ਸ਼ੱਕ ਦੇ ਆਧਾਰ 'ਤੇ ਉਸ ਨੂੰ ਰੋਕ ਕੇ ਜਦੋਂ ਤਲਾਸ਼ੀ ਲਈ ਗਈ ਤਾਂ ਉਸ ਦੇ ਬੈਗ ਵਿਚੋਂ ਲਿਫ਼ਾਫੇ ਵਿਚ ਲਪੇਟੀ ਇਕ ਕਿੱਲੋ ਹੈਰੋਇਨ ਬਰਾਮਦ ਹੋਈ। ਔਰਤ ਦੀ ਪਛਾਣ ਮੈਲੋਡੀ ਯੋਧਾਨਪਰੀ ਵਾਸੀ ਮਿਜ਼ੋਰਮ ਹਾਲ ਵਾਸੀ ਸੀ-1 ਬਲਾਕ ਜਨਕਪੁਰੀ ਨਵੀਂ ਦਿੱਲੀ ਵਜੋਂ ਹੋਈ ਹੈ। ਗਰੇਵਾਲ ਨੇ ਦੱਸਿਆ ਕਿ ਔਰਤ ਹੈਰੋਇਨ ਦੀ ਖੇਪ ਦਿੱਲੀ ਤੋਂ ਲੈ ਕੇ ਆਈ ਸੀ ਅਤੇ ਦੁਆਬਾ ਏਰੀਆ ਵਿਚ ਸਪਲਾਈ ਕਰਨੀ ਸੀ।

---

# ਭਾਰਤੀ ਆਸ਼ਰਮਾਂ 'ਚ ਬੱਚਿਆਂ ਨਾਲ ਹੋ ਰਿਹਾ ਸ਼ੋਸ਼ਣ

## *ਮੁਜ਼ੱਫਰਪੁਰ ਦੇ ਇੱਕ ਬਾਲਿਕਾ ਗ੍ਰਹਿ 'ਚ ਕੁਕਰਮਾਂ ਦਾ ਖੁਲਸਾ ਹੋਇਆ*

- **ਨਾਬਾਲਗ 34 ਬੱਚਿਆਂ ਨਾਲ ਬਲਾਤਕਾਰ ਹੋਇਆ, ਜਿਨ੍ਹਾਂ ਦੀ ਉਮਰ 7 ਤੋਂ 13 ਸਾਲ ਦੀ ਸੀ**
- **ਦਿੱਲੀ ਮਹਿਲਾ ਕਮਿਸ਼ਨ ਦੀ ਰਿਪੋਰਟ ਅਨੁਸਾਰ ਦਿੱਲੀ ਦੇ ਆਸ਼ਰਮਾਂ 'ਚ ਹੋ ਰਹੇ ਨੇ ਬੱਚੀਆਂ ਦੇ ਬਲਾਤਕਾਰ**



**ਮੁਜ਼ੱਫਰਪੁਰ/ਏ.ਟੀ. ਨਿਊਜ਼ :** ਕੁਝ ਸਮਾਂ ਪਹਿਲਾਂ ਟਾਟਾ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਿਜ਼ (ਟਿਸ) ਰਾਹੀਂ ਕੀਤੀ ਗਈ ਇੱਕ ਸਮਾਜਿਕ ਪੜਤਾਲ ਤੋਂ ਬਾਅਦ ਬਿਹਾਰ ਦੇ ਮੁਜ਼ੱਫਰਪੁਰ ਦੇ ਇੱਕ ਬਾਲਿਕਾ ਗ੍ਰਹਿ ਵਿੱਚ ਸਾਲਾਂ ਤੋਂ ਚਲੇ ਆਉਂਦੇ ਬੱਚੀਆਂ ਦੇ ਸ਼ੋਸ਼ਣ ਦੇ ਕੁਕਰਮਾਂ ਦਾ ਖੁਲਾਸਾ ਹੋਇਆ ਸੀ। ਉਸ ਸਮੇਂ ਸਾਹਮਣੇ ਆਇਆ ਸੀ ਕਿ 42 ਬੱਚੀਆਂ ਵਿੱਚੋਂ 34 ਨਾਲ ਬਲਾਤਕਾਰ ਕੀਤਾ ਗਿਆ। ਬਲਾਤਕਾਰ ਦੀਆਂ ਸ਼ਿਕਾਰ ਬੱਚੀਆਂ ਦੀ ਉਮਰ 7 ਤੋਂ 13 ਸਾਲ ਦੇ ਦਰਮਿਆਨ ਸੀ। ਇਹ ਵੀ ਖੁਲਾਸਾ ਹੋਇਆ ਸੀ ਕਿ ਕੁਝ ਬੱਚੀਆਂ ਦੀ ਮੌਤ ਹੋ ਜਾਣ ਤੋਂ ਬਾਅਦ ਉਨ੍ਹਾਂ ਨੂੰ ਚੋਰੀ-ਛਿਪੇ ਦਫ਼ਨਾ ਦਿੱਤਾ ਗਿਆ ਸੀ। ਬਾਲਿਕਾ ਗ੍ਰਹਿ ਦੇ ਸੰਚਾਲਕ ਇਸ ਸਮੇਂ ਜੇਲ੍ਹ ਵਿੱਚ ਹਨ।

ਹੁਣ ਅਜਿਹਾ ਹੀ ਮਾਮਲਾ ਦਿੱਲੀ ਵਿੱਚ ਚੱਲਣ ਵਾਲੇ ਬਾਲਿਕਾ ਆਸ਼ਰਮਾਂ ਦਾ ਸਾਹਮਣੇ ਆਇਆ ਹੈ। ਇੱਕ ਅਖ਼ਬਾਰੀ ਖ਼ਬਰ ਮੁਤਾਬਕ ਦਿੱਲੀ ਸਰਕਾਰ ਤੇ ਦਿੱਲੀ ਮਹਿਲਾ ਕਮਿਸ਼ਨ ਦੇ ਕਹਿਣ ਉੱਤੇ 'ਟਿਸ' ਦੀ ਇੱਕ ਟੀਮ ਵੱਲੋਂ ਦਿੱਲੀ ਦੇ 14 ਆਸ਼ਰਮਾਂ ਦੀ ਪੜਤਾਲ ਕੀਤੀ ਗਈ ਹੈ। ਟੀਮ ਵੱਲੋਂ ਤਿਆਰ ਕੀਤੀ 143 ਸਫੇ ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਸ਼ੈਲਟਰ ਹੋਮਜ਼ ਦੇ ਓਹਲੇ ਵਿੱਚ ਬੱਚੀਆਂ ਦੀ ਜਿਨਸੀ ਲੁੱਟ ਕੀਤੀ ਜਾਂਦੀ ਹੈ।

ਰਿਪੋਰਟ ਮੁਤਾਬਕ ਆਸ਼ਰਮਾਂ ਵਿੱਚ ਰਹਿਣ ਵਾਲੀਆਂ ਲੜਕੀਆਂ ਦੇ ਅੰਦਰੂਨੀ ਅੰਗਾਂ ਵਿੱਚ ਮਿਰਚਾਂ ਪਾਉਣ, ਸਰੀਰ ਉੱਤੇ ਉਬਲਦਾ ਪਾਣੀ ਪਾਉਣ ਤੇ ਭੁੱਖੀਆਂ ਰੱਖਣ ਦੇ ਗੰਭੀਰ ਮਾਮਲੇ ਸਾਹਮਣੇ ਆਏ ਹਨ। ਦੱਖਣ-ਪੱਛਮੀ ਦਿੱਲੀ ਵਿੱਚ ਸਥਿਤ ਇੱਕ ਸ਼ੈਲਟਰ ਹੋਮ, ਜਿਥੇ ਬੇਸਹਾਰਾ ਤੇ ਮਾਨਵ ਤਸਕਰੀ ਦੀਆਂ ਸ਼ਿਕਾਰ 18 ਸਾਲ ਤੋਂ ਵੱਧ ਉਮਰ ਦੀਆਂ ਲੜਕੀਆਂ ਨੂੰ ਰੱਖਿਆ ਜਾਂਦਾ ਹੈ, ਵਿੱਚ ਰਹਿ ਰਹੀ ਇੱਕ ਪੀੜਤਾ ਨੇ ਦੱਸਿਆ ਕਿ ਕਈ ਵਾਰ ਕੱਪੜੇ ਲੁਹਾ ਕੇ ਉਸ ਦੇ ਅੰਦਰੂਨੀ ਅੰਗ ਵਿੱਚ ਮਿਰਚਾਂ ਪਾਈਆਂ ਗਈਆਂ। ਇੱਕ ਹੋਰ ਪੀੜਤਾ ਨੇ ਦੱਸਿਆ ਕਿ ਉਸ ਦੇ ਸਰੀਰ ਉੱਤੇ ਉਬਲਦਾ ਪਾਣੀ ਪਾਇਆ ਗਿਆ। ਇਹ ਸਾਰਾ ਕੁਝ ਡਾਇਨਿੰਗ ਹਾਲ ਵਿੱਚ ਸਭ ਲੜਕੀਆਂ ਦੇ ਸਾਹਮਣੇ ਕੀਤਾ ਗਿਆ, ਤਾਂ ਜੋ ਦੂਜੀਆਂ ਲੜਕੀਆਂ ਡਰ ਕਾਰਨ ਕਿਸੇ ਹੋਰ ਕੋਲ ਗੱਲ ਨਾ ਕਰਨ। ਇੱਕ ਹੋਰ ਸ਼ੈਲਟਰ ਹੋਮ ਵਿੱਚ ਰਹਿ ਰਹੀ ਲੜਕੀ ਨੇ ਦੱਸਿਆ ਕਿ ਬੈੱਡ ਉੱਤੇ ਪਿਸ਼ਾਬ ਨਿਕਲ ਜਾਣ ਕਾਰਣ ਉਸ ਨੂੰ ਵੀ ਅਜਿਹੀ ਹੀ ਸਜ਼ਾ ਦਿੱਤੀ ਗਈ। ਉਤਰ-ਪੂਰਬੀ ਦਿੱਲੀ ਦੇ ਇੱਕ ਸ਼ੈਲਟਰ ਹੋਮ ਵਿੱਚ 60 ਲੜਕੀਆਂ ਦੇ ਨਹਾਉਣ ਲਈ ਸਿਰਫ਼ ਦੋ ਬਾਲਟੀਆਂ ਹਨ, ਜਿਸ ਕਾਰਨ ਲੜਕੀਆਂ ਨੂੰ ਖੁੱਲ੍ਹੇ ਵਿੱਚ ਨਹਾਉਣ ਲਈ ਮਜਬੂਰ ਹੋਣਾ ਪੈਂਦਾ ਹੈ। ਉੱਤਰ-ਪੱਛਮੀ ਦਿੱਲੀ ਵਿੱਚ ਮਾਨਸਿਕ ਤੌਰ ਉੱਤੇ ਕਮਜ਼ੋਰ ਔਰਤਾਂ ਲਈ ਚਲਾਏ ਜਾਂਦੇ ਇੱਕ ਸ਼ੈਲਟਰ ਹੋਮ ਵਿੱਚ ਗੱਲ ਨਾ ਮੰਨਣ ਦੀ ਸਜ਼ਾ ਵਜੋਂ ਉਨ੍ਹਾਂ ਨਾਲ ਕੁੱਟਮਾਰ ਤੇ ਭੁੱਖੇ ਰੱਖਣ ਦੀ ਗੱਲ ਸਾਹਮਣੇ ਆਈ ਹੈ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਜਿਨਸੀ ਜ਼ਿਆਦਤੀਆਂ ਤੇ ਜਿਸਮਾਨੀ ਤਸੀਹੇ ਦੇਣ ਦੇ ਸਭ ਤੋਂ ਵੱਧ ਮਾਮਲੇ ਉਨ੍ਹਾਂ ਸ਼ੈਲਟਰ ਹੋਮਾਂ ਦੇ ਸਾਹਮਣੇ ਆਏ ਹਨ, ਜਿਨ੍ਹਾਂ ਨੂੰ ਕੋਈ ਵਿਅਕਤੀ ਜਾਂ ਗੈਰ-ਸਰਕਾਰੀ ਸੰਸਥਾਵਾਂ ਚਲਾਉਂਦੀਆਂ ਹਨ।

ਟਾਟਾ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਿਜ਼ ਦੀ ਟੀਮ ਵੱਲੋਂ ਤਿਆਰ ਰਿਪੋਰਟ ਦਿੱਲੀ ਸਰਕਾਰ ਤੇ ਦਿੱਲੀ ਮਹਿਲਾ ਕਮਿਸ਼ਨ ਨੂੰ ਸੌਂਪ ਦਿੱਤੀ ਗਈ ਹੈ। ਦਿੱਲੀ ਸਰਕਾਰ ਵੱਲੋਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪ੍ਰਧਾਨਗੀ ਹੇਠ ਹੋਈ ਇੱਕ ਉੱਚ ਪੱਧਰੀ ਮੀਟਿੰਗ ਵਿੱਚ ਇਸ ਰਿਪੋਰਟ 'ਤੇ ਚਰਚਾ ਕੀਤੀ ਗਈ ਤੇ ਇਸ ਮਾਮਲੇ ਉੱਤੇ ਗਹਿਰੀ ਚਿੰਤਾ ਪ੍ਰਗਟ ਕੀਤੀ ਗਈ। ਇੱਕ ਅਧਿਕਾਰੀ ਮੁਤਾਬਕ ਸਾਹਮਣੇ ਆਈਆਂ ਸ਼ਿਕਾਇਤਾਂ ਸੰਬੰਧੀ ਪੁਲਸ ਕੋਲ ਮਾਮਲੇ ਦਰਜ ਕਰਾ ਕੇ ਦੋਸ਼ੀਆਂ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਜਾਵੇਗਾ




ਅਤੇ ਗੰਭੀਰ ਮਾਮਲਿਆਂ ਵਿੱਚ ਤੁਰੰਤ ਕਾਰਵਾਈ ਯਕੀਨੀ ਬਣਾਈ ਜਾਵੇਗੀ।

ਮੁਜ਼ੱਫ਼ਰਪੁਰ ਤੋਂ ਬਾਅਦ ਦਿੱਲੀ ਦੇ ਸ਼ੈਲਟਰ ਹੋਮਾਂ ਦੀ ਅਸਲੀਅਤ ਦੇ ਸਾਹਮਣੇ ਆਉਣ ਨਾਲ ਸਾਡੀ ਇਹ ਧਾਰਨਾ ਪੱਕੀ ਹੋ ਗਈ ਹੈ ਕਿ ਸਮਾਜ ਸੇਵਾ ਦੇ ਨਾਂਅ 'ਤੇ ਗੈਰ-ਸਰਕਾਰੀ ਸੰਸਥਾਵਾਂ ਬਣਾ ਕੇ ਖੋਲ੍ਹੇ ਜਾਂਦੇ ਅਜਿਹੇ ਸ਼ੈਲਟਰ ਹੋਮ ਅਸਲ ਵਿੱਚ ਦੁਕਾਨਾਂ ਹਨ। ਅਜਿਹੀਆਂ ਸੰਸਥਾਵਾਂ ਦੇ ਬਹੁਤੇ ਸੰਚਾਲਕ ਸਿਆਸੀ ਧਿਰਾਂ ਦੀ ਸਰਪ੍ਰਸਤੀ ਹੇਠ ਇਹ ਦੁਕਾਨਾਂ ਚਲਾ ਰਹੇ ਹਨ। ਉਹ ਸਿਰਫ਼ ਔਰਤਾਂ ਦਾ ਜਿਨਸੀ ਸ਼ੋਸ਼ਣ ਹੀ ਨਹੀਂ ਕਰਦੇ, ਲੱਖਾਂ ਰੁਪਿਆਂ ਦੀਆਂ ਸਰਕਾਰੀ ਗ੍ਰਾਂਟਾਂ ਹਾਸਲ ਕਰਕੇ ਐਸ਼ਪ੍ਰਸਤੀ ਵੀ ਕਰਦੇ ਹਨ।

# ਫਰਿਜ਼ਨੋ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਸਮਾਗਮ 24 ਨਵੰਬਰ ਨੂੰ



**ਫਰਿਜ਼ਨੋ/ਕੁਲਵੀਰ ਹੇਅਰ:** ਇਥੋਂ ਦੀ ਲੋਕਲ ਗਦਰੀ ਬਾਬਿਆਂ ਤੇ ਅਤੇ ਦੇਸ਼ ਭਗਤਾਂ ਨੂੰ ਸਮਰਪਿਤ ਸੰਸਥਾ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੀ ਇਕ ਅਹਿਮ ਮੀਟਿੰਗ ਹੋਈ। ਮੀਟਿੰਗ ਉਪਰੰਤ ਪੱਤਰਕਾਰਾਂ ਨੂੰ ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਸੀਨੀਅਰ ਆਗੂ ਅਤੇ ਖਾਜਾਨਚੀ ਜਸਵੰਤ ਸਿੰਘ ਮਾਨ ਨੇ ਦੱਸਿਆ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਸਬੰਧੀ ਸਮਾਗਮ 24 ਨਵੰਬਰ ਦਿਨ ਐਤਵਾਰ ਨੂੰ ਇੰਡੀਆ ਓਵਨ ਰੈਸਟੋਰੈਂਟ ਵਿਚ ਹੋਵੇਗਾ।ਇਸ ਸਮਾਗਮ ਵਿਚ ਮੁੱਖ ਬੁਲਾਰੇ ਡਾ ਹਰਸ਼ਿੰਦਰ ਕੌਰ ਵਿਸ਼ੇਸ਼ ਤੌਰ ਤੇ ਪਹੁੰਚਣਗੇ ਅਤੇ ਹੋਰ ਨਾਮਵਰ ਬੁਲਾਰੇ ਪਹੁੰਚਣਗੇ।ਸ. ਮਾਨ ਨੇ ਅੱਗੇ ਜਾਣਕਾਰੀ ਦਿੱਤੀ ਕਿ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਹਰ ਸਮਾਗਮ ਦੀ ਤਰਾਂ ਬੱਚਿਆਂ ਨੂੰ ਇਹਨਾਂ ਸਮਾਗਮਾਂ ਨਾਲ ਜੋੜ ਕੇ ਇਤਿਹਾਸ ਪ੍ਰਤੀ ਸੁਚੇਤ ਕਰਨ ਲਈ ਸੰਸਥਾ ਵਲੋਂ ਬੱਚਿਆਂ ਦੀਆਂ ਪੇਸ਼ਕਾਰੀਆਂ ਨੂੰ ਵੀ ਅਹਿਮੀਅਤ ਦਿੱਤੀ ਜਾਵੇਗੀ। ਉਹਨਾਂ ਦੱਸਿਆ ਕਿ ਬੱਚਿਆਂ ਵਲੋਂ ਕੋਈ ਵੀ ਤਿਆਰ ਕੀਤੀ ਗਈ ਦੇਸ਼ ਭਗਤੀ ਦੀ ਆਈਟਮ ਨੂੰ ਪੇਸ਼ ਕਰਨ ਲਈ ਪਹਿਲ ਦਿੱਤੀ ਜਾਵੇਗੀ।ਲੋਕਲ ਕਲਾਕਾਰਾਂ ਦੁਆਰਾ ਆਪਣੇ ਗੀਤਾਂ ਨਾਲ ਉਸ ਮਹਾਨ ਸ਼ਹੀਦ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਜਾਣਗੀਆਂ। ਉਨ੍ਹਾਂ ਹਰ ਇਕ ਨੂੰ ਇਸ ਸਮਾਗਮ ਵਿਚ ਪੁਜਣ ਦੀ ਅਪੀਲ ਕੀਤੀ। ਇਸ ਮੀਟਿੰਗ ਵਿਚ ਸੰਸਥਾ ਅਹੁਦੇਦਾਰ, ਮੈਂਬਰ ਅਤੇ ਸਹਿਯੋਗੀ ਹਾਜਰ ਸਨ ਅਤੇ ਨਾਲ ਹੀ ਓਹਨਾਂ ਦੱਸਿਆ ਕਿ ਹਰ ਸਾਲ ਦੀ ਤਰਾਂ ਇਸ ਵਾਰ ਗਦਰੀ ਬਾਬਿਆਂ ਅਤੇ ਦੇਸ਼ ਭਗਤਾਂ ਦੀ ਯਾਦ ਵਿਚ 20ਵਾਂ ਮੇਲਾ 29 ਮਾਰਚ 2020 ਨੂੰ ਹੋਵੇਗਾ।ਹੋਰ ਜਾਣਕਾਰੀ ਲਈ ਸੰਸਥਾ ਨਾਲ 559-618-0156 , 559-287-0822 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਪਸ਼ਨ: ਅਠਾਰਵੇਂ ਮੇਲੇ ਦੌਰਾਨ ਡਾ ਹਰਸ਼ਿੰਦਰ ਕੌਰ ਸੰਸਥਾ ਦੇ ਅਹੁਦੇਦਾਰ ਮੈਂਬਰ ਅਤੇ ਸਿਹਯੋਗੀਆਂ ਨਾਲ

# ਕਮੇਟੀ ਤੇ ਸੂਬਾ ਸਰਕਾਰ ਹਉਮੇ ਦਾ ਤਿਆਗ ਕਰਕੇ ਬਾਬੇ ਨਾਨਕ ਦਾ 550ਵਾਂ ਪ੍ਰਕਾਸ਼ ਪੁਰਬ ਮਨਾਉਣ : ਭਗਵੰਤ ਮਾਨ

## *ਸ਼੍ਰੋਮਣੀ ਕਮੇਟੀ ਤੇ ਸਰਕਾਰ ਵਡਭਾਗੇ ਸਮੇਂ ਸਿਆਸੀ ਚੁੱਲ੍ਹਾ ਬਾਲ਼ਕੇ ਵੋਟਾਂ ਦੀ ਰਾਜਨੀਤੀ ਤੋਂ ਗੁਰੇਜ਼ ਕਰਨ*



**ਸੁਨਾਮ /ਏ.ਟੀ. ਨਿਊਜ਼**

ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਸੰਗਰੂਰ ਤੋਂ ਲੋਕ ਸਭਾ ਮੈਂਬਰ ਭਗਵੰਤ ਮਾਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੂਬਾ ਸਰਕਾਰ ਵੱਲੋਂ ਜਗਤ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਲੈ ਕੇ ਕੀਤੀ ਜਾ ਰਹੀ ਹਊਮੇ ਦੀ ਸਿਆਸਤ ਨੂੰ ਮੰਦਭਾਗਾ ਅਤੇ ਸ਼ਰਮਨਾਕ ਦੱਸਦਿਆਂ ਕਿਹਾ ਕਿ ਅਜਿਹੇ ਵਡਭਾਗੇ ਮੌਕੇ ਦੋਵੇਂ ਧਿਰਾਂ ਨੂੰ ਸਿਆਸੀ ਚੁੱਲ੍ਹਾ ਬਾਲ਼ਕੇ ਕੀਤੀ ਜਾ ਰਹੀ ਵੋਟਾਂ ਦੀ ਰਾਜਨੀਤੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਿੱਥੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਂ ਆ ਗਿਆ ਹੋਵੇ ਉੱਥੇ ਅਜਿਹੇ ਸਮਾਗਮਾਂ ਮੌਕੇ ਕੋਈ ਵੀ ਮਨੁੱਖ ਵੱਡਾ ਨਹੀਂ ਹੋ ਸਕਦਾ ਕਿ ਕੌਣ ਕੁਰਸੀ 'ਤੇ ਬੈਠੇਗਾ ਅਤੇ ਕੌਣ ਦਰੀਆਂ ਉੱਪਰ ਬੈਠਣਗੇ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਪਾਕਿਸਤਾਨ ਸਰਕਾਰ ਵੱਲੋਂ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਪਾਸੋਂ 20 ਡਾਲਰ ਲਏ ਜਾਣ ਦਾ ਖ਼ਰਚ ਦਿੱਲੀ ਸਰਕਾਰ ਦੀ ਤਰਜ਼ ਤੇ ਅਰਬਾਂ ਰੁਪਏ ਦੇ ਬਜ਼ਟ ਵਾਲੀ ਸ਼੍ਰੋਮਣੀ ਕਮੇਟੀ ਨੂੰ ਖੁਦ ਚੁੱਕਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਅਜਿਹੇ ਮਾਮਲਿਆਂ ਵਿੱਚ ਸੂਬਾ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਦੀ ਨੀਯਤ ਵਿੱਚ ਫਰਕ ਸਪੱਸ਼ਟ ਦਿਖਾਈ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਸਰਕਾਰ ਨੇ ਦਿੱਲੀ ਵਿੱਚ ਕਿਸਾਨਾਂ ਦੇ ਹੱਕਾਂ ਦੀ ਤਰਜ਼ਮਾਨੀ ਕਰਦਿਆਂ ਸਵਾਮੀਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਲਾਗੂ ਕੀਤਾ ਹੈ ਜਦਕਿ ਕਾਂਗਰਸ ਅਤੇ ਅਕਾਲੀ ਭਾਜਪਾ ਦੀਆਂ ਸਰਕਾਰਾਂ ਕਿਸਾਨਾਂ ਨੂੰ ਗੁੰਮਰਾਹ ਕਰਨ 'ਤੇ ਉਤਾਰੂ ਹਨ।ਲੋਕ ਸਭਾ ਮੈਂਬਰ ਭਗਵੰਤ ਮਾਨ ਨੇ ਅਗਲੇ ਵਰ੍ਹੇ ਦਿੱਲੀ ਵਿਚ ਮੁੜ ਸਰਕਾਰ ਬਣਾਉਣ ਦਾ ਦਾਅਵਾ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਆਮ ਆਦਮੀ ਪਾਰਟੀ ਕਾਂਗਰਸ ਦੇ ਬਦਲ ਵਜੋਂ ਉੱਭਰ ਕੇ ਸਾਹਮਣੇ ਆਵੇਗੀ।ਉਨ੍ਹਾਂ ਸੂਬੇ ਅੰਦਰ ਹਾਲ ਹੀ ਵਿੱਚ ਸੰਪੰਨ ਹੋਈਆਂ ਜਿਮਨੀ ਚੋਣਾਂ ਵਿੱਚ ਪਾਰਟੀ ਦੀ ਨਿਰਾਸ਼ਾਜਨਕ ਹਾਰ ਦੇ ਪੁੱਛੇ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਉਪ ਚੋਣਾਂ ਵਿੱਚ ਹਾਕਮ ਧਿਰਾਂ ਵੋਟਾਂ ਲੁੱਟਦੀਆਂ ਹਨ ਪ੍ਰੰਤੂ ਢਾਈ ਸਾਲ ਬਾਅਦ ਹੋਣ ਵਾਲੀਆਂ ਆਮ ਚੋਣਾਂ ਵਿੱਚ ਆਮ ਆਦਮੀ ਪਾਰਟੀ ਪੰਜਾਬ ਅੰਦਰ ਸ਼ਾਨਦਾਰ ਪਰਦਰਸ਼ਨ ਕਰਕੇ ਸਰਕਾਰ ਬਣਾਉਣ ਦੀ ਸਮਰੱਥ ਹੋਵੇਗੀ। ਉਨ੍ਹਾਂ ਕਿਹਾ ਕਿ ਪਾਰਟੀ ਦੀ ਸੂਬਾ ਇਕਾਈ ਭਵਿੱਖ ਦੀ ਰਾਜਨੀਤੀ ਘੜਨ ਲਈ ਜਲਦੀ ਹੀ ਆਤਮ ਮੰਥਨ ਕਰੇਗੀ। ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਨੇ ਸੁਖਪਾਲ ਖਹਿਰਾ ਤੇ ਤੰਜ ਕਸਦਿਆਂ ਕਿਹਾ ਕਿ ਖਹਿਰਾ ਨੇ ਹਮੇਸ਼ਾ ਲੋਕ ਮੁੱਦਿਆਂ ਤੋਂ ਪਿੱਛੇ ਹੱਟਕੇ ਤਿਗੜਮਬਾਜ਼ੀ ਦੀ ਰਾਜਨੀਤੀ ਨੂੰ ਤਰਜ਼ੀਹ ਦਿੱਤੀ ਹੈ ਜਦਕਿ ਅਜੋਕੇ ਸਮੇਂ ਨਿੱਜਵਾਦ ਅਤੇ ਤਿਗੜਮਬਾਜ਼ੀ ਵਾਲੀ ਰਾਜਨੀਤੀ ਦੇ ਦਿਨ ਪੁੱਗ ਗਏ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਵਲੋਂ ਵਰਗਲਾਏ ਵਿਧਾਇਕਾਂ ਲਈ ਪਾਰਟੀ ਦਾ ਰਾਹ ਪੱਧਰਾ ਹੈ, ਉਨ੍ਹਾਂ ਰੋਪੜ ਤੋਂ ਵਿਧਾਇਕ ਅਮਰਜੀਤ ਸਿੰਘ ਸੰਦੋਆ ਨਾਲ ਗੱਲ ਹੋਣ ਦਾ ਦਾਅਵਾ ਵੀ ਕੀਤਾ ਹੈ। ਇਸ ਮੌਕੇ ਵਿਧਾਇਕ ਅਮਨ ਅਰੋੜਾ, ਹਰਪ੍ਰੀਤ ਸਿੰਘ ਹੰਜਰਾ, ਲਾਭ ਸਿੰਘ ਨੀਲੋਵਾਲ ਅਤੇ ਸਰਜੀਵਨ ਗੋਇਲ ਲੱਕੀ ਆਦਿ ਹਾਜ਼ਰ ਸਨ।

## 'ਸਿਹਤ ਟਾਕਸ' ਸੈਮੀਨਾਰ 9 ਨਵੰਬਰ ਨੂੰ




**ਟਰੇਸੀ/ਏ.ਟੀ. ਨਿਊਜ਼-** ਨਿਰਵਾਨਾ ਬੈਂਕੁਇਟ ਤੇ ਈਵੈਂਟ ਸੈਂਟਰ ਅਤੇ ਸਹਾਇਤਾ ਵਲੋਂ 'ਸਿਹਤ ਟਾਕਸ' ਸਮਾਗਮ ਮਿਤੀ 9 ਨਵੰਬਰ 2019 ਦਿਨ ਸ਼ਨਿੱਚਰਵਾਰ ਨੂੰ ਨਿਰਵਾਨਾ ਬੈਂਕੁਇਟ ਅਤੇ ਈਵੈਂਟ ਸੈਂਟਰ 1005 E Pescadero Ave. Tracy, CA 95304 ਵਿਖੇ ਕਰਵਾਇਆ ਜਾ ਰਿਹਾ ਹੈ। ਡਾ. ਹਰਕੇਸ਼ ਸੰਧੂ ਅਤੇ ਸਰੂਪ ਸਿੰਘ ਝੱਜ ਨੇ ਦੱਸਿਆ ਕਿ ਇਸ ਸੈਮੀਨਾਰ ਵਿਚ ਡਾਇਅਬੈਟਸ, ਕਾਰਡੀਓਵੈਸਕੁਲਰ ਇਸ਼ੂ, ਅਨੈਕਸਟੀ ਇਨ ਚਿਲਡਰਨ ਐਂਡ ਅਡਲਟਸ, ਡਾਇਟਰੀ ਹੈਬਿਟਸ ਵਿਸ਼ਿਆਂ 'ਤੇ ਡੂੰਘੇ ਵਿਚਾਰ ਵਟਾਂਦਰੇ ਹੋਣਗੇ। ਇਸ ਸੈਮੀਨਾਰ ਕੋਈ ਫੀਸ ਨਹੀਂ ਹੋਵੇਗੀ। ਹੋਰ ਜਾਣਕਾਰੀ ਲਈ ਸਹਾਇਤਾ ਦੀ ਵੈੱਬਸਾਈਟ www.sahaita.org 'ਤੇ ਲਾਗ ਆਨ ਕੀਤਾ ਜਾ ਸਕਦਾ ਹੈ।

## ਤਾਇਆ

ਤਾਏ ਮੰਡੀਓਂ ਮੁੜਦੇ ਹੀ ਜੁੱਤੀ ਲਾਹ ਕੇ ਔਹ ਮਾਰੀ, ਪਰਨਾ ਮੰਜੇ ਉੱਤੇ ਸੁਟਿਆ। ਕਪੜੇ ਗੁਸਲ ਮੂਹਰੇ ਹੀ ਸੁੱਟ ਕੇ ਪਿੰਡੇ ਪਾਣੀ ਪਾਉਣ ਲੱਗ ਪਿਆ। ਨਾ ਉਸ ਨੂੰ ਪਾਣੀ ਗਰਮ ਲੱਗਾ ਨਾ ਠੰਡਾ । ਗੁਸਲੋਂ ਬਾਹਰ ਨਿਕਲਦੇ ਹੀ. ਉਸਨੇ ਐਲਾਨ ਕਰ ਦਿੱਤਾ, 'ਅੱਜ ਤੋਂ ਖੇਤੀ ਦਾ ਕੰਮ ਬੰਦ' ਕੋਈ ਹੋਰ ਕੰਮ ਕਰਨਾ, ਛੋਟੀ ਮੋਟੀ ਨੌਕਰੀ ਵੀ ਚੱਲੂ । ਦੂਜੇ ਦਿਨ ਤਾਏ ਨੇ ਇਕ ਝੱਗਾ ਪਾ ਲਿਆ ਤੇ ਇਕ ਵਾਧੂ ਝੋਲੇ ਵਿਚ ਪਾ ਲਿਆ ਬਈ ਖਵਰੇ ਕਿਹੋ ਜਿਹਾ ਕੰਮ ਮਿਲੇ। ਉਹ ਮੰਡੀ ਪਹੁੰਚਿਆ ਸੀ ਕਿ ਉਹਨੂੰ ਚਾਹ ਦੀ ਤਲਬ ਹੋ ਗਈ। ਪਿੱਪਲ ਥੱਲੇ ਦੁਕਾਨ 'ਤੇ ਬੈਠ ਕੇ ਹਾਲੇ ਘੁੱਟ ਭਰਿਆ ਹੀ ਸੀ ਕਿ ਕਿਧਰੋਂ ਦੋ ਖੁਸਰਿਆਂ ਨੇ ਆ ਕੇ ਤਾਏ ਏ ਕੰਨਾਂ ਕੋਲ ਤਾੜੀ ਮਾਰ ਕੇ ਬੋਲੇ 'ਸਰਦਾਰਾ ਸਾਡੀ ਚਾਹ ਕਿੱਥੇ ਆ ?'

'ਉਹ ਭਾਈ, ਮੈਂ ਤਾਂ ਆਪ ਵਿਹਲਾ, ਜੋ ਮੇਰਾ ਸੀ, ਮੰਡੀ ਆਲੇ ਲੁੱਟ ਕੇ ਲੈ ਗਏ, ਮੈਂ ਤਾਂ ਨੌਕਰੀ ਭਾਲਦਾ ਫਿਰਦਾਂ'

'ਲੈ ਇਹ ਗੱਲ ਆ ਤਾਂ ਫਿਰ ਸਾਡੇ ਨਾਲ ਰਲ਼ ਜਾ।

'ਨਾ ਭਾਈ ਨਾ, ਮੈਂ ਕਿਹੜਾ ਖੁਸਰਾ ?'

'ਐਂ ਕਰ ਤੂੰ ਢੋਲਕੀ ਵਜਾ ਲੀਂ ਅਸੀਂ ਆਪੇ ਨੱਚ ਲੈਣਾ'

'ਮੈਨੂੰ ਕਿਹੜਾ ਢੋਲਕੀ ਵਜਾਉਣੀ ਆਉਂਦੀ ਆ'

'ਨਾ ਪਹਿਲਾਂ ਜਿਹੜਾ ਸਾਡੇ ਨਾਲੋਂ ਭੱਜ ਗਿਆ ਉਹ ਕਿਹੜਾ ਅਜਮਦ ਖਾਂ ਸੀ, ਤੇਰੇ ਅਰਗਾ ਈ ਚੁਮ੍ਹਾਸੇ ਤੋਂ ਭੱਜਿਆ ਹੋਇਆ ਸੀ, ਆਪੇ ਸਿੱਖ ਗਿਆ ਸੀ'

ਸੁਣਿਆ ਅੱਜ ਕੱਲ ਤਾਏ ਦੀ ਢੋਲਕੀ ਖੂਬ ਵੱਜਦੀ ਹੈ ਪਰ ਆਪਣੇ ਪਿੰਡਾਂ ਤੋਂ ਘੱਟੋ ਘੱਟ ਵੀਹ ਕੋਹ ਦੂਰ।

**-ਜਨਮੇਜਾ ਸਿੰਘ ਜੌਹਲ**

# ਜਸ਼ਨ-ਏ-ਦਿਵਾਲੀ 2019 ਪ੍ਰੋਗਰਾਮ ਦੌਰਾਨ ਫਰਿਜ਼ਨੋ 'ਚ ਲੱਗੀਆਂ ਰੌਣਕਾਂ





**ਫਰਿਜ਼ਨ/ਨੀਟਾ ਮਾਛੀਕੇ :** ਰੋਜ਼ਾਨਾ ਕੰਮਾਂ-ਕਾਰਾਂ ਦੇ ਰੁਝੇਵਿਆਂ ਵਿੱਚ ਰੁੱਝੇ ਵਿਦੇਸ਼ ਵਿੱਚ ਵਸਦੇ ਪੰਜਾਬੀ ਭਾਈਚਾਰੇ ਨੂੰ ਹਮੇਸ਼ਾ ਤਾਂਘ ਰਹਿੰਦੀ ਹੈ ਕਿ ਚੰਗੇ ਸਾਹਿਤਕ ਅਤੇ ਪਰਿਵਾਰਕ ਵੰਨਗੀ ਦੇ ਗੀਤਾਂ ਨੂੰ ਸੁਣਿਆ ਜਾਵੇ। ਭਾਰਤ ਤੋਂ ਬੁਲਾਏ ਕਲਾਕਾਰ ਬਹੁਤੀ ਵਾਰ ਉਨ੍ਹਾਂ ਦੀਆਂ ਉਮੀਦਾਂ 'ਤੇ ਪੂਰੇ ਨਹੀਂ ਉਤਰਦੇ। ਇਸੇ ਲਈ ਪੰਜਾਬੀ ਸੰਗੀਤ ਪ੍ਰੇਮੀਆਂ ਦੇ ਸੁਪਨੇ ਨੂੰ ਆਸ਼ੀਆਨਾ ਟਰੈਵਲ ਦੇ ਸੰਸਥਾਪਕ ਤਰਨ ਸਿੰਘ ਦੁਆਰਾ ਜਸਵੰਤ ਮਹਿੰਮੀ, ਮਲਕੀਅਤ ਮੀਤ ਅਤੇ ਕੁਲਵੰਤ ਉੱਭੀਧਾਲੀਆਂ ਦੇ ਸਹਿਯੋਗ ਨਾਲ ਬਣਾਏ ਗਰੁੱਪ 'ਫਰਿਜ਼ਨੋ ਡਰੀਮਜ਼' ਦੇ ਕਲਾਕਾਰਾਂ ਨੇ ਆਪਣੇ ਦੂਸਰੇ ਸਲਾਨਾ ਪ੍ਰੋਗਰਾਮ 'ਜਸ਼ਨ-ਏ-ਦਿਵਾਲੀ 2019' ਰਾਹੀਂ ਸਾਕਾਰ ਕਰ ਇਕ ਨਵਾਂ ਮੀਲ ਪੱਥਰ ਗੱਡ ਦਿੱਤਾ। ਇਸ ਪ੍ਰੋਗਰਾਮ ਵਿੱਚ ਸ਼ਾਮਲ ਸਾਰੇ ਕਲਾਕਾਰ ਕੈਲੀਫੋਰਨੀਆ ਦੇ ਨਿਵਾਸੀ ਸਨ। ਇਲਾਕੇ ਦਾ ਇਹ ਅਜਿਹਾ ਪ੍ਰੋਗਰਾਮ ਸੀ ਜਿਸ ਨੂੰ ਫਰਿਜ਼ਨੋ ਦੇ 'ਵੈਟਰਨ ਮੈਮੋਰੀਅਲ ਆਡੀਟੋਰੀਅਮ' ਵਿੱਚ ਕਰਵਾਇਆ ਗਿਆ ਅਤੇ ਜਿਸ ਵਿੱਚ ਸਾਢੇ ਚਾਰ ਘੰਟੇ ਤੋਂ ਵੱਧ ਸਮਾਂ ਬੈਠ ਸਰੋਤਿਆਂ ਨੇ ਭਰਪੂਰ ਅਨੰਦ ਮਾਣਿਆ। ਪ੍ਰੋਗਰਾਮ ਦੀ ਸ਼ੁਰੂਆਤ ਕੁਲਵੰਤ ਉੱਭੀਧਾਲੀਆ ਅਤੇ ਮਲਕੀਅਤ ਮੀਤ ਨੇ ਸਭ ਨੂੰ ਜੀ ਆਇਆਂ ਕਹਿੰਦੇ ਹੋਏ ਕੀਤੀ। ਉਪਰੰਤ ਉਸਤਾਦ ਲਾਲ ਚੰਦ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਨੇ ਧਾਰਮਿਕ ਗੀਤਾਂ ਰਾਹੀਂ ਆਗਾਜ ਕੀਤਾ। ਇਸ ਉਪਰੰਤ ਚੱਲੇ ਗਾਇਕੀ ਦੇ ਖੁੱਲੇ ਅਖਾੜੇ ਵਿੱਚ ਗਾਇਕ ਬਹਾਦਰ ਸਿੱਧੂ, ਗੌਗੀ ਸੰਧੂ, ਅਵਤਾਰ ਗਰੇਵਾਲ, ਬਾਈ ਸੁਰਜੀਤ ਮਾਛੀਵਾੜਾ, ਗਾਇਕਾ ਜੋਤ ਰਣਜੀਤ ਕੌਰ, ਜਗਦੇਵ ਸਿੰਘ ਧੰਜ਼ਲ, ਜੇ. ਰਸੀਆ ਅਤੇ ਧਰਮਵੀਰ ਥਾਂਦੀ ਨੇ ਆਪਣੇ-ਆਪਣੇ ਅੰਦਾਜ ਵਿੱਚ ਗਾਇਕੀ ਨਾਲ ਸਰੋਤਿਆਂ ਨੂੰ ਕੀਲੀ ਰੱਖਿਆ। ਜਦਕਿ ਅੱਠ ਸਾਲ ਦੇ ਛੋਟੇ ਬੱਚੇ ਅਮਨਜੋਤ ਨੇ ਗਾਇਕੀ ਰਾਹੀਂ ਵੱਡੇ ਧਮਾਕੇ ਕਰ ਸਭ ਦਾ ਮਨ ਮੋਹ ਲਿਆ। ਇਸੇ ਸਮੇਂ 'ਫਰਿਜ਼ਨੋ ਡਰੀਮਜ਼' ਵੱਲੋਂ ਚਲਾਏ ਜਾ ਰਹੇ ਬੱਚਿਆਂ ਨੂੰ ਗੀਤ-ਸੰਗੀਤ, ਗਿੱਧਾ-ਭੰਗੜਾ, ਐਕਟਿੰਗ ਆਦਿਕ ਸੈਂਟਰ ਦੇ ਬੱਚਿਆਂ ਨੇ ਦਵਿੰਦਰ ਕੌਰ ਸੰਘਾ ਦੀ ਨਿਰਦੇਸ਼ਨਾ ਹੇਠ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਸੰਸਥਾ ਦੇ ਮੁੱਖ ਪ੍ਰਬੰਧਕ ਤਰਨ ਸਿੰਘ ਨੇ ਆਪਣੇ ਸਾਥੀਆਂ ਸਮੇਤ ਸਟੇਜ ਤੋਂ ਸਮੂਹ ਹਾਜ਼ਰੀਨ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਅਤੇ 'ਤਰਕਸ਼ ਏਅਰ ਲਾਈਨ' ਦੀਆਂ ਟਿਕਟਾਂ ਰੈਫਲ ਡਰਾਅ ਰਾਹੀ ਕੱਢੀਆਂ ਗਈਆਂ। ਸਟੇਜ ਸੰਚਾਲਨ ਬੀਬੀ ਆਸ਼ਾ ਸ਼ਰਮਾ ਨੇ ਸ਼ਾਇਰਾਨਾ ਅੰਦਾਜ਼ ਵਿੱਚ ਬਾਖੂਬੀ ਕੀਤਾ। ਸਮੂਹ ਹਾਜਰੀਨ ਲਈ ਪ੍ਰਬੰਧਕਾਂ ਵੱਲੋਂ ਹਰ ਪ੍ਰਕਾਰ ਦੇ ਸੁਆਦੀ ਖਾਣਿਆਂ ਦਾ ਪ੍ਰਬੰਧ ਕਰਕੇ ਸਾਂਝੀ ਦਿਵਾਲੀ ਵਾਲਾ ਪਰਿਵਾਰਕ ਮਾਹੌਲ ਸਿਰਜਿਆ ਗਿਆ ਸੀ। ਇਸ ਸਮੁੱਚੇ ਪ੍ਰੋਗਰਾਮ ਦੀ ਸਫਲਤਾ ਲਈ 'ਫਰਿਜ਼ਨੋ ਡਰੀਮਜ' ਦੇ ਸਮੂਹ ਪ੍ਰਬੰਧਕ ਅਤੇ ਕਲਾਕਾਰ ਵਧਾਈ ਦੇ ਪਾਤਰ ਹਨ।

# ਫਾਊਲਰ ਵਿਖੇ ਉਸਤਾਦ ਲਾਲ ਚੰਦ ਯਮਲਾ ਜੱਟ ਮੇਲਾ ਯਾਦਗਾਰੀ ਹੋ ਨਿਬੜਿਆ



**ਫਰਿਜ਼ਨੋ/ਕੁਲਵੰਤ ਧਾਲੀਆਂ/ਨੀਟਾ ਮਾਛੀਕੇ:** ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਫਾਊਲਰ ਵਿਖੇ ਉਸਤਾਦ ਲਾਲ ਚੰਦ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਅਤੇ ਸਹਿਯੋਗੀਆਂ ਵੱਲੋਂ ਉਸਤਾਦ ਲਾਲ ਚੰਦ ਯਮਲਾ ਜੱਟ ਨੂੰ ਸਮਰਪਤ 19ਵਾਂ ਯਾਦਗਾਰੀ ਮੇਲਾ ਸ਼ਹਿਰ ਦੇ ਪੈਨਜੈਕ ਪਾਰਕ ਵਿਖੇ ਕਰਵਾਇਆ ਗਿਆ। ਇਸ ਵਿੱਚ ਇਲਾਕੇ ਭਰ ਦੀਆਂ ਵੱਖ-ਵੱਖ ਸੱਭਿਆਚਾਰਕ ਅਤੇ ਰਾਜਨੀਤਕ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਸਮੂਹ ਪੰਜਾਬੀਅਤ ਨੇ ਸ਼ਿਰਕਤ ਕੀਤੀ। ਜਿਸ ਦੀ ਸ਼ੁਰੂਆਤ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਤਸਵੀਰ 'ਤੇ ਫੁੱਲਾਂ ਦੇ ਹਾਰ ਪਾਉਣ ਨਾਲ ਹੋਈ। ਇਸ ਉਪਰੰਤ ਯਮਲਾ ਜੀ ਦੇ ਸ਼ਗਿਰਦ ਰਾਜ ਬਰਾੜ ਨੇ ਧਾਰਮਿਕ ਗੀਤ ਨਾਲ ਕੀਤੀ। ਇਸ ਉਪਰੰਤ ਸ਼ੁਰੂ ਹੋਇਆ ਗਾਇਕੀ ਦਾ ਖੁੱਲ੍ਹਾ ਅਖਾੜਾ ਜਿਸ ਵਿੱਚ ਕਲਾਕਾਰਾਂ ਨੇ ਆਪਣੀ ਵਿਰਾਸਤੀ ਗਾਇਕੀ ਦਾ ਖੂਬ ਰੰਗ ਬੰਨ੍ਹਿਆ। ਜਿਸ ਵਿੱਚ ਰਾਜ ਬਰਾੜ ਤੋਂ ਇਲਾਵਾ ਖਾਸ ਤੌਰ 'ਤੇ ਗਾਇਕ ਬਰਜਿੰਦਰ ਮਚਲਾ ਜੱਟ, ਗਾਇਕਾ ਬੀਬੀ ਜੋਤ ਰਣਜੀਤ ਕੌਰ, ਪੱਪੀ ਭਦੌੜ, ਗੋਗੀ ਸੰਧੂ, ਹਰਦੇਵ ਸੰਧੂ ਆਦਿ ਨੇ ਗੀਤ ਗਾਏ। ਜਦਕਿ ਦਿਲਦਾਰ ਬ੍ਰਦਰਜ਼ ਕੈਲੀਫੋਰਨੀਆ ਮਿਊਜ਼ੀਕਲ ਗਰੁੱਪ ਦੇ ਅਵਤਾਰ ਗਰੇਵਾਲ, ਰਾਣੀ ਗਿੱਲ, ਕਾਂਤਾ ਸਹੋਤਾ, ਕਾਰਾ ਗਿੱਲ, ਅਤੇ ਪੱਪੂ ਬਰਾੜ ਨੇ ਆਪਣੀ ਗਾਇਕੀ ਰਾਹੀ ਖੂਬ ਰੌਣਕਾਂ ਲਾਈਆਂ। ਜਦਕਿ ਇਸ ਮੇਲੇ ਵਿੱਚ ਸ਼ਿਰਕਤ ਕਰਨ ਲਈ ਲੋਕ ਪ੍ਰਸਿੱਧ ਗੀਤਕਾਰ ਅਤੇ ਸਟੇਜ ਸੰਚਾਲਕ ਮੱਖਣ ਬਰਾੜ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਜਿਨ੍ਹਾਂ ਆਪਣੀ ਮਿਆਰੀ ਸ਼ਾਇਰੀ ਅਤੇ ਵਿਚਾਰਾਂ ਨਾਲ ਸਾਂਝ ਪਾਈ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਰੇਡੀਓ ਹੋਸਟ ਅਤੇ ਲੇਖਕ ਜਗਤਾਰ ਗਿੱਲ ਅਤੇ ਜਸਵੰਤ ਮਹਿੰਮੀ ਨੇ ਬਾਖੂਬੀ ਕੀਤਾ। ਇਨ੍ਹਾਂ ਯਾਦਗਾਰੀ ਪਲ਼ਾਂ ਨੂੰ ਕੈਮਰਬੱਧ ਸਿਆਰਾ ਸਿੰਘ ਢੀਂਡਸਾ 'ਓਮਨੀ ਵੀਡੀਓ ਬੇਕਰਸਫੀਲਡ' ਨੇ ਕੀਤਾ।

ਪ੍ਰੋਗਰਾਮ ਦੌਰਾਨ ਚਾਹ-ਪਕੌੜੇ, ਜਲੇਬੀਆਂ ਦਾ ਲੰਗਰ ਲਗਾਤਾਰ ਚਲਦਾ ਰਿਹਾ। ਨਿਰੋਲ ਪੰਜਾਬੀ ਸੱਭਿਆਚਾਰ ਦਾ ਸੁਨੇਹਾ ਦਿੰਦਾ ਹੋਇਆ ਉਸਤਾਦ ਲਾਲ ਚੰਦ ਯਮਲਾ ਜੱਟ ਨੂੰ ਸਮਰਪਤ ਇਹ ਮੇਲਾ ਯਾਦਗਾਰੀ ਹੋ ਨਿਬੜਿਆ।

# ਜਨਮ ਸਾਖੀ ਸਾਹਿਤ ਬਨਾਮ ਭਾਈ ਬਾਲਾ

**ਪ੍ਰੋ. ਬਲਵਿੰਦਰਪਾਲ ਸਿੰਘ**

**ਭਾਗ ਤੀਜਾ**

ਹੈ ਕਿ ਉਸ ਨੇ ਇਹ ਖਰੜਾ ਕਾਂਸ਼ੀ ਜੀ ਵਿਚ ਲਿਖਣਾ ਆਰੰਭਿਆ। ਇਸ ਦੀ ਸਮਾਪਤੀ 1775 ਈਸਵੀ ਵਿਚ ਅੰਮ੍ਰਿਤਸਰ ਆ ਕੇ ਕੀਤੀ। ਸਾਰੇ ਮਹਿਮਾ ਪ੍ਰਕਾਸ਼ ਦੇ ਅਕਾਰ ਦਾ ਤੀਜਾ ਹਿੱਸਾ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਬਿਰਤਾਂਤ ਸੰਬੰਧੀ ਹੈ। ਮਹਿਮਾ ਪ੍ਰਕਾਸ਼ ਦਾ ਗੁਰੂ ਨਾਨਕ ਸਾਹਿਬ ਦਾ ਬਿਰਤਾਂਤ ਬਾਲੇ ਵਾਲੀ ਜਨਮ ਸਾਖੀ 'ਤੇ ਆਧਾਰਿਤ ਨਹੀਂ। ਪਰ ਇਉਂ ਜਾਪਦਾ ਹੈ ਕਿ ਜਦੋਂ ਬਾਬਾ ਸਰੂਪ ਦਾਸ ਅੰਮ੍ਰਿਤਸਰ ਆਏ ਉਸ ਵੇਲੇ ਅੰਮ੍ਰਿਤਸਰ ਵਿਚ ਬਾਲੇ ਦੀ ਜਨਮ ਸਾਖੀ ਆਮ ਪ੍ਰਚਲਿਤ ਦੇਖੀ ਤਾਂ ਉਹਨਾਂ ਨੇ ਗੁਰੂ ਨਾਨਕ ਸਾਹਿਬ ਨੂੰ ਕਰਤਾਰਪੁਰ ਮਿਲਣ ਵਾਲੇ ਪੁਰਾਤਨ ਸਿੱਖਾਂ ਨਾਲ ਭਾਈ ਬਾਲੇ ਦਾ ਨਾਮ ਵੀ ਲਿਖ ਦਿੱਤਾ। ਇਸ ਤਰ੍ਹਾਂ ਗੁਰੂ ਅੰਗਦ ਸਾਹਿਬ ਜੀ ਦੇ ਬਿਰਤਾਂਤ ਵਿਚ ਭਾਈ ਬਾਲੇ ਦੀ ਜਨਮ ਸਾਖੀ ਦੀ ਪਹਿਲੀ ਵਾਰਤਾ ਦਰਜ ਕਰ ਦਿੱਤੀ, ਜਿਸ ਵਿਚ ਲਿਖਿਆ ਹੈ ਕਿ ਗੁਰੂ ਅੰਗਦ ਸਾਹਿਬ ਨੇ ਭਾਈ ਬਾਲੇ ਕੋਲੋਂ ਗੁਰੂ ਨਾਨਕ ਸਾਹਿਬ ਦੇ ਜੀਵਨ ਦਾ ਹਾਲ ਸੁਣ ਕੇ ਜਨਮ ਸਾਖੀ ਲਿਖਵਾਈ।

ਡਾਕਟਰ ਕ੍ਰਿਪਾਲ ਸਿੰਘ ਅੱਗੇ ਲਿਖਦੇ ਹਨ ਕਿ ਭਾਈ ਸੰਤੋਖ ਸਿੰਘ ਨੇ 1823 ਈਸਵੀ ਵਿਚ ਬਾਲੇ ਦੀ ਜਨਮ ਸਾਖੀ ਦੇ ਆਧਾਰ 'ਤੇ ਨਾਨਕ ਪ੍ਰਕਾਸ਼ ਲਿਖਿਆ ਤੇ ਫੇਰ 1843 ਈਸਵੀ ਵਿਚ ਸੂਰਜ ਪ੍ਰਕਾਸ਼ ਸਮਾਪਤ ਕੀਤਾ, ਜਿਸ ਵਿਚ ਦਸਾਂ ਪਾਤਸ਼ਾਹੀਆਂ ਦੇ ਹਾਲ ਅੰਕਿਤ ਹਨ। ਸੂਰਜ ਪ੍ਰਕਾਸ਼ ਦੀ ਕਥਾ ਹਰ ਗੁਰਦੁਆਰੇ ਵਿਚ ਹੋਇਆ ਕਰਦੀ ਸੀ, ਜਿਸ ਕਰਕੇ ਭਾਈ ਬਾਲੇ ਵਾਲੀ ਜਨਮ ਸਾਖੀ ਦਾ ਬਹੁਤ ਪ੍ਰਚਾਰ ਹੋਇਆ ਤੇ ਆਮ ਸੰਗਤਾਂ ਪੁਰਾਤਨ ਜਨਮ ਸਾਖੀ ਨੂੰ ਭੁਲ ਗਈਆਂ।"

ਖੋਜ ਪੱਤ੍ਰਿਕਾ ਗੁਰੂ ਨਾਨਕ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1990, ਪੰਨਾ 2-3)

**1877 ਈਸਵੀ ਵਿਚ ਡਾਕਟਰ ਟਰੰਪ ਨੇ ਲਿਖਿਆ :**

"ਭਾਈ ਬਾਲੇ ਦਾ ਨਾਂ ਬਾਲੇ ਦੀ ਜਨਮ ਸਾਖੀ ਵਿਚ ਪ੍ਰਧਾਨ ਹੈ ਤੇ ਇਹ ਪੁਰਾਤਨ ਜਨਮ ਸਾਖੀ ਵਿਚ ਇਕ ਵਾਰੀ ਵੀ ਨਹੀਂ ਲਿਖਿਆ ਮਿਲਦਾ। ਇਉਂ ਜਾਪਦਾ ਹੈ ਕਿ ਪਿਛੋ ਲਿਖੀਆਂ ਜਨਮ ਸਾਖੀਆਂ ਦੇ ਲਿਖਾਰੀਆਂ ਨੇ ਇਹ ਦੱਸਣ ਲਈ ਕਿ ਉਹਨਾਂ ਨੂੰ ਗੁਰੂ ਨਾਨਕ ਸਾਹਿਬ ਦੇ ਹਾਲ ਦਾ ਵਿਸਥਾਰ ਨਾਲ ਪਤਾ ਹੈ ਬਾਲੇ ਨਾਮੀ ਵਿਅਕਤੀ ਨੂੰ ਆਪਣੀਆਂ ਕਹਾਣੀਆਂ ਦੀ ਪੁਸ਼ਟੀ ਕਰਨ ਲਈ ਅੱਗੇ ਕਰ ਦਿੱਤਾ ਹੈ।"

(ਉਹੀ ਪੰਨਾ 3)

ਕੌਣ ਸੀ ਬਾਬਾ ਹੰਦਾਲ

ਬਾਬਾ ਹੰਦਾਲ ਦਾ ਜਨਮ ਸੰਮਤ 1630 ਈਸਵੀ ਜੰਡਿਆਲਾ ਗੁਰੂ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਮਾਤਾ ਦਾ ਨਾਮ ਸੁੱਖੀ ਤੇ ਪਿਤਾ ਦਾ ਨਾਮ ਗਾਜ਼ੀ ਸੀ। ਬਾਬਾ ਜੀ ਦੀ ਗੋਤ ਘਨਗਸ ਸੀ :

ਪਿਤਾ ਗਾਜੀ ਕੁਲ ਘਨਗਸੋ ਸੁੱਖੀ ਜਾਂਕੀ ਮਾਤ
ਸੰਮਤ ਬਿਕਰਮਾ ਜੀਤ ਕਾ ਸੋਲਾਂ ਸੋ ਔਰ ਤੀਸ
1630॥

(ਮਸੰਦ ਸਾਈਂ ਦਾਸ ਨਿਰੰਜਨੀ, 'ਵੱਡੀ ਜਨਮਸਾਖੀ, ਜੀਵਨ ਚਰਿਤ੍ਰ, ਸ੍ਰੀ ਬਾਬਾ ਹੰਦਾਲ ਜੀ', ਗੁਰਮਤ ਪ੍ਰੈਸ, ਅੰਮ੍ਰਿਤਸਰ 1912, ਪੰਨਾ 5)

ਬਾਬਾ ਹੰਦਾਲ ਦਾ ਸਮਾਂ 1630 ਤੋਂ 1705 ਬਿਕਰਮੀ ਤੱਕ ਦਾ ਹੈ। ਸਿੱਖ ਇਤਿਹਾਸ ਵਿਚ ਜੰਡਿਆਲੇ ਦਾ ਰਹਿਣ ਵਾਲਾ ਭਾਈ ਹੰਦਾਲ ਤੀਸਰੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਦਾ ਸਿੱਖ ਮੰਨਿਆ ਜਾਂਦਾ ਹੈ। ਹੰਦਾਲ ਦੀ ਸਖਸ਼ੀਅਤ ਦਾ ਸਿੱਖ ਧਰਮ ਗ੍ਰੰਥਾਂ ਵਿਚ ਥਾਂ-ਥਾਂ ਜ਼ਿਕਰ ਮਿਲਦਾ ਹੈ :

ਹੰਦਾਲ ਨਾਮ ਸਿੱਖ ਇਕ ਰਹਾ।
ਸਤਗੁਰ ਕੀ ਸੇਵਾ ਤਿਨ ਗਹਾ।
ਸਚ ਨਾਮ ਕਰਤਾਰ ਉਚਾਰੇ।
ਯਹੀ ਜਾਪ ਨਿਸ ਦਿਨ ਮੁਖ ਧਾਰੇ।

(ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼ (ਭਾਗ-2), ਪੰਨਾ 223)

ਗਿਆਨੀ ਗਿਆਨ ਸਿੰਘ 'ਪੰਥ ਪ੍ਰਕਾਸ਼' ਵਿਚ ਇਸ ਘਟਨਾ ਨੂੰ ਇਸ ਪ੍ਰਕਾਰ ਲਿਖਦਾ ਹੈ :

ਨਗਰ ਜੰਡਯਾਲਾ ਜੋ ਬਿਸਾਲਾ ਮਾਝੇ ਦੇਸ ਵਾਲਾ
ਤਹਾਂ ਕਾ ਹਿੰਦਾਲਾ ਜੱਟ ਸਿੱਖ ਥੀਓ ਸਾਰ ਹੈ।
ਅਮਰ ਗੁਰੂ ਕੀ ਪੜਯੋ ਸਰਣ ਤਰਣ ਹਿਤ
ਲੰਗਰ ਕੀ ਸੇਵ ਸਾਚੀ ਕੀਨੀ ਉਨ ਚਾਰ ਹੈ।

(ਗਯਾਨੀ ਗਯਾਨ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ 1290)

ਹੰਦਾਲ ਗੁਰੂ ਸਾਹਿਬਾਨ ਨੂੰ ਮਿਲਣ ਤੋਂ ਪਹਿਲਾਂ ਸਖੀ ਸਰਵਰ ਨੂੰ ਆਪਣਾ ਇਸ਼ਟ ਮੰਨਦਾ ਸੀ, ਡਾ. ਬਲਵੰਤ ਸਿੰਘ ਢਿੱਲੋਂ ਦੇ ਸ਼ਬਦਾਂ ਵਿਚ- The Sikh Sources describe that previously he had been a follower of Sakhi Sarwar."

(Balwant Singh Dhillon, Early Sikh Scriptural Tradition, p. 57.)

ਹੰਦਾਲ ਨੇ ਜਦੋਂ ਗੁਰੂ ਅਮਰਦਾਸ ਜੀ ਦੇ ਦਰਸ਼ਨ ਕੀਤੇ ਤਾਂ ਉਸ ਨੇ ਗੁਰੂ ਘਰ ਵਿਚ ਲੰਗਰ ਦੀ ਸੇਵਾ ਨੂੰ ਚੁਣਿਆ। ਮਹਿਮਾ ਪ੍ਰਕਾਸ਼ ਦੇ ਕਰਤਾ ਨੇ ਇਸ ਦਾ ਜ਼ਿਕਰ ਕੀਤਾ ਹੈ :

ਲੰਗਰ ਮੇ ਆਟਾ ਨਿਤ ਛਾਨੇ।
ਇਕ ਅੰਗੀ ਬਿਨ ਗੁਰ ਅਵਰ ਨਾ ਜਾਨੇ।

(ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼ (ਭਾਗ-2), ਪੰਨਾ 223)

ਗੁਰੂ ਅਮਰਦਾਸ ਜੀ ਨੇ ਹੰਦਾਲ ਨੂੰ ਬਾਈ ਮੰਜੀਆਂ ਵਿੱਚੋਂ ਜੰਡਿਆਲੇ ਦੀ ਮੰਜੀ ਦੀ ਜ਼ਿੰਮੇਵਾਰੀ ਸੌਂਪੀ। ਡਾ. ਬਲਵੰਤ ਸਿੰਘ ਢਿੱਲੋਂ ਲਿਖਦੇ ਹਨ :

It is said that he was one of the Manjidars to whom Guru Amar Das had intrusted the responsibility to preach Sikhism in and around his village.

(Balwant Singh Dhillon, Early Sikh Scriptural Tradition, p. 57.)

ਗੁਰੂ ਜੀ ਦੇ ਹੁਕਮ ਅਨੁਸਾਰ ਹੰਦਾਲ ਨੇ ਜੰਡਿਆਲੇ ਗੁਰੂ ਵਿਖੇ ਸਿੱਖੀ ਪ੍ਰਚਾਰ ਦਾ ਕੇਂਦਰ ਬਣਾ ਲਿਆ ਤੇ ਸੰਗਤਾਂ, ਲੋੜਵੰਦਾਂ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ।

ਕਹਯੋ ਹਿੰਦਾਲ ਕੇਰ ਬਿਰਤਾਂਤ।
ਜਿਮਿ ਬਖਸ਼ਸ਼ ਹੋਈ ਬੱਖਯਾਤ
ਟਹਿਲ ਕਰੀ ਸ਼ਰਧਾ ਕੇ ਸਾਥ।
ਮਹਲ ਲਹਯੋ ਅਰੁ ਭਯੋ ਸਨਾਥ।

(ਸੰਤੋਖ ਸਿੰਘ, ਸੂਰਜ ਪ੍ਰਕਾਸ਼ ਗ੍ਰੰਥ, ਪੰਨਾ 1700)

ਮੌਜੂਦਾ ਸਮੇਂ ਹੰਦਾਲ ਸੰਪ੍ਰਦਾਇ ਦੇ ਇਸ ਇਤਿਹਾਸਕ ਸਥਾਨ ਉਦਾਸੀ ਸਾਧੂਆਂ ਦੀ ਸੇਵਾ ਅਧੀਨ ਹੈ। ਅੰਗਰੇਜ਼ੀ ਰਾਜ ਦੇ ਸਮੇਂ ਇਕ ਵਾਰ ਉਦਾਸੀ ਸੰਤ ਸੰਤੋਖ ਮੁਨੀ ਜੀ ਇਸ ਪਿੰਡ ਵਿਚੋਂ ਲੰਘੇ ਪਿੰਡ ਵਾਲਿਆਂ ਦੇ ਦੱਸਣ ਮੁਤਾਬਿਕ, ਮੁਨੀ ਜੀ ਨੇ ਇਸ ਸਥਾਨ ਦੀ ਮਹਾਨਤਾ ਨੂੰ ਪਛਾਣਦਿਆਂ, ਇਸ ਦੀ ਸਫਾਈ ਕਰਵਾਈ ਤੇ ਇਥੇ ਉਨ੍ਹਾਂ ਵਲੋਂ 1946 ਦੀ ਮਾਘੀ ਨੂੰ ਅਖੰਡ ਪਾਠ ਦੀ ਲੜੀ ਆਰੰਭ ਕਰਵਾਈ ਗਈ ਸੀ, ਜੋ ਮੌਜੂਦਾ ਸਮੇ ਤੱਕ ਚਲ ਰਹੀ ਹੈ। ਜਿਸ ਤਹਿਤ ਇਸ ਅਸਥਾਨ ਦੀ ਮਾਨਤਾ ਲਗਾਤਾਰ ਵਧਦੀ ਗਈ। ਮੌਜੂਦਾ ਸਮੇਂ 28, 29 ਵਿਸਾਖ ਤੇ ਪਹਿਲੀ ਮਾਘ ਨੂੰ ਇੱਥੇ ਭਾਰੀ ਮੇਲਾ ਲੱਗਦਾ ਹੈ। ਬਾਬਾ ਹੰਦਾਲ ਜਦੋਂ ਤੱਕ ਜਿਉਂਦਾ ਰਿਹਾ, ਉਹ ਗੁਰੂ ਦੇ ਹੁਕਮ ਦੀ ਪਾਲਣਾ ਕਰਦਾ ਰਿਹਾ। ਹੰਦਾਲ ਦਾ ਦੇਹਾਂਤ ਸੰਮਤ 1705, (ਸੰਨ 1648 ਈਸਵੀ) ਨੂੰ ਹੋਇਆ। ਹੰਦਾਲ ਤੋਂ ਬਾਅਦ ਉਸ ਦਾ ਪੁੱਤਰ ਬਿਧੀ ਚੰਦ ਗੱਦੀ ਉੱਪਰ ਬੈਠਾ ਤੇ ਉਸ ਨੇ ਗੁਰੂ ਦਰਬਾਰ ਨਾਲੋਂ ਦੂਰੀ ਪੈਦਾ ਕਰਨੀ ਸ਼ੁਰੂ ਕਰ ਦਿੱਤੀ ਤੇ ਆਪਣੇ ਆਪ ਨੂੰ ਗੁਰੂ ਸਦਵਾਉਣਾ ਸ਼ੁਰੂ ਕਰ ਦਿੱਤਾ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਹੰਦਾਲ ਦਾ ਪੁੱਤਰ ਬਿਧੀ ਚੰਦ ਕੁਕਰਮੀ ਸੀ, ਉਸ ਨੇ ਗੁਰੂ ਨਾਨਕ ਦੇਵ ਜੀ ਦੀ ਸਾਖੀ ਬਹੁਤ ਅਸ਼ੁੱਧ ਕਰ ਦਿੱਤੀ ਅਤੇ ਮਨਮੰਨੀਆ ਗੱਲਾਂ ਲਿਖ ਕੇ ਆਪਣੇ ਔਗੁਣਾਂ ਨੂੰ ਸਿੱਖੀ ਦਾ ਨਿਯਮ ਸਾਬਤ ਕਰਨ ਦਾ ਯਤਨ ਕੀਤਾ, ਕਈ ਹੰਦਾਲੀਏ ਮਹੰਤਾਂ ਨੇ ਸਿੱਖਾਂ ਦੇ ਵਿਰੁੱਧ ਲਾਹੌਰ ਦੇ ਜ਼ਾਲਮ ਹਾਕਮਾਂ ਨੂੰ ਅਯੋਗ ਸਹਾਇਤਾ ਦਿੱਤੀ ਤੇ ਸਿੱਖਾਂ ਦਾ ਕਤਲੇਆਮ ਕਰਵਾਇਆ। ਬਾਬੇ ਹੰਦਾਲ ਦਾ ਜੀਵਨ ਚਰਿੱਤਰ ਬਿਧੀ ਚੰਦ ਨੇ ਲਿਖਵਾਇਆ। ਇਹ ਮਾਨਤਾ ਹੰਦਾਲੀਆਂ ਵਿਚ ਚਲੀ ਆ ਰਹੀ ਹੈ। ਉਸ ਜੀਵਨ ਚਰਿਤਰ ਦਾ ਨਾਮ 'ਪਰਚੀ ਬਾਬਾ ਹੰਦਾਲ ਜੀ ਕੀ' ਹੈ। ਕਰਮ ਸਿੰਘ ਹਿਸਟੋਰੀਅਨ ਅਨੁਸਾਰ ਬਾਬਾ ਬਿਧੀ ਚੰਦ ਨੇ ਗੁਰੂ ਹਰਿ ਰਾਇ ਜੀ ਦੇ ਸਮੇਂ ਪ੍ਰਲੋਕਗਮਨ ਕੀਤਾ। ਬਾਬਾ ਬਿਧੀ ਚੰਦ ਦੇ ਮਗਰੋਂ ਉਸ ਦੇ ਪੁੱਤਰ ਬਾਬਾ ਦਈ ਦਾਸ, ਫਿਰ ਬਾਬਾ ਅਕਾਲ ਦਾਸ ਗੁਰੂ ਗੋਬਿੰਦ ਸਿੰਘ ਜੀ ਸਮੇਂ ਹੋਏ। (ਕਰਮ ਸਿੰਘ ਹਿਸਟੋਰੀਅਨ, ਕੱਤਕ ਕਿ ਵਿਸਾਖ, ਪੰਨਾ 129)

ਅਕਾਲ ਦਾਸ ਨੇ ਮੁਗਲ ਸਰਕਾਰ ਨਾਲ ਆਪਣੇ ਸੰਬੰਧ ਬਣਾ ਲਏ। ਉਸ ਨੇ ਸਿੰਘਾਂ ਨੂੰ ਫੜਾਉਣਾ ਸ਼ੁਰੂ ਕਰ ਦਿੱਤਾ ਜਿਸ ਦਾ ਉਲੇਖ ਕੋਇਰ ਸਿੰਘ ਨੇ ਕੀਤਾ ਹੈ :

ਏਕ ਜੰਡਾਲਾ ਭਯੋ ਚੰਡਾਲਾ।
ਕਰੇ ਸਰੀਕਤ ਮਤਸਰ ਪਾਲਾ।

(ਕੋਇਰ ਸਿੰਘ, ਗੁਰਬਿਲਾਸ ਪਾਤਸ਼ਾਹੀ 10, ਪੰਨਾ 271)

27 ਅਕਤੂਬਰ 1761 ਦੇ ਦਿਨ ਸਰਬੱਤ ਖ਼ਾਲਸਾ ਦਾ ਇਕ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਹੋਇਆ। ਇਸ ਇਕੱਠ ਵਿਚ ਗੁਰਮਤਾ ਕੀਤਾ ਗਿਆ ਕਿ ਜੰਡਿਆਲੇ ਦੇ ਹੰਦਾਲੀਏ ਆਕਲ ਦਾਸ (ਹਰਭਗਤ) ਨਿਰੰਜਨੀਆ (ਜੋ ਮੁਗ਼ਲ ਅਤੇ ਅਫ਼ਗਾਨਾਂ ਦਾ ਸਭ ਤੋਂ ਵੱਡਾ ਏਜੰਟ ਸੀ), ਕਸੂਰ ਦੇ ਖੇਸ਼ਗੀ, ਦੋਵੇਂ ਮਲੇਰਕੋਟਲੀਆਂ (ਸਿੱਖ ਦੁਸ਼ਮਣ ਪਠਾਣ) ਰਿਆਸਤਾਂ, ਸਾਹਰਿੰਦ (ਸਰਹਿੰਦ) ਦੇ ਜ਼ੈਨ ਖ਼ਾਨ (ਅਹਿਮਦ ਸ਼ਾਹ ਅਬਦਾਲੀ ਦਾ ਸੂਬੇਦਾਰ) ਤੇ ਹੋਰ ਸਿੱਖ ਦੁਸ਼ਮਣਾਂ ਨੂੰ ਸੋਧਿਆ ਜਾਵੇ। ਸਿੱਖਾਂ ਨੇ ਸਭ ਤੋਂ ਪਹਿਲਾਂ ਆਕਲ ਦਾਸ ਨੂੰ ਸੋਧਣ ਦਾ ਫ਼ੈਸਲਾ ਕੀਤਾ। ਜੰਡਿਆਲਾ ਅੰਮ੍ਰਿਤਸਰ ਤੋਂ ਸਿਰਫ਼ 20 ਕਿਲੋਮੀਟਰ ਦੂਰ ਸੀ। ਆਕਲ ਦਾਸ ਨੂੰ ਵੀ ਸਿੱਖਾਂ ਦੇ ਫ਼ੈਸਲੇ ਦੀ ਖ਼ਬਰ ਮਿਲ ਗਈ। ਇਸ ਦੌਰਾਨ ਉਹ ਆਪਣਾ ਇਕ ਸਾਥੀ ਅਹਿਮਦ ਸ਼ਾਹ ਦੁੱਰਾਨੀ ਵੱਲ ਭੇਜਣ ਵਿਚ ਕਾਮਯਾਬ ਹੋ ਗਿਆ। ਸਿੱਖਾਂ ਨੇ ਜੰਡਿਆਲੇ ਨੂੰ ਘੇਰਾ ਪਾ ਲਿਆ। ਸਿੱਖਾਂ ਦੀ ਗਿਣਤੀ ਚੋਖੀ ਵੇਖ ਕੇ ਆਕਲ ਦਾਸ ਨੇ ਆਪਣੇ ਆਪ ਨੂੰ ਕਿਲ੍ਹੇ ਅੰਦਰ ਹੀ ਬੰਦ ਕਰ ਲਿਆ। ਜੱਸਾ ਸਿੰਘ ਆਹਲੂਵਾਲੀਆ ਤੇ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਨੇ ਦੀ ਅਗਵਾਈ ਵਿਚ ਸਿੱਖਾਂ ਨੇ ਕਈ ਦਿਨ ਜੰਡਿਆਲੇ ਦਾ ਘੇਰਾ ਪਾਈ ਰੱਖਿਆ, ਪਰ ਉਹ ਕਿਲ੍ਹੇ ਵਿੱਚ ਦਾਖ਼ਲ ਨਾ ਹੋ ਸਕੇ।

ਉਧਰ ਆਕਲ ਦਾਸ ਦੇ ਵਕੀਲ ਅਹਿਮਦ ਸ਼ਾਹ ਨੂੰ ਜਾ ਮਿਲੇ। ਉਹ ਇਸ ਵੇਲੇ ਛੇਵਾਂ ਹਮਲਾ ਕਰਨ ਲਈ ਪੰਜਾਬ ਵੱਲ ਆ ਰਿਹਾ ਸੀ ਤੇ ਰੋਹਤਾਸ ਕੋਲ ਪੁੱਜ ਗਿਆ ਸੀ। ਅਹਿਮਦ ਸ਼ਾਹ ਨੂੰ ਸਿੱਖਾਂ 'ਤੇ ਪਹਿਲਾਂ ਹੀ ਬੜਾ ਗੁੱਸਾ ਸੀ, ਕਿਉਂਕਿ ਸਿੱਖਾਂ ਨੇ ਉਸ ਦੇ ਕਈ ਜਰਨੈਲ ਕਤਲ ਕਰਕੇ ਉਹਨਾਂ ਦੇ ਨਗਰਾਂ 'ਤੇ ਆਪ ਕਾਬਜ਼ ਹੋ ਗਏ ਸਨ, ਇਸ ਕਰਕੇ ਅਬਦਾਲੀ ਉਹ ਸਿੱਧਾ ਜੰਡਿਆਲੇ ਨੂੰ ਚੱਲ ਪਿਆ। ਅਹਿਮਦ ਸ਼ਾਹ ਦੇ ਆਉਣ ਦੀ ਖ਼ਬਰ ਸਿੱਖਾਂ ਨੂੰ ਵੀ ਮਿਲ ਗਈ। ਉਨ੍ਹਾਂ ਦਰਿਆ ਸਤਲੁਜ ਪਾਰ ਅਬਦਾਲੀ ਨਾਲ ਟੱਕਰਨ ਦਾ ਫੈਸਲਾ ਕਰ ਲਿਆ ਤਾਂ ਜੋ ਉੱਥੇ ਗੁਰੀਲਾ ਯੁੱਧ ਲੜ ਕੇ ਅਬਦਾਲੀ ਨੂੰ ਨੁਕਸਾਨ ਪਹੁੰਚਾਇਆ ਜਾ ਸਕੇ।

ਜਦੋਂ ਅਹਿਮਦ ਸ਼ਾਹ ਜੰਡਿਆਲੇ ਪੁੱਜਾ ਤਾਂ ਉਸ ਨੂੰ ਹਰਭਜਨ ਨਿਰੰਜਨੀਏ ਨੇ ਸੂਹ ਦਿੱਤੀ ਕਿ ਸਿੱਖ ਮਾਲਵੇ ਵੱਲ ਚਲੇ ਗਏ ਹਨ ਤੇ ਮਲੇਰਕੋਟਲੇ ਤੋਂ 15-16 ਕਿਲੋਮੀਟਰ ਦੂਰ ਪਿੰਡ ਰਾਏਪੁਰ ਗੁੱਜਰਵਾਲ ਕੋਲ ਪੁੱਜ ਚੁੱਕੇ ਹਨ। ਇਹ ਖ਼ਬਰ ਮਿਲਦਿਆਂ ਹੀ ਅਹਿਮਦ ਸ਼ਾਹ ਇਕਦਮ ਮਲੇਰਕੋਟਲੇ ਵੱਲ ਚੱਲ ਪਿਆ।

ਕੁੱਪ-ਰਹੀੜ ਦੇ ਜੰਗਲ ਵਿੱਚ 5 ਹਜ਼ਾਰ ਦੇ ਕਰੀਬ ਬੀਬੀਆਂ ਤੇ ਬੱਚਿਆਂ ਸਣੇ ਸਿੱਖਾਂ ਦੀ ਕੁੱਲ ਗਿਣਤੀ 40-50 ਹਜ਼ਾਰ ਦੇ ਕਰੀਬ ਸੀ। ਅਬਦਾਲੀ ਨਾਲ ਜੰਗ ਲੜਦਿਆਂ ਇਸ ਘੱਲੂਘਾਰੇ ਦੌਰਾਨ 25-30 ਹਜ਼ਾਰ ਸਿੱਖ ਸ਼ਹੀਦ ਹੋ ਗਏ। ਸਿੱਖ ਇਤਿਹਾਸ ਵਿਚ ਇਸ ਨੂੰ (ਪਹਿਲੀ ਮਈ 1746 ਦੇ ਘੱਲੂਘਾਰੇ ਦੇ ਮੁਕਾਬਲੇ) ਵੱਡਾ ਘੱਲੂਘਾਰਾ ਆਖ ਕੇ ਯਾਦ ਕੀਤਾ ਜਾਂਦਾ ਹੈ।

ਇਸ ਘੱਲੂਘਾਰੇ ਤੋਂ ਬਾਅਦ 9 ਅਪਰੈਲ 1762 ਨੂੰ ਖਿਦਰਾਣੇ ਦੀ ਢਾਬ (ਮੁਕਤਸਰ) ਵਿਚ ਸਰਬੱਤ ਖ਼ਾਲਸੇ ਦਾ ਇਕੱਠ ਹੋਇਆ ਜਿੱਥੇ ਇਸ ਹਮਲੇ ਵਿਚ ਸ਼ਹੀਦ ਹੋਏ ਸਿੰਘਾਂ ਲਈ ਅਰਦਾਸ ਕਰਦਿਆਂ ਇਕ ਗੁਰਮਤਾ ਕੀਤਾ ਗਿਆ, ਜਿਸ ਵਿਚ ਕਿਹਾ ਗਿਆ ਕਿ 'ਸ਼ਹੀਦੀਆਂ ਨਾਲ ਸਾਡਾ (ਮਨਾਂ ਦਾ) ਖੋਟ ਝੜ ਗਿਆ ਹੈ ਅਤੇ ਅਸੀਂ ਕੁੰਦਨ ਹੋ ਗਏ ਹਾਂ ਤੇ ਹੁਣ ਅਸੀਂ ਅਹਿਮਦ ਸ਼ਾਹ ਦਾ ਆਹਮੋ-ਸਾਹਮਣੇ ਟਾਕਰਾ ਕਰਾਂਗੇ ਤੇ ਖਾਲਸਾ ਰਾਜ ਸਥਾਪਤ ਕਰਾਂਗੇ। ਪੰਥ ਪ੍ਰਕਾਸ਼ ਵਿਚ ਇਹ ਸ਼ਬਦ ਇਉਂ ਦਰਜ ਹਨ :

"ਇੱਕ ਨਿਹੰਗ ਬੁਕ ਤਹਿ ਕਹਯੋ, ਉਚੇ ਬਚਨ ਸੁਨਾਇ।।
ਤਤ ਖਾਲਸਾ ਸੋ ਰਹਯੋ, ਗਯੋ ਸੁ ਖੋਟ ਗਵਾਇ।।"

(ਪੰਥ ਪ੍ਰਕਾਸ 462)

ਸਪੱਸ਼ਟ ਹੈ ਕਿ 18ਵੀ ਸਦੀ ਦੇ ਭਿਅੰਕਰ ਘੱਲੂਘਾਰਿਆਂ ਦੌਰਾਨ ਹੰਦਾਲ ਕਿਆਂ ਦੇ ਨਿਰੰਜਨੀਏ ਗੁਰੂ ਆਕਲ ਦਾਸ ਨੇ ਸਿੱਖਾਂ ਨਾਲ ਵੱਡਾ ਵੈਰ ਕਮਾਇਆ ਤੇ ਦੱਸਿਆ ਜਾਂਦਾ ਹੈ ਕਿ ਉਸ ਦੇ ਹਥੋਂ ਹੀ ਸਿੱਖਾਂ ਦਾ ਕੁੱਪ ਰਹੀੜ ਦਾ ਵੱਡਾ ਘਲੂਘਾਰਾ ਵਾਪਰਿਆ। ਸਿੱਖਾਂ ਦੇ ਵਿਰੁੱਧ ਸੂਹ ਦੇਣ ਤੋਂ ਉਹਨਾਂ ਨੂੰ ਗ੍ਰਿਫ਼ਤਾਰ ਕਰਵਾਉਣ ਦੀ ਅਬਦਾਲੀ ਦੀ ਏਜੰਟੀ ਕਰਨ ਵਿਚ ਇਨ੍ਹਾਂ ਨੇ ਇਤਿਹਾਸ ਵਿਚ ਕਾਫੀ ਬਦਨਾਮੀ ਖੱਟੀ।

ਸਪੱਸ਼ਟ ਹੈ ਕਿ ਹੰਦਾਲ ਗੁਰੂ ਘਰ ਦਾ ਸੇਵਕ ਸੀ, ਪਰ ਉਸ ਤੋਂ ਬਾਅਦ ਵਾਲੇ ਉਤਰਾਧਿਕਾਰੀਆਂ ਨੇ ਇਸ ਪ੍ਰਾਪਤ ਹੋਈ ਮੰਜੀ ਦੀ ਬਖਸ਼ਿਸ਼ ਨੂੰ ਗੁਰੂ ਸਿਧਾਂਤਾਂ ਤੋਂ ਦੂਰ ਕਰ ਲਿਆ ਜਿਸ ਸਦਕਾ ਇਹ ਇੱਕ ਸੁਤੰਤਰ ਸਿੱਖ ਵਿਰੋਧੀ ਸੰਪ੍ਰਦਾਇ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਈ ਤੇ ਗੁਰੂ ਦੇ ਬਰਾਬਰ ਆਪਣੀ ਗੱਦੀ ਚਲਾ ਲਈ। ਭਾਈ ਬਾਲਾ ਗੁਰੂ ਘਰ ਦੇ ਵਿਰੋਧੀ ਹੰਦਾਲ ਸੰਪਰਦਾਈਆਂ ਦੀ ਕਾਢ ਪ੍ਰਤੀਤ ਹੁੰਦੀ ਹੈ। ਡਾ. ਤਰਲੋਚਨ ਸਿੰਘ ਬੇਦੀ ਆਖਦੇ ਹਨ ਕਿ ਗਿਆਨ ਰਤਨਾਵਲੀ ਦੇ ਬ੍ਰਿਜ ਭਾਸ਼ੀ ਕਵਿਤਾ ਵਿਚ ਗਿਆਨੀ ਵਿਸ਼ਨ ਸਿੰਘ ਦੇ 1919 ਬਿਕਰਮੀ ਵਿਚ ਕੀਤੇ ਗਿਆਨ ਰਤਨਾਕਰ ਨਾਮ ਥੱਲੇ ਟੀਕੇ (ਇਹ ਹੱਥ ਲਿਖਤ ਮੇਰੇ ਆਪਣੇ ਪਾਸ ਹੈ), ਅਨੁਸਾਰ ਬਾਲੇ ਵਾਲੀ ਸਾਖੀ ਦੀ ਰਚਨਾ ਬਾਬਾ ਹੰਦਾਲ ਦੇ ਪੁੱਤਰ ਬਿਧੀ ਚੰਦ (1660 ਬਿਕਰਮੀ ਤੋ 1715 ਬਿਕਰਮੀ ਨੇ ਕੀਤੀ)। ਜਿਵੇਂ :

ਜਬ ਹੰਦਾਲ ਸੁਰਲੋਕ ਪਧਾਰਾ ਬਿਧੀ ਚੰਦ ਸੁਤ ਸਕਤੀਵਾਰਾ॥
ਲਈ ਮਹੰਤੀ ਸਿਖ ਬਨਾਏ ਤੁਰਕਨ ਕੀ ਗਨਿਕਾ ਇਕ ਗਾਏ॥
ਸੋ ਆਪਨੇ ਗ੍ਰਿਹਿ ਆਨ ਵਸਾਈ ਤਬ ਵਰਤਨ ਤਜ ਦੀਨ ਲੁਕਾਈ॥
ਬਿਧੀ ਚੰਦ ਮੰਜੋਤ ਪ੍ਰਸੰਗਾ ਲਿਖੇ ਗੁਰ ਧਾਰੀ ਹਿਤ ਸੰਗਾ॥

ਇਥੇ ਨੋਟ ਕਰਨ ਵਾਲੀ ਗੱਲ ਹੈ ਕਿ ਬਾਬਾ ਹੰਦਾਲ ਜੀ 1705 ਬਿਕਰਮੀ ਵਿਚ ਸਮਾਏ ਸਨ ਤੇ ਉਹਨਾਂ ਪਿਛੋਂ ਉਹਨਾਂ ਦਾ ਪੁੱਤਰ ਬਾਬਾ ਬਿਧੀ ਚੰਦ ਗੱਦੀ 'ਤੇ ਬੈਠੇ ਸਨ ਤੇ ਇਉਂ ਇਸ ਸਾਖੀ ਦਾ ਰਚਨਾਕਾਲ 1648 ਈਸਵੀ ਤੋਂ 1658 ਈਸਵੀ ਬਣਦਾ ਹੈ:

ਆਗੇ ਗੁਰ ਕੀ ਸਾਖੀ ਨਾਹੀ॥
ਰਚੀ ਨਿੰਦਾ ਬਹੁਤ ਬਨਾਈ॥
ਬਾਲੇ ਅੰਗਦ ਕੋ ਧਰ ਨਾਮਾ
ਪ੍ਰਥਮੇ ਹੀ ਝੂਠਾ ਕਿਉ ਕਾਮਾ॥
ਪੰਦਰੇ ਸਹਿਸ ਪਚਾਸੀ ਮਾਹੀ॥
ਪੰਚਮੇ ਥਿਤ ਬੈਸਾਖ ਕੀ ਆਹੀ॥
ਪੈੜੇ ਮੋਖੇ ਲਿਖ ਬਨਾਈ॥
ਗੁਰੂ ਅੰਗਦ ਗੁਰੂ ਮਿਲੇ ਨਾ ਭਾਈ॥

(ਖੋਜ ਪੱਤ੍ਰਿਕਾ ਪੁਰਾਤਨ ਵਾਰਤਕ ਵਿਸ਼ੇਸ਼ ਅੰਕ 1983, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ 192)

ਐਸ ਐਸ ਪਦਮ ਸਾਖੀ ਮਹਲੁ ਪਹਿਲੇ ਕੀ ਸਾਖੀਕਾਰ ਸੀਹਾਂ ਉਪਲ ਸਿੰਘ ਬੁਦਰਜ 2014 ਪੰਨਾ 82 ਉੱਤੇ ਭਾਈ ਬਾਲੇ ਦੀ ਜਨਮ ਸਾਖੀ ਉੱਤੇ ਸਖ਼ਤ ਟਿੱਪਣੀ ਕਰਦੇ ਹੋਏ ਲਿਖਦੇ ਹਨ :

"ਮੂਲ ਰੂਪ ਵਿਚ ਜਨਮ ਸਾਖੀ ਬਾਲਾ ਹੰਦਾਲੀਆਂ ਦਾ ਉਤਪਾਦਨ ਹੈ, ਇਹ ਤੱਥ ਬਹੁਤ ਲੰਮੇ ਸਮੇਂ ਤੱਕ ਵਿਸਰ-ਭੋਲ ਦਾ ਸ਼ਿਕਾਰ ਹੋਇਆ ਰਿਹਾ। ਹੰਦਾਲੀਏ ਸਿੱਖ ਪਰੰਪਰਾ ਤੋਂ ਅਲੱਗ ਹੋਈ ਜ਼ਰਾ-ਮਾਤਰ ਧੜੇਬੰਦੀ ਸੀ, ਜਿਸ ਦੇ ਇਕ ਪਥ-ਭ੍ਰਿਸ਼ਟ ਆਗੂ ਬਿਧੀ ਚੰਦ ਨੇ ਇਹ ਜਨਮ ਸਾਖੀ ਲਿਖਵਾਈ, ਮਨੋਰਥ ਬਾਬੇ ਦੇ ਚਰਿਤਰਘਾਤ ਰਾਹੀਂ, ਆਪਣੀਆਂ ਬਦਫੈਲੀਆਂ ਨੂੰ ਚਲੀ ਆ ਰਹੀ ਰੀਤ ਦਾ ਭਾਗ ਦਸ ਕੇ ਭੋਲੇ-ਭਾਲੇ ਅਨੁਯਾਈਆਂ ਨੂੰ ਪਤਿਆਉਣ ਅਤੇ ਬਾਬੇ ਦੀ ਕੀਤੀ ਕਥਿਤ ਭਵਿੱਖ-ਬਾਣੀ ਰਾਹੀਂ ਹੰਦਾਲ ਦੀ ਪ੍ਰਭੁਤਾ ਸਥਾਪਤ ਕਰਨ ਦਾ ਸੀ। ਖਰੜਿਆਂ ਦੇ ਮਾਹਿਰਾਂ ਅਤੇ ਵਿਚਾਰਵਾਨਾਂ ਲਈ ਵਿਚਾਰਨਯੋਗ ਨੁਕਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਇਹੋ ਇਕ ਰਚਨਾ ਹੈ ਜਿਸ ਦੀਆਂ ਵੱਡੀ ਗਿਣਤੀ ਵਿਚ ਮੌਜੂਦ ਨਕਲਾਂ ਮਿਲਦੀਆਂ ਹਨ, ਜੋ ਸਵੈ ਇੱਛਾ ਅਧੀਨ ਉਤਾਰਕਾਂ ਦਾ ਮਾਰਿਆ ਮਾਅਰਕਾ ਨਹੀਂ ਹੋ ਸਕਦਾ। ਬਿਧੀ ਚੰਦ ਅਤੇ ਉਸ ਦੇ ਮਨਸੂਬੇਬਾਜ਼ ਨੇ ਪਹਿਲਾਂ ਤੋਂ ਹੀ ਇਹ ਫੈਸਲਾ ਲੈ ਲਿਆ ਕਿ ਲਿਖਵਾਈ ਸਾਖੀ ਦੀਆਂ ਵਧ ਤੋਂ ਵਧ ਨਕਲਾਂ ਕਰਵਾ ਕੇ ਹਰ ਸਿੱਖ ਕੇਂਦਰ, ਹਰ ਸਿੱਖ ਉੱਘੀ ਹਸਤੀ, ਹਰ ਲਿਖਣ-ਪੜ੍ਹਨ ਵਾਲੇ ਉੱਘੇ ਬੰਦੇ ਅਤੇ ਸਿੱਖੀ ਦੇ ਪ੍ਰਚਾਰ ਵਿਚ ਲੱਗੇ ਹਰ ਮਿਸ਼ਨਰੀ ਦੇ ਹੱਥਾਂ ਵਿਚ ਪੁੱਜਦੀ ਕੀਤੀ ਜਾਵੇ; ਏਵੇਂ ਹੀ ਕੀਤਾ ਗਿਆ। ਫਲਸਰੂਪ ਜਨਮ ਸਾਖੀ ਬਾਲਾ ਪਰਚੱਲਤ ਤੇ 'ਹਰਮਨ, ਹਰਮਨ, ਹਰਮਨ ਪਿਆਰੀ ਹੋ ਗਈ। ਇਸੇ ਯੋਜਨਾ ਤਹਿਤ ਇਹ ਸਾਖੀ ਸੈਦੋ ਜੱਟ, ਜੋ ਮੁਜੰਗਾਂ, ਲਾਹੌਰ ਦਾ ਨਿਵਾਸੀ ਸੀ ਅਤੇ ਭਾਈ ਗੁਰਦਾਸ ਦੇ ਸ਼ਬਦਾਂ ਵਿਚ 'ਸ਼ਬਦ ਵਿਚਾਰ' ਦਾ ਅਧਿਕਾਰੀ ਸੀ, ਕੋਲ ਵੀ ਪੁੱਜੀ ਅਤੇ ਉਸ ਨੇ ਤੁਰੰਤ ਪ੍ਰਤੀਕਰਮ ਵਜੋਂ ਪੁਰਾਤਨ ਜਨਮ ਸਾਖੀ ਦਾ ਸੰਕਲਪ-ਸੰਪਾਦਨ ਕੀਤਾ।

ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਗੁਰੂ ਨਾਨਕ ਸਾਹਿਬ ਨੂੰ ਬਾਬਾ ਹੰਦਾਲ ਤੋਂ ਨੀਵਾ ਦਿਖਾਉਣ ਦੀ ਕੋਝੀ ਕੋਸ਼ਿਸ ਕੀਤੀ ਗਈ ਹੈ ਤੇ ਗੁਰੂ ਨਾਨਕ ਸਾਹਿਬ ਉੱਪਰ ਕਈ ਅਣਹੋਣੇ ਨਾ ਮੰਨਣ ਯੋਗ ਦੋਸ਼ ਮੜੇ ਗਏ ਹਨ।

ਇਸ ਜਨਮ ਸਾਖੀ ਵਿਚ ਗੁਰੂ ਨਾਨਕ ਸਾਹਿਬ ਨੂੰ ਰਾਜੇ ਜਨਕ ਦਾ ਸ਼ਾਗਿਰਦ ਦੱਸਿਆ ਗਿਆ ਹੈ।

ਗੁਰੂ ਨਾਨਕ ਦੇਵ ਜੀ ਦੀ ਪ੍ਰਕਾਸ਼ ਉਤਸਵ ਤਿੱਥ ਤੇ ਜੋਤੀ ਜੋਤਿ ਸਮਾਉਣ ਦੀ ਤਿੱਥ ਵਿਚ ਵੀ ਇਸ ਜਨਮ ਸਾਖੀ ਨੇ ਵਿਵਾਦ ਪੈਦਾ ਕੀਤਾ ਹੈ। ਇਸ ਜਨਮ ਸਾਖੀ ਵਿਚ ਗੁਰੂ ਨਾਨਕ ਪ੍ਰਕਾਸ਼ ਉਤਸਵ ਤਿੱਥ ਕਤਕ ਸੁਦੀ ਪੂਰਨਮਾਸ਼ੀ ਸੰਮਤ 1526 (1469) ਈਸਵੀ ਦੱਸੀ ਹੈ। ਪਰ ਹੋਰ ਅਨੇਕਾਂ ਥਾਈਂ ਪੁਰਾਤਨ ਜਨਮ ਸਾਖੀ, ਆਦਿ ਸਾਖੀਆਂ ਵਿਚ ਤ੍ਰਿਤੀਏ ਵੈਸਾਖ ਲਿਖਿਆ ਹੈ।

ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਬਾਲਾ ਸ਼ਬਦ ਬਾਲ ਚੰਦ ਲਈ ਹੀ ਵਰਤਿਆ ਗਿਆ ਹੈ। ਬਾਲਾ ਇਕ ਸਾਜ਼ਿਸ਼ੀ ਦਿਮਾਗ ਦੀ ਕਾਢ ਹੈ, ਜਿਸ ਦਾ ਮੁੱਖ ਆਧਾਰ ਬਾਬਾ ਹੰਦਾਲ ਦੇ ਪੁੱਤਰ ਬਾਲ ਚੰਦ ਹੈ। ਬਾਲਚੰਦ ਬਾਰੇ ਪਰਚੀ ਬਾਬਾ ਹੰਦਾਲ ਬਾਰੇ ਖਰੜੇ ਵਿਚ ਲਿਖਿਆ ਹੈ। ਗੁਰੂ ਨਾਨਕ ਸਾਹਿਬ ਦੇ ਦੇਹਾਂਤ ਅਤੇ ਬਾਬਾ ਹੰਦਾਲ ਦੇ ਜਨਮ ਵਿਚ ਕੇਵਲ 35 ਸਾਲ ਦਾ ਫਰਕ ਹੈ। ਪਰ ਜੇ ਗੁਰੂ ਨਾਨਕ ਸਾਹਿਬ ਦੇ ਜਨਮ ਤੇ ਬਾਬਾ ਹੰਦਾਲ ਦੇ ਜਨਮ ਵਿਚ ਫਰਕ ਦੇਖਿਆ ਜਾਵੇ ਤਾਂ 104 ਵਰ੍ਹੇ ਬਣਦਾ ਹੈ। ਗੁਰੂ ਨਾਨਕ ਸਾਹਿਬ ਜਨਮ ਸੰਮਤ 1526 ਬਿਕਰਮੀ (1469) ਈਸਵੀ ਨੂੰ ਹੋਇਆ ਜਦ ਕਿ ਬਾਬਾ ਹੰਦਾਲ ਦਾ ਜਨਮ 1630 ਈਸਵੀ ਬਿਕਰਮੀ 1573 ਈਸਵੀ ਨੂੰ ਹੋਇਆ। ਗੁਰੂ ਨਾਨਕ ਸਾਹਿਬ ਜੋਤੀ ਜੋਤਿ ਸੰਨ 1595 ਬਿਕਰਮੀ (1538 ਈਸਵੀ) ਵਿਚ ਸਮਾਏ ਤੇ ਬਾਬਾ ਹੰਦਾਲ ਦੀ ਮੌਤ ਸੰਮਤ 1705 ਬਿਕਰਮੀ (1648) ਈਸਵੀ ਵਿਚ ਹੋਈ। ਇਸ ਦਾ ਲੇਖਕ ਭਾਵੇਂ ਕੋਈ ਵੀ ਹੋਵੇ, ਉਹ ਬਾਬਾ ਹੰਦਾਲ ਦੀ ਮੌਤ ਪਿਛੋਂ ਸਾਖੀ ਰਚ ਰਿਹਾ ਹੈ। ਹੰਦਾਲ ਨਾਲ ਸੰਬੰਧਿਤ ਜਨਮ ਸਾਖੀਆਂ ਦੇ ਘਾੜਤ ਦਾ ਜ਼ਿੰਮੇਵਾਰ ਹੰਦਾਲ ਦਾ ਵੱਡਾ ਪੁੱਤਰ ਬਿਧੀ ਚੰਦ ਹੈ। ਹੰਦਾਲ ਬਾਰੇ ਦੋ ਹੱਥ ਲਿਖਤਾਂ ਪ੍ਰਾਪਤ ਹਨ। ਪਹਿਲੀ ਜਨਮ ਸਾਖੀ ਬਾਬਾ ਹੰਦਾਲ ਜੀ ਕੀ ਜੋ ਹੱਥ ਲਿਖਤ ਬਾਬਾ ਰਾਮਦਾਸ ਨਿਰੰਜਨੀ ਜੰਡਿਆਲਾ ਗੁਰੂ ਅੰਮ੍ਰਿਤਸਰ ਦੀ ਲਿਖੀ ਹੋਈ ਹੈ। ਦੂਜੀ ਪਰਚੀ ਬਾਬਾ ਹੰਦਾਲ ਹੱਥ ਲਿਖਤ 681 ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਹੈ। ਦੋਹਾਂ ਵਿਚ ਬਿਧੀ ਚੰਦ ਨੂੰ ਬੜਾ ਉੱਚਾ ਸੁੱਚਾ ਇਨਸਾਨ ਦੱਸਿਆ ਗਿਆ ਹੈ।

ਬਾਕੀ ਸਫ਼ਾ 36 'ਤੇ



# ਗੁਰੂ ਨਾਨਕ ਸਾਹਿਬ ਦੇ ਨਾਂ 'ਤੇ ਕੱਚੀ ਬਾਣੀ : ਇਕ ਸਾਜ਼ਿਸ਼

**ਸਮਸ਼ੇਰ ਸਿੰਘ ਅਸ਼ੋਕ**

ਛਪੇ ਤੇ ਅਣਛਪੇ ਸਿੱਖ ਸਾਹਿਤ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਨਾਮ 'ਤੇ ਦੋ ਕਿਸਮ ਦੀ ਬਾਣੀ ਪਾਈ ਜਾਂਦੀ ਹੈ (1) ਅਸਲੀ ਬਾਣੀ ਜੋ ਗੁਰੂ ਸਾਹਿਬ ਦੀ ਆਪਣੀ ਕਿਰਤ ਹੈ, ਜਿਵੇਂ—ਜਪੁਜੀ, ਰਾਮਕਲੀ, ਦੱਖਣੀ ਓਅੰਕਾਰ, ਸਿਧ ਗੋਸ਼ਟਿ ਸਮੇਤ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਨਾਨਕ ਸਾਹਿਬ ਦੀ ਸਮੁੱਚੀ ਬਾਣੀ ਤੇ (2) ਕੱਚੀ ਜਾਂ ਮਸਨੂਈ ਬਾਣੀ, ਜੋ ਗੁਰੂ ਨਾਨਕ ਸਾਹਿਬ ਦੇ ਨਾਮ ਤੇ ਐਵੇਂ ਪ੍ਰਚੱਲਿਤ ਹੋ ਗਈ ਹੈ, ਜਿਵੇਂ—ਪ੍ਰਾਣੀ ਸੰਗਲੀ, ਰਤਨ ਮਾਲਾ, ਗਿਆਨ ਸੁਰੋਦਯ ਆਦਿ।

'ਗੁਰੂ ਨਾਨਕ ਦੇ ਨਾਮ ਤੇ ਵਾਧੂ ਬਾਣੀ', ਜੋ ਗੁਰੂ ਸਾਹਿਬ ਦੀ ਆਪਣੀ ਕ੍ਰਿਤ ਨਾ ਹੋਣ ਦੇ ਕਾਰਨ ਕੱਚੀ ਬਾਣੀ ਕਹਿਣੀ ਯੋਗ ਹੈ, ਅਸਲ ਵਿਚ ਦੋ ਕਿਸਮ ਦੀ ਹੈ (1) ਪੁਰਾਤਨ ਕੱਚੀ ਬਾਣੀ, ਜੋ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਪਹਿਲਾਂ ਦੀ ਹੈ, ਜਿਵੇਂ—ਪ੍ਰਾਣ ਸੰਗਲੀ, ਰਤਨ ਮਾਲਾ (ਵੱਡੀ ਤੇ ਛੋਟੀ), ਤਿਲੰਗ ਦੀ ਵਾਰ, ਸਲੋਕ 'ਜਿਤ ਦਰ ਲਖ ਮੁਹੰਮਦਾ...' ਆਦਿ ਤੇ (2) ਨਵੀਂ ਕੱਚੀ ਬਾਣੀ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਦੀ ਜਾਂ ਇਸ ਤੋਂ ਪਿਛਲੇਰੀ ਰਚਨਾ ਹੈ, ਜਿਵੇਂ—ਸੋਢੀ ਮਿਹਰਨਵਾਨ ਜਾਂ ਸੋਢੀ ਹਰਿ ਜੀ ਆਦਿ ਮੀਣਾ ਸੰਪ੍ਰਦਾਇ ਦੇ ਮੋਢੀਆਂ ਦੀ ਗੁਰੂ ਨਾਨਕ ਦੇ ਨਾਂ ਹੇਠ 'ਨਾਨਕ ਦਾਸ', 'ਨਾਨਕ ਜਨ' ਆਦਿ ਦੀ ਮੋਹਰ ਲਾ ਕੇ ਲਿਖੀ ਹੋਈ ਬਾਣੀ। ਅਜਿਹੀ ਰਚਨਾ ਵਿਚ ਵਾਰ ਪੀਰਾਂ ਕੀ, ਗਉੜੀ ਸੁਖਮਨਾ ਆਦਿ ਬਹੁਤ ਸਾਰੀਆਂ ਮਸਨੂਈ ਬਾਣੀਆਂ ਆਉਂਦੀਆਂ ਹਨ। ਇਹਨਾਂ ਤੋਂ ਬਿਨਾਂ ਕੱਕੜ ਵਿਚਾਰ, ਗਿਆਨ ਸੁਰੋਦਯ ਆਦਿ ਕੁਝ ਰਚਨਾਵਾਂ ਇਸ ਤੋਂ ਹੋਰ ਵੀ ਪਿਛਲੇਰੇ ਸਮੇਂ ਨਾਲ ਸੰਬੰਧ ਰੱਖਦੀਆਂ ਜਾਪਦੀਆਂ ਹਨ, ਪਰ ਉਹ ਰਚੀਆਂ ਕਿਸ ਕਵੀ ਨੇ ਅਤੇ ਗੁਰੂ ਨਾਨਕ ਦੇ ਨਾਮ ਨਾਲ ਕਿਵੇਂ ਜੋੜੀਆਂ ਗਈਆਂ, ਇਸ ਬਾਰੇ ਹੋਰ ਵੀ ਪਰਖ-ਪੜਚੋਲ ਦੀ ਲੋੜ ਹੈ।

ਪੁਸਤਕ ਪ੍ਰਾਣ ਸੰਗਲੀ, ਜੋ ਇਸ ਸੰਬੰਧ ਵਿਚ ਸਭ ਤੋਂ ਪੁਰਾਣੀ ਯੋਗ ਮਾਰਗ ਦੀ ਰਚਨਾ ਹੈ, ਆਕਾਰ ਪ੍ਰਕਾਰ ਦੇ ਪੱਖ ਤੋਂ 113 ਅਧਿਆਵਾਂ ਦੀ ਹੈ। ਇਸ ਪੁਸਤਕ ਦੇ ਦੋ ਭਾਗ ਕੀਤੇ ਜਾ ਸਕਦੇ ਹਨ : (1) ਨਿਰੋਲ ਯੋਗ ਦਰਸ਼ਨ ਨਾਲ ਸੰਬੰਧ ਵਾਲੇ ਅਧਿਆਇ ਜਿਹਨਾਂ ਵਿਚ ਸੁੰਨ ਮਹਲ ਦੀ ਕਥਾ, ਜੋਗ ਨਿਧਿ ਬਾਬੇ ਨਾਨਕ ਜੀ ਦੀ ਆਦਿ ਸ਼ਾਮਲ ਹਨ ਤੇ (2) ਵੈਦਯਕ ਚਿਕਿਤਸਾ ਸੰਬੰਧੀ ਰਚਨਾ, ਜੋ ਪ੍ਰਾਣ ਸੰਗਲੀ ਦੇ ਨਾਂ ਹੇਠ ਇਸ ਪੁਸਤਕ ਦਾ ਅੰਗ ਹੈ, ਪਰ ਉਸ ਵਿਚ ਔਸ਼ਧੀ ਵਿਗਿਆਨ ਤੋਂ ਸਿਵਾਇ ਹੋਰ ਕੁਝ ਨਹੀਂ ਹੈ।

ਪ੍ਰਾਣ ਸੰਗਲੀ ਦਾ ਮੁੱਢ, ਜਿਵੇਂ ਕਿ ਨਾਮ ਤੋਂ ਹੀ ਪ੍ਰਗਟ ਹੈ, ਅਸਲ ਵਿਚ ਯੋਗ ਦਰਸ਼ਨ ਨਾਲ ਸੰਬੰਧਿਤ ਪ੍ਰਾਣਾਯਾਮ ਤੋਂ ਤੁਰਦਾ ਹੈ। ਭਾਰਤੀ ਯੋਗ ਦਰਸ਼ਨ ਦੇ ਅੱਠ ਅੰਗ ਹਨ—ਯਮ, ਨਿਯਮ, ਆਸਨ, ਪ੍ਰਾਣਾਯਾਮ, ਪ੍ਰਤਯਾਹਾਰ, ਧਾਰਨਾ, ਧਯਾਨ ਅਤੇ ਸਮਾਧਿ। ਇਸੇ ਕਾਰਨ ਯੋਗ ਨੂੰ ਅਸ਼ਟਾਂਗ (ਅੱਠ ਅੰਗਾਂ ਵਾਲਾ) ਯੋਗ ਕਿਹਾ ਜਾਂਦਾ ਹੈ। ਵਜ੍ਰਯਾਨੀ (ਮਹਾਯਾਨ) ਸੰਪ੍ਰਦਾਇ ਦੇ ਯੋਗੀ, ਨਾਥ ਅਥਵਾ ਸਿੱਧ ਇਸੇ ਅਸ਼ਟਾਂਗ ਯੋਗ ਦੇ ਪੰਧਾਊ ਸਨ ਜਿਸ ਕਰਕੇ ਇਸ ਸੰਪ੍ਰਦਾਇ ਦੇ ਸਾਹਿਤ ਵਿਚੋਂ ਸਿਧ ਚੌਰੰਗੀ ਨਾਥ (ਪੂਰਨ ਭਗਤ) ਦੀ ਪ੍ਰਾਣ ਸਾਂਕਲੀ ਨਾਮੀ ਇਕ ਰਚਨਾ ਮਿਲਦੀ ਹੈ, ਜੋ ਪ੍ਰਾਣ ਸੰਗਲੀ ਦਾ ਹੀ ਪੂਰਬ ਰੂਪ ਕਹਿਣਾ ਯੋਗ ਹੈ। ਜਗਤ ਸੁਧਾਰ ਦੀ ਦਿਲੀ ਭਾਵਨਾ ਰੱਖਣ ਵਾਲੇ ਸ੍ਰੀ ਗੁਰੂ ਨਾਨਕ ਸਾਹਿਬ ਸਿੱਧ ਅਥਵਾ ਨਾਥ ਸੰਪ੍ਰਦਾਇ ਦੇ ਇਸ ਕ੍ਰਿਤਮ ਅਸ਼ਟਾਂਗ ਯੋਗ ਨੂੰ ਏਨੀ ਮਹੱਤਤਾ ਨਹੀਂ ਸਨ ਦਿੰਦੇ, ਜਿਸ ਕਰਕੇ ਉਹਨਾਂ ਨੇ ਆਪਣੀ ਬਾਣੀ ਸਿੱਧ ਗੋਸ਼ਟਿ ਆਦਿ ਵਿਚ ਇਸ ਦਾ ਖੰਡਨ ਕੀਤਾ ਹੈ ਤੇ ਜੋਗੀਆਂ ਨੂੰ ਇਹ ਫੋਕਟ ਕਰਮ ਤਿਆਗਣ ਦੀ ਪ੍ਰੇਰਣਾ ਦਿੱਤੀ ਹੈ। ਗ੍ਰਿਹਸਥੀ, ਕਰਮਯੋਗੀ ਅਥਵਾ ਸੰਸਾਰੀ ਬਣਨ ਦਾ ਉਪਦੇਸ਼ ਦਿੱਤਾ ਹੈ।

ਪੁਰਾਤਨ ਜਨਮ ਸਾਖੀ ਤੇ ਜਨਮ ਸਾਖੀ ਗੁਰੂ ਨਾਨਕ (ਭਾਈ ਪੈੜਾ ਮੋਖਾ) ਦੇ ਕਥਨ ਅਨੁਸਾਰ ਸ੍ਰੀ ਗੁਰੂ ਨਾਨਕ ਸਾਹਿਬ ਨੇ ਪ੍ਰਾਣ ਸੰਗਲੀ ਰਚ ਕੇ ਸੰਗਲਾਦੀਪ (ਲੰਕਾ) ਦੇ ਰਾਜਾ ਸ਼ਿਵਨਾਭ ਨੂੰ ਦਿੱਤੀ ਸੀ ਤੇ ਪਿਛੋਂ ਉਹ ਪ੍ਰਾਣ ਸੰਗਲੀ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੁਕਮ ਨਾਲ ਭਾਈ ਪੈੜਾ ਮੋਖਾ ਸੰਗਲਾਦੀਪ ਜਾ ਕੇ ਰਾਜਾ ਸ਼ਿਵਨਾਭ ਦੀ ਸੰਤਾਨ ਪਾਸੋਂ ਲਿਆਇਆ ਸੀ, ਪਰ ਜਿਵੇਂ ਸਿੱਖ ਇਤਿਹਾਸ ਵਿਚ ਲਿਖਿਆ ਹੈ, ਕਾਰਨ ਇਹ ਹੋਇਆ ਕਿ ਭਾਈ ਪੈੜੇ ਮੋਖੇ ਨੇ ਪ੍ਰਾਣ ਸੰਗਲੀ ਸੰਗਲਾਦੀਪ ਤੋਂ ਲਿਆ ਕੇ ਗੁਰੂ ਦਰਬਾਰ ਵਿਚ ਪੇਸ਼ ਕਰਨ ਦੀ ਥਾਵੇਂ ਆਪਣੇ ਕੋਲ ਹੀ ਲੁਕਾ ਕੇ ਰੱਖ ਛੱਡੀ। ਪਿਛੋਂ ਪਤਾ ਲੱਗਣ 'ਤੇ ਗੁਰੂ ਸਾਹਿਬ ਨੇ ਉਸ ਦਾ ਇਹ ਨੁਕਸ ਫੜ ਲਿਆ, ਪਰ ਪ੍ਰਾਣ ਸੰਗਲੀ ਦਾ ਖਰੜਾ ਗੁਰੂ ਨਾਨਕ ਦੀ ਪਵਿੱਤਰ ਬਾਣੀ ਨਾਲ ਕਿਸੇ ਵੀ ਪਹਿਲੂ ਤੋਂ ਮੇਲ ਨਾ ਖਾਂਦਾ ਹੋਣ ਕਰਕੇ ਪ੍ਰਵਾਨ ਨਾ ਕੀਤਾ ਤੇ ਫੜ ਕੇ ਸਰੋਵਰ ਵਿਚ ਸੁੱਟ ਦਿੱਤਾ। ਪਿਛੋਂ ਇਸੇ ਪ੍ਰਾਣ ਸੰਗਲੀ ਦੀਆਂ ਕਿਸੇ ਤਰ੍ਹਾਂ ਨਕਲਾਂ ਹੋਈਆਂ ਜਾਂ ਹੋਰ ਨਵੀਂ ਪ੍ਰਾਣ ਸੰਗਲੀ ਹੀ ਉਸ ਦੀ ਥਾਵੇਂ ਬਣ ਗਈ, ਇਸ ਬਾਰੇ ਤਾਂ ਕੁਝ ਕਿਹਾ ਨਹੀਂ ਜਾ ਸਕਦਾ, ਪਰ ਅੱਜ ਕਲ ਇਸੇ ਪ੍ਰਾਣੀ ਸੰਗਲੀ ਦੇ ਜੋ ਹੱਥ ਲਿਖਤ ਨੁਸਖੇ ਮਿਲਦੇ ਹਨ ਉਹ 40 ਜਾਂ 42 ਅਧਿਆਵਾਂ ਤੋਂ ਵੱਧ ਨਹੀਂ ਹਨ ਅਤੇ ਸੰਤ ਸੰਪੂਰਨ ਸਿੰਘ ਜੀ ਦੀ ਸੰਪਾਦਿਤ ਕਰਕੇ ਛਾਪੀ ਹੋਈ ਹਿੰਦੀ ਪ੍ਰਾਣ ਸੰਗਲੀ ਪੂਰੇ 80 ਅਧਿਆਵਾਂ ਦੀ ਪ੍ਰਾਪਤ ਹੁੰਦੀ ਹੈ। ਇਸ ਤੋਂ ਬਿਨਾਂ ਇਕ ਪ੍ਰਾਣ ਸੰਗਲੀ ਪੰਜਾਬੀ ਵਿਚ ਵੀ ਛਪ ਚੁੱਕੀ ਹੈ, ਪਰ ਉਹ ਹਿੰਦੀ ਪ੍ਰਾਣ ਸੰਗਲੀ ਦੇ ਮੁਕਾਬਲੇ ਤੇ ਬੜੀ ਛੋਟੀ ਤੇ ਅਸ਼ੁੱਧ ਹੈ। ਸਿੱਧ ਗੋਸ਼ਟਿ ਪ੍ਰਾਣ ਸੰਗਲੀ ਦੇ ਅਨੁਸਾਰ ਇਕ ਨਹੀਂ, ਸਗੋਂ ਦੋ ਹਨ (2) ਰਾਗ ਆਸਾ ਸਿੱਧ ਗੋਸ਼ਟਿ ਅਤੇ (2) ਰਾਗ ਰਾਮਕਲੀ ਜੋਗ ਮਾਰਗ ਸਿੱਧ ਗੋਸ਼ਟਿ। ਇਹਨਾਂ ਦੇ ਨਾਲ ਹੀ ਸੁੰਨ ਮਹਿਲ ਦੀ ਕਥਾ ਅਤੇ ਬਾਰਾਮਾਹਾਂ ਜੋਗ ਨਿਧਿ ਗੁਰੂ ਨਾਨਕ ਜੀ ਦੇ ਨਾਮ 'ਤੇ ਸਿੱਧਾਂ ਦੇ ਜੋਗ ਮਾਰਗ ਦੀਆਂ ਹੀ ਲਖਾਇਕ ਰਚਨਾਵਾਂ ਹਨ। ਇਥੇ ਸੁੰਨ ਮਹਿਲ ਦੀ ਕਥਾ ਵਿਚੋਂ ਨਮੂਨੇ ਵਜੋ ਇਕ ਉਦਾਹਰਨ ਹੈ :

ਸਲੋਕ
ਅਗਮ ਨਿਗਮ ਕੀ ਕਥਾ ਕੋ,
ਮੋਹਿ ਸੁਨਾਵੈ ਆਇ।
ਜਿਉ ਕੀਆ ਪ੍ਰਗਾਸ ਸੁੰਨ ਤੇ,
ਨਾਨਾ ਰੰਗ ਬਨਾਇ।
ਅਕਲ ਨਿਰੰਜਨ ਕਲਾ ਕਰਿ,
ਕੀਨਾ ਧਰਤੀ ਗਗਨ।
ਨਾਨਕ ਰੰਗ ਬਣਾਇ ਕੈ,
ਰਹਿਆ ਹੋਇ ਸੋ ਮਗਨ॥
ਪਉੜੀ
ਉਨਮਨਿ ਸੁੰਨ ਸੁੰਨ ਸਭ ਕਹੀਐ।
ਉਸਮਨਿ ਹਰਖ ਸੋਗ ਨਹਿ ਰਹੀਐ।
ਉਨਮਨਿ ਆਸ ਅੰਦਸਾਨ ਵਿਆਪੁਤ,
ਉਨਮਨਿ ਚਿਹਨ ਨਹੀਂ ਜਾਪਤੁ।
ਉਨਮਨਿ ਕਥਾ ਕੀਰਤਨੁ ਨਹੀਂ ਬਾਨੀ।
ਉਨਮਨਿ ਰਹਿ ਤਾਂ ਸੁੰਨਿ ਧਿਆਨੀ।
ਉਨਮਨਿ ਅਪਨਾ ਆਪੁ ਨਾ ਜਾਨਿਆ।
ਨਾਨਕ ਉਨਮਨਿ ਸਿਉ ਮਨ ਮਾਨਿਆ॥
(ਰਾਗ ਆਸਾ ਮਹਲਾ ੧)

ਇਸੇ ਤਰ੍ਹਾਂ 'ਬਾਰਾਮਾਹਾ ਜੋਗ ਨਿਧਿ ਬਾਬੇ ਨਾਨਕ ਜੀ ਕਾ' ਵਿਚ ਇਹਨਾਂ ਹੀ ਖਿਆਲਾਂ ਨੂੰ ਵਿਚਾਰਾਂ ਦੀ ਰੰਗਣ ਦੇ ਕੇ ਕੁਝ ਹੋਰ ਤਰੀਕੇ ਨਾਲ ਪੁਸ਼ਟ ਕੀਤਾ ਗਿਆ ਹੈ, ਜਿਵੇਂ ਕਿ ਲਿਖਿਆ ਹੈ :

ਚੇਤ ਨਾ ਚਿਤੋਂ ਵੀਸਰੇ,
ਸ਼ਬਦ ਸੁਰਤਿ ਗੁਰ ਗਿਆਨ।
ਦੂਜੇ ਭਾਇ ਨ ਠਾਗੀਏ,
ਗੁਰ ਮਿਲਿ ਪਾਇਆ ਦਾਨ।
ਗੰਗਾ ਜਮੁਨਾ ਸਰੁਸਤੀ,
ਸਦਾ ਤੀਰਥ ਇਸਨਾਨ।
ਬਾਰਹ ਸੋਲਹ ਸਮ ਕਰੈ,
ਤਾਂ ਸਸਿ ਘਰਿ ਆਵੈ ਭਾਨ॥
ਦੁਇ ਸਰ ਸਾਨੇ ਗਗਨ ਕਉ,
ਮਨ ਕਉ ਮਰਦੇ ਮਾਨ।
ਲਿਵ ਲਾਗੀ ਪ੍ਰਭੂ ਜਾਨਿਆ,
ਪ੍ਰਗਟਿਆ ਪਦ ਨਿਰਬਾਨ।
ਊਚੇ ਮਾਰਗ ਬਸਿ ਰਹੇ,
ਤਹਿ ਸਾਚਾ ਦੀਵਾਨ।
ਨਿਰਭਉ ਮਿਲਿ ਭਉ ਖੰਡਿਆ,
ਨਾਨਕ ਸਚੁ ਵਖਾਨ
ਚੇਤ ਸੁਹਾਵਾ ਤਿਨਾ ਕਉ,
ਜਿਨ ਮਿਲਿਆ ਪੁਰਖ ਸੁਜਾਨੁ॥

ਇਸ ਬਾਰਾਮਾਹੇ ਦਾ ਲਿਖਣ ਢੰਗ ਗੁਰੂ ਨਾਨਕ ਸਾਹਿਬ ਦੇ ਬਾਰਾਮਾਹਾ ਰਾਗ ਤੁਖਾਰੀ ਨਾਲ ਉੱਕਾ ਹੀ ਮੇਲ ਨਹੀਂ ਖਾਂਦਾ, ਕਿਉਂਕਿ ਇਹ ਜੋਗ ਨਿਧਿ ਬਾਰਾਮਾਹਾ ਹਿੰਦੀ ਪ੍ਰਧਾਨ ਹੈ ਤੇ ਉਹ ਬਾਰਾਮਾਹਾ ਰਾਗ ਤੁਖਾਰੀ ਇਥੋਂ ਦੀ ਮਾਤ-ਭਾਸ਼ਾ ਦਾ ਉੱਤਮ ਨਮੂਨਾ ਹੋਣ ਕਰਕੇ ਪੰਜਾਬੀ ਪ੍ਰਧਾਨ ਹੈ। ਬਸ, ਇਹੋ ਇਹਨਾਂ ਦੋਹਾਂ ਬਾਰਾਮਾਹਾ ਦਾ ਸਭ ਤੋਂ ਵੱਡਾ ਫ਼ਰਕ ਹੈ ਤੇ ਇਸ ਤੋਂ ਬਾਰਾਮਾਹਾ ਜੋਗ ਨਿਧਿ ਦੇ ਕਿਸੇ ਹੋਰ ਕਵੀ ਦੀ ਕਿਰਤ ਹੋਣ ਬਾਰੇ ਸ਼ੱਕ ਬਾਕੀ ਨਹੀਂ ਰਹਿ ਜਾਂਦਾ। ਸਿੱਧ ਗੋਸ਼ਟਿ ਬਾਰੇ ਕੁਝ ਹੋਰ ਵੇਰਵਾ ਜੋ ਪੜਚੋਲ ਦੇ ਪੱਖ ਤੋਂ ਖ਼ਾਸ ਤੌਰ 'ਤੇ ਵਿਚਾਰਨਯੋਗ ਹੈ। ਸਭ ਤੋਂ ਪਹਿਲਾਂ ਏਥੇ ਪ੍ਰਾਣ ਸੰਗਲੀ ਦੀ ਸਿੱਧ ਗੋਸ਼ਟਿ (ਰਾਗ ਆਸਾ ਮਹਲਾ ੧) ਦਾ ਪ੍ਰਨਾਮ ਦਿੱਤਾ ਜਾਂਦਾ ਹੈ ਜੋ ਇਹ ਹੈ :

ਜੋਗ ਜੁਗਤਿ ਕਉ ਚੀਨਤੇ,
ਤਿਨ ਕੇ ਲਛਣ ਕਉਣ ?
ਤਹਿ ਨਿੰਦ੍ਰਾ, ਖੁਸੀਆ ਤਜਹਿ,
ਸੁਖ ਸੋਭਾ ਨਿਸਿ ਸਉਣ।
ਚਹੁੰ ਕਾ ਸੰਗੀ ਚਹੁੰ ਮਿਲੇ,
ਚਾਰੇ ਰਾਖੇ ਚੀਤਿ।
ਕਦੇ ਨਾ ਡੋਲੇ ਨਾਨਕਾ,
ਜੇ ਚਹੁੰ ਸੰਗਿ ਹੋਵਸੁ ਪ੍ਰੀਤਿ।

ਯੋਗ ਦੇ ਸਿਧਾਂਤ ਨੂੰ ਦੂਜੀ ਸਿੱਧ ਗੋਸ਼ਟਿ ਵਿਚ, ਜੋ ਜੋਗ ਮਾਰਗ ਦੇ ਨਾਂ ਨਾਲ ਪ੍ਰਸਿੱਧ ਹੈ, ਇਹਨਾਂ ਸ਼ਬਦਾਂ ਵਿਚ ਪੇਸ਼ ਕੀਤਾ ਹੈ :

ਸੁਣਹੋ ਜੋਗੀ। ਜੋਗੀ ਕੀ ਚਾਲਾ।
ਗੁਰਮੁਖਿ ਜੋਗ ਕਮਾਵਹੁ ਜੋਗੀ;
ਜਿਉਂ ਜਲ ਭੀਤਰਿ
ਕਵਲ ਨਿਰਾਲਾ॥ ਰਹਾਉ॥
ਆਸਣ ਹੋਇ ਨਿਰਾਲਮ ਰਹੇ।
ਪੰਜ ਤਤੁ ਕਾਇਆ ਮਹਿ ਦਹੇ।
ਅਰਚੇ ਕੇ ਘਰਿ ਪਰਚੇ ਜਾਇ।
ਤਿਕੁਟੀ ਫੂਟੀ ਸੁੰਨਿ ਸਮਾਇ।
ਸਸੀਅਰ ਫੂਟਾ ਕਮਲ ਵਿਗਾਸੁ।
ਤ੍ਰਿਕੁਟੀ ਨਿਜ ਘਰਿ ਵਾਸੁ।
ਨਾਭਿ ਪਵਲ ਤਵਨ ਆਰੰਭੁ।
ਮੂਲ ਪਵਨੁ ਨਾਭਿ ਅਸਥੰਭ।
ਪੰਚ ਤਤੁ ਕਰਿ ਕੀਐ ਵਿਡਾਣੁ।
ਜੋਤਿ ਜਗਾਇਕ ਪਤਿ ਮਤਿ ਦਾਨੁ।
ਘਟ ਮਤ ਪਾਏ ਦੇਹ ਸਵਾਰੀ।
ਸਚੀ ਜੋਤੀ ਤ੍ਰਿਭਵਣ ਪ੍ਰਭਿ ਸਾਰੀ॥
(ਰਾਗ ਰਾਮਕਲੀ, ਸਿਧ ਗੋਸ਼ਟ ਜੋਗ ਮਾਰਗ ਮਹਲਾ ੧)

ਇਹਨਾਂ ਦੋਹਾਂ ਸਿੱਧ ਗੋਸ਼ਟਾਂ ਦੇ ਮੁਕਾਬਲੇ ਤੇ ਗੁਰੂ ਗ੍ਰੰਥ ਸਾਹਿਬ ਵਿਚੋਂ ਰਾਗ ਰਾਮਕਲੀ ਦੀ ਸਿੱਧ ਗੋਸ਼ਟਿ, ਜਿਸ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਅਸਲੀ ਬਾਣੀ ਹੋਣ ਦਾ ਮਾਣ ਪ੍ਰਾਪਤ ਹੈ, ਬਿਲਕੁਲ ਨਿਆਰੀ ਤੇ ਸ਼ੈਲੀ ਦੇ ਨੁਕਤਾ ਨਿਗਾਹ ਤੋਂ ਅਛੋਹ ਹੈ। ਉਸ ਵਿਚੋਂ ਇਹਨਾਂ ਯੋਗ-ਸਿਧਾਂਤਾਂ ਦੀ ਝਲਕ ਇਸ ਤਰ੍ਹਾਂ ਪੈਂਦੀ ਹੈ :

ਤ੍ਰੈ ਸਤ ਅੰਗੁਲ ਵਾਈ ਅਉਧੂ
ਸੁੰਨ ਸਚੁ ਆਹਾਰੋ॥
ਗੁਰਮੁਖਿ ਬੋਲੈ ਤਤੁ ਬਿਰੋਲੈ
ਚੀਨੈ ਅਲਖ ਅਪਾਰੋ॥
ਤ੍ਰੈ ਗੁਣ ਮੇਟੈ ਸਬਦੁ ਵਸਾਏ ਤਾ
ਮਨਿ ਚੂਕੈ ਅਹੰਕਾਰੋ॥
ਅੰਤਰਿ ਬਾਹਰਿ ਏਕੋ ਜਾਣੈ ਤਾ
ਹਰਿ ਨਾਮਿ ਲਗੈ ਪਿਆਰੋ॥
ਸੁਖਮਨਾ ਇੜਾ ਪਿੰਗੁਲਾ ਬੂਝੈ ਜਾ
ਆਪੇ ਅਲਖੁ ਲਖਾਏ॥
ਨਾਨਕ ਤਿਹੁ ਤੇ ਊਪਰਿ
ਸਾਚਾ ਸਤਿਗੁਰ ਸਬਦਿ ਸਮਾਏ॥
(ਗੁਰੂ ਗ੍ਰੰਥ ਸਾਹਿਬ, ਅੰਗ 944)

ਗੁਰੂ ਨਾਨਕ ਕਿਰਤ ਸਿੱਧ ਗੋਸ਼ਟਿ ਦੀ ਪ੍ਰਸ਼ਨੋਤਰੀ ਵਿਚ ਕਈ ਮਨੋਵਿਗਿਆਨਕ ਪ੍ਰਸ਼ਨ-ਉੱਤਰ ਵੀ ਹਨ, ਜਿਵੇਂ :

ਇਹੁ ਮਨੁ ਮੈਗਲੁ ਕਹਾ ਬਸੀਅਲੇ
ਕਹਾ ਬਸੈ ਇਹੁ ਪਵਨਾ॥

ਇਸ ਦਾ ਉੱਤਰ ਇਸ ਤਰ੍ਹਾਂ ਹੈ :

ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ
ਗੁਰਮੁਖਿ ਮੂਲੁ ਪਛਾਣਿ ਰਹੈ॥
ਨਾਭਿ ਪਵਨੁ ਘਰਿ ਆਸਣਿ ਬੈਸੈ
ਗੁਰਮੁਖਿ ਖੋਜਤ ਤਤੁ ਲਹੈ॥
ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ
ਤ੍ਰਿਭਵਣ ਜੋਤਿ ਸੁ ਸਬਦਿ ਲਹੈ ॥
(ਰਾਗ ਰਾਮਕਲੀ, ਸਿੱਧ ਗੋਸ਼ਟਿ, ਮਹਲਾ ੧) ਗੁਰੂ ਗ੍ਰੰਥ ਸਾਹਿਬ, ਅੰਗ 945)

ਇਹੋ ਜਿਹੀ ਪ੍ਰਸ਼ਨੋਤਰੀ ਸਿੱਖ=ਸਾਹਿਤ ਵਿਚ ਭਾਵੇਂ ਹੋਰ ਵੀ ਕਈ ਥਾਈਂ ਆਉਂਦੀ ਹੈ, ਪਰ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਧ ਗੋਸ਼ਟਿ ਵਿਚ ਇਹਨਾਂ ਪ੍ਰਸਨਾਂ-ਉੱਤਰਾਂ ਦੀ ਬਹੁਤਾਤ ਹੈ। ਗੁਰੂ ਨਾਨਕ ਸਾਹਿਬ ਦੇ ਨਾਂ ਤੇ ਰਚੀਆਂ ਗਈਆਂ ਕੱਚੀ ਬਾਣੀਆਂ ਵਿਚੋਂ ਉਪਰੋਕਤ ਦੋਹਾਂ ਹੀ ਸਿੱਧ ਗੋਸ਼ਟਾਂ ਵਿਚ ਗੁਰਬਾਣੀ ਦੀ ਰੀਸੋ ਰੀਸ ਇਹ ਪ੍ਰਸ਼ਨੋਤਰੀਆਂ ਆ ਗਈਆਂ ਹਨ :

(ੳ) 'ਕਵਲ ਅੰਚਲਾ, ਕਵਲ ਟੋਪੀ ? ਕਵਣ ਆੜਬੰਦ, ਸੀਲ ਲੰਗੋਟੀ ?
ਕਵਣ ਧੂੰਈ ਕਵਣ ਬੈਸੰਤਰ ? ਕਵਣ ਵਸਤੁ ਲੇ ਰਾਖਉ ਅੰਤਰਿ ?
'ਸਚੁ ਅੰਚਲਾ, ਹਰਿਸਿਮਰਨ ਟੋਪੀ। ਜਤੁ ਆੜਬੰਦ, ਸੀਲ ਲੰਗੋਟੀ।
ਕ੍ਰੋਧ ਧੂਈ ਹਰਿ ਸਿਮਰਣੁ ਅਸਥਿਰੁ। ਸੁਣਹੋ ਨਾਨਕ ਬੋਲੈ ਭਰਥਰਿ॥
(ਰਾਗ ਆਸਾ, ਸਿਧ ਗੋਸ਼ਟਿ, ਮਹਲਾ ੧)

(ੳ) 'ਕਵਨੁ ਰੂਪੁ, ਕਵਨ ਬਿਸਥਾਰੁ ? ਕਵਨੁ ਆਰੰਭ, ਕਵਨੁ ਆਕਾਰੁ ?
ਕਿਤੇ ਘਰਿ ਬਸੈ ਕਵਨੁ ਆਚਾਰੁ ?
ਕਵਨੁ ਸੁ ਰਾਜਾ, ਕਵਨੁ ਸੁ ਮਹਿਤਾ ? ਕਵਨੁ ਪੁਰਖ ਪੁਰਖ ਪਤਿ ਹੋਤਾ ?
ਕਵਨੁ ਸੁ ਬੋਲੈ ਕਵਨੁ ਸੁ ਪੇਖੈ ? ਕਵਨੁ ਸੁ ਜੋਤੀ ਨਿਰੰਜਕ ਦੇਖੈ ?
'ਸਚੁ ਰੂਪੁ ਪਵਨੁ ਵਿਸਥਾਰ। ਪਵਨੁ ਆਰੰਭ ਸ਼ਬਦੁ ਆਕਾਰੁ।
ਗੁਰਮਤਿ ਸਚੀ ਸਚੁ ਆਚਾਰੁ।
ਗੁਰਮੁਖਿ ਨਿਜ ਘਰਿ ਮਹਿਲ ਬੈਸੈ।
ਅਮਰੁ ਭਯਾ ਫਿਰਿ ਕਾਲੁ ਨ ਗ੍ਰਸੈ।
ਮਨ ਰਾਜਾ ਪਵਨਾ ਹੋਇ ਮਹਿਤਾ
ਨਿਰੰਜਨ ਪੁਰਖ ਪੁਰਖਿ ਪਤਿ ਹੋਤਾ।
(ਰਾਗ ਰਾਮਕਲੀ, ਸਿੱਧ ਗੋਸ਼ਟਿ, ਮਹਲਾ ੧)

ਇਹਨਾਂ ਸਿੱਧ ਗੋਸ਼ਟਾਂ ਤੋਂ ਪਿਛੋਂ 'ਪ੍ਰਾਣ ਸੰਗਲੀ' ਦੇ ਜੋਗ ਮਾਰਗ ਨਾਲ ਮੁਕਾਬਲਾ ਕਰਨ ਜੋਗ ਦੋ ਸੰਬੰਧਿਤ ਰਚਨਾਵਾਂ ਹੋਰ ਹਨ :

(1) ਰਾਗ ਰਾਮਕਲੀ ਵਡਾ ਓਅੰਕਾਰ ਅਤੇ
(2) ਰਾਗ ਗਉੜੀ ਪੂਰਬੀ ਬਾਵਨ ਅੱਖਰੀ।

ਇਹ ਦੋਵੇਂ ਰਚਨਾਵਾਂ ਜਿਥੇ ਤੱਕ ਮੈਂ ਇਹਨਾਂ ਦੀ ਲਿਖਤ ਨੂੰ ਵਾਚਿਆ ਹੈ, ਸੋਢੀ ਪ੍ਰਿਥੀ ਚੰਦ ਦੇ ਪੁੱਤਰ ਸੋਢੀ ਮਨੋਹਰ ਦਾਸ (ਮਿਹਰਵਾਨ) ਦੀਆਂ ਕਿਰਤਾਂ ਹਨ। ਕੇਵਲ ਇਹ ਦੋਵੇਂ ਬਾਣੀਆਂ ਨਹੀਂ, ਸੋਢੀ ਮਿਹਰਵਾਨ ਤੇ ਉਸ ਦੇ ਪੁੱਤਰ ਸੋਢੀ ਹਰਿ ਜੀ ਨੇ ਹੋਰ ਵੀ ਬਹੁਤ ਸਾਰੀਆਂ ਬਾਣੀਆਂ ਤੇ ਗੱਦ ਰਚਨਾਵਾਂ ਵਾਰ ਪੀਰਾਂ ਆਦਿ ਰਮਾਇਣ, ਵਾਰ ਸੋਰਠਿ ਕੀ, ਆਦਿ ਮਹਾਂਭਾਰਤ ਲਿਖੀਆਂ ਸਨ, ਜਿਨ੍ਹਾਂ ਵਿਚ ਛੇਕੜਲੀ ਤੁਕ ਦੇ ਅਤੇ ਹਰ ਥਾਵੇਂ 'ਨਾਨਕ', 'ਨਾਨਕ ਜਨ', 'ਨਾਨਕ ਦਾਸ' ਆਦਿ ਸ਼ਬਦ ਕਾਵਿ ਛਾਪ ਵਜੋਂ ਵਰਤੇ ਗਏ ਹਨ ਤਾਂ ਕਿ ਉਹਨਾਂ ਦੀ ਇਹ ਤੁਕ ਬੰਦੀ ਗੁਰੂ ਨਾਨਕ ਬਾਣੀ ਦਾ ਦਰਜਾ ਪ੍ਰਾਪਤ ਕਰਕੇ ਕਿਸੇ ਤਰ੍ਹਾਂ ਸਿੱਖਾਂ ਦੀਆਂ ਨਜ਼ਰਾਂ ਵਿਚ ਮਕਬੂਲ ਆਮ ਹੋ ਸਕੇ। ਇਹਨਾਂ ਰਚਨਾਵਾਂ ਵਿਚ ਸੋਢੀ ਮਿਹਰਵਾਨ ਹੋਰਾਂ ਕਈ ਥਾਵਾਂ ਤੇ ਮਹਲਾ ਨੂੰ ਤੇ ਕਈ ਥਾਵੇਂ ਮਹਲਾ 7 ਅਤੇ ਸੋਢੀ ਹਰਿ ਜੀ ਨੇ ਹਰ ਥਾਵੇਂ ਮਹਲਾ 8 ਵਰਤਿਆ ਹੈ, ਜਿਸ ਦਾ ਭਾਵ ਸਪੱਸ਼ਟ ਹੈ ਕਿ ਉਹ ਦੋਵੇਂ ਗੁਰੂ ਨਾਨਕ ਤੋਂ ਬਾਅਦ ਕ੍ਰਮ ਅਨੁਸਾਰ 7ਵੇਂ ਤੇ 8ਵੇਂ ਗੱਦੀ ਨਸ਼ੀਨ (ਗੁਰੂ) ਸਨ, ਜਿਵੇਂ ਕਿ ਦੱਖਣੀ ਓਅੰਕਾਰ ਦਾ ਆਰੰਭ ਇਸ ਤਰ੍ਹਾਂ ਹੁੰਦਾ ਹੈ :

ੴ ਸ੍ਰੀ ਸਤਿਗੁਰ ਪ੍ਰਸਾਦਿ
ਰਾਗ ਰਾਮਕਲੀ ਓਅੰਕਾਰ ਵਡਾ ਮਹਲਾ ੧
ਓਅੰਕਾਰ ਨਿਰਮਲ ਸਤਿ ਬਾਣੀ।
ਤਾ ਤੇ ਹੋਈ ਸਗਲੀ ਖਾਣੀ।
ਖਾਣਿ ਖਾਣਿ ਮਹਿ ਬਹੁ ਬਿਸਥਾਰ।
ਆਪੇ ਜਾਣੈ ਸਿਰਜਣਹਾਰ।
ਸਿਰਜਣਹਾਰ ਕੈ ਕੇਤੇ ਭੇਖ।
ਭੇਖ ਭੇਖ ਸਹਿ ਰਹੈ ਅਲੇਖ।
ਏ ਕੈ ਨਾਮੁ ਜਪਹੁ ਮਲ ਮਾਲਾ।
'ਨਾਨਕ' ਸਿਮਰਹੁ ਗੁਰ ਗੋਪਾਲਾ॥
ਓਅੰਕਾਰ ਹੋਇਆ ਪ੍ਰਗਾਸ।
ਸਾਜੇ ਧਰਤਿ ਧਵਲ ਆਕਾਸ਼।
ਸਾਜੇ ਮੇਰੁ ਮੰਦਰ ਕਵਲਾਸ।
ਸਾਜੇ ਪਿੰਡ ਪ੍ਰੇਮਹਿ ਸਾਸ॥

ਤੇ ਅੰਤਲੇ ਸ਼ਬਦ ਇਸ ਪ੍ਰਕਾਰ ਦੇ ਹਨ :

ਸੀਤਲ ਸਦਾ ਅਡੋਲ ਅਥਾਹੁ।
ਗੁਰ ਮਿਲਿ ਮਨੂਆ ਬੇਪਰਵਾਹੁ।
ਗਇਆ ਬਿਲਾਇ ਦੂਸਰਾ ਭਾਉ।
ਸਭਨੀ ਮਹਲੀ ਏਕੋ ਰਾਉ।
ਵਹਦਤਿ ਕਸਰਿਤ ਏ ਕੈ ਰੰਗ।
ਜਿਉ ਜਾਲ ਤੇ ਜਾਲ ਉਮੰਗ ਤਰੰਗ॥
ਭਉ ਤਿਆਗ ਨਿਰਭਉ ਘਰਿ ਆਇਆ।
ਤਬ ਇਹ ਦਰਿਸਨ ਗੁਰਿ ਤੇ ਪਾਇਆ।
ਮਾਇਆ ਅਧੀਨ ਸੇਵਕ ਕਰਿ ਠਾਡੀ।
ਜਨ ਕਉ ਚਰਣ ਕਵਲ ਰੁਚਿ ਬਾਢੀ।
ਦਿਸ਼ਟਿ ਮਾਹਿ ਸਾਰਾ ਜਗ ਦੇਖੈ।
'ਨਾਨਕ' ਆਪਿ ਅਲੇਖ ਅਵਰ ਸਭਿ ਲੇਖੈ।

ਇਸ ਦੇ ਮੁਕਾਬਲੇ ਲਈ ਗੁਰੂ ਜੀ ਦਾ ਅਸਲੀ, ਬਾਣੀ ਰਾਗ ਰਾਮਕਲੀ ਦੱਖਣੀ ਦਾ ਓਅੰਕਾਰ ਮਹਲਾ ੧ ਦੇ ਪ੍ਰਮਾਣ ਲਓ। ਉਸ ਦਾ ਮੁੱਢਲਾ ਮਹਾਂਵਾਕ ਇਹ ਹੈ :

ੴ ਸਤਿਗੁਰ ਪ੍ਰਸਾਦਿ
ਰਾਗ ਰਾਮਕਲੀ ਦਖਣੀ ਓਅੰਕਾਰ ਮਹਲਾ ੧
ਸੁਣਿ ਪਾਡੇ ਕਿਆ ਲਿਖਹੁ ਜੰਜਾਲਾ॥
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ॥੧॥ ਰਹਾਉ॥

ਤੇ ਭੋਗ ਇਸ ਅਕਾਲੀ ਬਾਣੀ ਦਾ ਇਹਨਾਂ ਵਾਕਾਂ ਨਾਲ ਪੈਂਦਾ ਹੈ :

ਪਾਧਾ ਗੁਰਮੁਖਿ ਆਖੀਐ
ਚਾਟੜਿਆ ਮਤਿ ਦੇਇ॥
ਨਾਮ ਸਮਾਲਹੁ ਨਾਮ ਸੰਗਰਹੁ
ਲਾਹਾ ਜਗ ਮਹਿ ਲੇਇ॥
ਸਚੀ ਪਟੀ ਸਚੁ ਮਨਿ ਪੜੀਐ
ਸਬਦੁ ਸੁ ਸਾਰਿ॥
'ਨਾਨਕ' ਸੋ ਪੜਿਆ ਸੋ ਪੰਡਿਤ ਬੀਨਾ
ਜਿਸੁ ਰਾਮਨਾਮੁ ਗਲਿਹਾਰੁ॥

ਵੱਡੇ ਓਅੰਕਾਰ ਨਾਲੋਂ ਇਸ ਛੋਟੇ (ਦੱਖਣੀ) ਓਅੰਕਾਰ ਵਿਚ 33 ਪਉੜੀਆਂ ਘੱਟ ਹਨ ਪਰ ਆਤਮਿਕ ਭਾਵਾਂ ਦਾ ਵਹਾਉ, ਜੋ ਕਿਸੇ ਅਧਿਆਤਮਕ ਕਾਵਿ-ਰਚਨਾ ਦੀ ਜਿੰਦ-ਜਾਨ ਹੋਇਆ ਕਰਦਾ ਹੈ, ਉਪਰੋਕਤ ਵੱਡੇ ਓਅੰਕਾਰ ਨਾਲੋਂ ਕਈ ਗੁਣਾਂ ਵੱਧ ਹੈ।

ਗਉੜੀ ਪੂਰਬੀ ਬਾਵਨ ਅੱਖਰੀ ਮਹਲਾ ੧ ਵੀ, ਜਿਵੇਂ ਕਿ ਮੈਂ ਸਮਝਦਾ ਹਾਂ, ਸਿੱਧ ਗੋਸ਼ਟਿ ਤੇ ਦੱਖਣੀ ਓਅੰਕਾਰ ਵਾਂਗ ਹੀ ਰਾਗ ਗਉੜੀ ਬਾਵਨ ਅੱਖਰੀ ਮਹਲਾ ੫ ਦੇ ਮੁਕਾਬਲੇ ਤੇ ਸੋਢੀ ਮਿਹਰਵਾਨ ਜਾਂ ਹਰਿ ਜੀ ਵਲੋਂ ਲਿਖੀ ਗਈ ਇਕ ਕਾਵਿ-ਰਚਨਾ ਹੈ, ਠੀਕ ਉਸੇ ਤਰ੍ਹਾਂ ਦੀ ਕਾਵਿ-ਰਚਨਾ, ਜਿਸ ਤਰ੍ਹਾਂ ਕਿ ਬਾਰਾਂ ਮਾਹੇ, ਸੀਹਰਫ਼ੀਆਂ, ਪੈਂਤੀਸ ਅੱਖਰੀਆਂ, ਸਤਵਾਰੇ ਆਦਿ ਕਾਵਿ-ਰੂਪ ਮਿਲਦੇ ਹਨ। ਇਸ ਤਰ੍ਹਾਂ ਦੋ ਹੋਰ ਕਾਵਿ-ਰਚਨਾਵਾਂ 'ਸੋਰਠਿ ਦੀ ਵਾਰ' ਤੇ 'ਤਿਲੰਗ ਦੀ ਵਾਰ' ਮਿਲਦੀਆਂ ਹਨ। ਇਹਨਾਂ ਵਿਚੋਂ ਸੋਰਠਿ ਦੀ ਵਾਰ ਤਾਂ ਰਸਾਲਾ ਪੰਜਾਬੀ ਦੁਨੀਆਂ (ਪਟਿਆਲਾ) ਸਤੰਬਰ ਸੰਨ 1953 ਵਿਚ ਸੰਪਾਦਿਤ ਹੋ ਕੇ ਛਪ ਚੁੱਕੀ ਹੈ ਤੇ ਤਿਲੰਗ ਦੀ ਵਾਰ ਪ੍ਰਾਣ ਸੰਗਲੀ ਦਾ ਹੀ ਇਕ ਭਾਗ ਹੋਣ ਕਰਕੇ ਵੱਖਰੇ ਰੂਪ ਵਿਚ ਸ਼ਾਇਦ ਅਜੇ ਤੱਕ ਕਿਤੇ ਨਹੀਂ ਛਪੀ। ਇਸੇ ਤਰ੍ਹਾਂ ਸੋਢੀ ਹਰਿ ਜੀ ਵਲੋਂ ਗੁਰੂ ਨਾਨਕ ਸਾਹਿਬ ਦੇ ਨਾਂ ਹੇਠ ਆਸਾ ਦੀ ਵਾਰ ਵਿਚ ਵੀ ਕੁਝ ਨਵੇਂ ਵਾਧੇ ਕੀਤੇ ਹੋਏ ਮਿਲਦੇ ਹਨ।

(ਦੇਖੋ, ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਦੀ ਪੰਜਾਬੀ ਹੱਥ ਲਿਖਤ ਨੰ. 3512 ਪਤਰੇ 525-49)

ਵਾਰ-ਸਾਹਿਤ ਦੇ ਇਸ ਫ਼ਰਕ ਨੂੰ ਇਕ ਪਾਸੇ ਰੱਖ ਕੇ ਬਾਕੀ ਵਾਧੂ ਜਾਂ ਕੱਚੀ ਬਾਣੀ ਰੂਪ ਰਚਨਾਵਾਂ ਹਨ....ਕੱਕੜ ਵਿਚਾਰ, ਗਿਆਨ ਸੁਰੋਦੈ ਤੇ ਬਿਹੰਗਮ ਬਾਣੀ। ਇਹਨਾਂ ਵਿਚੋਂ ਕੱਕੜ ਵਿਚਾਰ ਤੇ ਗਿਆਨ ਸੁਰੋਦੈ ਦੋਵੇਂ ਸਾਧਾਰਨ ਰਚਨਾਵਾਂ ਹਨ। ਪਹਿਲੀ ਰਚਨਾ ਦਾ ਲੇਖਕ ਨਾਨਕ ਦਾਸ ਤਲਵੰਡੀ ਲਿਖਿਆ ਹੈ ਤੇ ਦੂਜੀ ਰਚਨਾ ਜੋ ਕੇਵਲ ਸੱਜੇ-ਖੱਬੇ ਸੁਰ ਦੀ ਵਿਚਾਰ ਨਾਲ ਸੰਬੰਧ ਰੱਖਦੀ ਹੈ, ਕਵੀ ਚਰਨ ਦਾਸ ਦੀ ਰਚਨਾ ਹੈ ਤੇ ਉਸੇ ਰਚਨਾ ਦੇ ਮੁੱਢ ਵਿਚ ਕਿਸੇ ਚਲਾਕ ਲਿਖਾਰੀ ਨੇ 'ਨਾਨਕ ਦਾਸ' ਨਾਂ ਤੇ 'ਰਾਗ ਰਾਮਕਲੀ ਮਹਲਾ ੧ ਗਿਆਨ ਸੁਰੋਦੈ। ਪੁਰਸੋਤਮ ਪਰਮਾਤਮਾ ਪੂਰਨ ਬਿਸਵੇ ਬੀਸ"—ਤੇ ਇਸ ਤੋਂ ਅੱਗੇ :

ਤਲਵੰਡੀ ਮੇਰਾ ਜਨਮ,
ਨਾਉ 'ਨਾਨਕ' ਬਖਾਨੋ।

**ਬਾਕੀ ਸਫ਼ਾ 36 'ਤੇ**

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਵਰਤਮਾਨ ਕਲਿਆਣਕਾਰੀ ਰਾਜ ਦੇ ਸੰਕਲਪ ਦੇ ਜਨਮਦਾਤਾ: ਸ੍ਰੀ ਗੁਰੂ ਨਾਨਕ ਦੇਵ ਜੀ

**ਉਜਾਗਰ ਸਿੰਘ**




ਸਿੱਖ ਸੰਗਤ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾਉਣ ਜਾ ਰਹੀ ਹੈ। ਜਦੋਂ ਵੀ ਸਿੱਖ ਸੰਗਤ ਦੇ ਦਿਮਾਗ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਖਿਆਲ ਆਉਂਦਾ ਹੈ ਤਾਂ ਉਹ ਸ਼ਾਂਤ ਚਿਤ ਹੋ ਜਾਂਦੀ ਹੈ। ਸਰਬੱਤ ਦਾ ਭਲਾ ਅਰਥਾਤ ਲੋਕਾਈ ਦੀ ਬਰਾਬਰਤਾ ਦਾ ਸੰਕਲਪ ਚਿਤਵਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਬਾਨੀ ਹਨ। ਸਿੱਖ ਧਰਮ ਸੰਸਾਰ ਦਾ ਸਭ ਤੋਂ ਨਵਾਂ ਅਤੇ ਆਧੁਨਿਕ ਧਰਮ ਹੈ, ਜਿਸਨੇ ਸ਼ਾਂਤੀ, ਸਦਭਾਵਨਾ ਅਤੇ ਸਰਬੱਤ ਦੇ ਭਲੇ ਦਾ ਸੰਦੇਸ਼ ਦਿੱਤਾ ਹੈ। ਸਰਬਤ ਦਾ ਭਲਾ ਲੋਕਾਈ ਦੇ ਕਿਸੇ ਇੱਕ ਵਰਗ ਲਈ ਨਹੀਂ, ਸਗੋਂ ਸਮੁੱਚੀ ਮਾਨਵਤਾ ਲਈ ਹੈ। ਕੁਝ ਲੋਕ ਇਸ ਨੂੰ ਪੰਥ ਨਾਲ ਜੋੜਕੇ ਵੇਖਦੇ ਹਨ। ਸਰਬਤ ਦਾ ਭਲਾ ਹੀ ਇੱਕ ਕਿਸਮ ਨਾਲ ਕਲਿਆਣਕਾਰੀ ਰਾਜ ਹੁੰਦਾ ਹੈ। ਕਲਿਆਣਕਾਰੀ ਰਾਜ ਉਸ ਨੂੰ ਕਹਿੰਦੇ ਹਨ ਜਿਸ ਵਿੱਚ ਪਰਜਾ ਨੂੰ ਖਾਣ-ਪੀਣ, ਰਹਿਣ-ਸਹਿਣ, ਲਿਖਣ, ਬੋਲਣ, ਸਮਾਜਿਕ, ਆਰਥਿਕ ਬਰਾਬਰੀ, ਇਨਸਾਫ ਦੇ ਬਰਾਬਰ ਮੌਕੇ ਮਿਲਦੇ ਹੋਣ ਅਤੇ ਜਾਤ-ਪਾਤ ਦਾ ਭੇਦ ਭਾਵ ਨਾ ਹੋਵੇ। ਭਾਵ ਸਾਰੀ ਲੋਕਾਈ ਨੂੰ ਬਰਾਬਰ ਸਹੂਲਤਾਂ ਮਿਲ ਰਹੀਆਂ ਹੋਣ। ਭਾਰਤ ਵਿੱਚ ਪਰਜਾ 14ਵੀਂ ਸਦੀ ਤੱਕ ਇਨ੍ਹਾਂ ਸਾਰੀਆਂ ਨਿਆਮਤਾਂ ਤੋਂ ਵਾਂਝੀ ਸੀ। ਭਾਰਤ ਨੂੰ ਭਾਵੇਂ ਅਜੇ ਵਿਕਸਤ ਜਾਂ ਵਿਕਾਸਸ਼ੀਲ ਦੇਸ਼ਾਂ ਵਿੱਚ ਗਿਣਿਆ ਜਾਂਦਾ ਹੈ ਪ੍ਰੰਤੂ ਭਾਰਤ ਅਜਿਹਾ ਦੇਸ਼ ਹੈ, ਜਿਸਨੇ ਸੰਸਾਰ ਨੂੰ ਮਨੁੱਖਤਾ ਦੇ ਹਿਤਾਂ ਦੀ ਰਾਖੀ ਕਰਨ ਵਿੱਚ ਅਗਵਾਈ ਦਿੱਤੀ ਹੈ। ਦੁਨੀਆਂ ਦੇ ਪਰਜਾਤੰਤਰਿਕ ਪ੍ਰਣਾਲੀ ਵਾਲੇ ਦੇਸ਼ਾਂ ਵਿੱਚ ਆਪੋ ਆਪਣੇ ਦੇਸ਼ ਨੂੰ ਬਿਹਤਰੀਨ, ਕਲਿਆਣਕਾਰੀ ਰਾਜ ਦਰਸਾਉਣ ਦੀ ਦੌੜ ਲੱਗੀ ਹੋਈ ਹੈ। ਸੰਸਾਰ ਵਿੱਚ ਇਹ ਸਰਵਪ੍ਰਵਾਨਿਤ ਹੈ ਕਿ ਉਸ ਦੇਸ ਦੀ ਰਾਜਨੀਤਕ ਪ੍ਰਸ਼ਾਸਨਿਕ ਪ੍ਰਣਾਲੀ ਚੰਗੀ ਹੈ, ਜਿਹੜੀ ਉੱਥੋਂ ਦੇ ਵਸਨੀਕਾਂ ਨੂੰ ਮਨੁੱਖੀ ਅਧਿਕਾਰਾਂ, ਨਿਆਏ, ਬਰਾਬਰਤਾ, ਸਮਾਜਿਕ, ਆਰਥਿਕ, ਰਾਜਨੀਤਕ, ਲਿਖਣ, ਬੋਲਣ ਅਤੇ ਸਭਿਆਚਾਰਕ ਆਜ਼ਾਦੀ ਦਿੰਦੀ ਹੈ।

ਆਮ ਤੌਰ 'ਤੇ ਸਰਸਰੀ ਨਜ਼ਰ ਮਾਰਿਆਂ ਇਹ ਸੁਣਿਆ ਜਾਂਦਾ ਹੈ ਕਿ ਅਮਰੀਕਾ, ਕੈਨੇਡਾ, ਇੰਗਲੈਂਡ, ਹਾਲੈਂਡ, ਸਵਿਟਜ਼ਰਲੈਂਡ, ਜਰਮਨ, ਆਸਟਰੇਲੀਆ, ਨਿਊਜ਼ੀਲੈਂਡ ਆਦਿ ਦੇਸ਼ ਆਪਣੇ ਨਾਗਰਿਕਾਂ ਦੇ ਹੱਕਾਂ ਦੀ ਰਾਖੀ ਕਰਦੇ ਹਨ ਅਤੇ ਉਨ੍ਹਾਂ ਨੂੰ ਸੁਚੱਜਾ ਜੀਵਨ ਜਿਓਣ ਲਈ ਬਿਹਤਰੀਨ ਸਹੂਲਤਾਂ ਦਿੰਦੇ ਹਨ। ਅਮਰੀਕਾ ਵਾਲੇ ਅਬਰਾਹਿਮ ਲਿੰਕਨ ਨੂੰ ਇਹ ਸਿਹਰਾ ਦਿੰਦੇ ਹਨ ਕਿਉਂਕਿ ਜਦੋਂ 1861 ਵਿੱਚ ਅਬਰਾਹਿਮ ਲਿੰਕਨ ਅਮਰੀਕਾ ਦਾ ਰਾਸ਼ਟਰਪਤੀ ਬਣਿਆ ਤਾਂ ਉਸਨੇ ਲੋਕਾਂ ਦੀ ਸਰਕਾਰ, ਲੋਕਾਂ ਲਈ ਸਰਕਾਰ ਅਤੇ ਲੋਕਾਂ ਵੱਲੋਂ ਬਣਾਈ ਸਰਕਾਰ ਦੀ ਪ੍ਰਣਾਲੀ ਨੂੰ ਮਾਨਤਾ ਦਿੱਤੀ। ਉਸਨੇ ਹੀ ਗੁਲਾਮ ਰੱਖਣ ਦੀ ਪ੍ਰਥਾ ਨੂੰ ਖ਼ਤਮ ਕੀਤਾ। ਇਸ ਤੋਂ ਪਹਿਲਾਂ ਬਹੁਤੇ ਦੇਸ਼ਾਂ ਵਿੱਚ ਗ਼ਰੀਬ ਲੋਕਾਂ ਨੂੰ ਗੁਲਾਮ ਬਣਾਕੇ ਰੱਖਿਆ ਜਾਂਦਾ ਸੀ। ਗ਼ਰੀਬਾਂ ਦੀ ਜ਼ਿੰਦਗੀ ਬਦ ਨਾਲੋਂ ਬਦਤਰ ਬਣੀ ਹੋਈ ਸੀ। ਰਾਜੇ ਮਹਾਰਾਜੇ ਮਨਮਾਨੀਆਂ ਕਰਦੇ ਸਨ। ਮਨੁੱਖ ਹੀ ਮਨੁੱਖ ਨਾਲ ਅਨਿਆਏ ਕਰ ਰਹੇ ਸਨ। ਅਮਰੀਕਨ ਕਹਿ ਰਹੇ ਹਨ ਕਿ ਅਬਰਾਹਿਮ ਲਿੰਕਨ ਨੇ ਕਲਿਆਣਕਾਰੀ ਰਾਜ ਦਾ ਸੁਪਨਾ ਲਿਆ ਸੀ। ਇਸ ਤੋਂ ਬਾਅਦ ਜਰਮਨ ਨੇ 1870 ਅਤੇ ਸਵਿਟਜ਼ਰਲੈਂਡ ਨੇ 1877 ਵਿੱਚ ਕਲਿਆਣਕਾਰੀ ਰਾਜ ਦੀ ਗੱਲ ਕੀਤੀ। ਉਸ ਤੋਂ ਬਾਅਦ ਤਾਂ ਹਰ ਦੇਸ਼ ਹੀ ਆਪਣੇ ਆਪ ਨੂੰ ਆਮ ਲੋਕਾਂ ਦੀਆਂ ਭਲਾਈ ਦੀਆਂ ਸਕੀਮਾਂ ਸ਼ੁਰੂ ਕਰਨ ਵਿੱਚ ਮੋਹਰੀ ਦੱਸਣ ਲੱਗ ਪਿਆ। ਸੰਸਾਰ ਵਿੱਚ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਦਰ੍ਹਵੀਂ ਸਦੀ ਦੇ ਅਖ਼ੀਰ ਵਿੱਚ ਹੀ ਕਲਿਆਣਕਾਰੀ ਰਾਜ ਦਾ ਸੰਕਲਪ ਦਿੱਤਾ ਸੀ, ਜਦੋਂ ਉਨ੍ਹਾਂ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਬਾਬਰ ਬਾਣੀ ਲਿਖਕੇ ਉਦੋਂ ਦੇ ਰਾਜ ਪ੍ਰਬੰਧ ਨੂੰ ਕਲਿਆਣਕਾਰੀ ਬਣਾਉਣ ਦਾ ਉਪਰਾਲਾ ਸ਼ੁਰੂ ਕੀਤਾ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ 1469 ਵਿੱਚ ਹੋਇਆ। ਸੁਰਤ ਸੰਭਾਲਣ ਤੋਂ ਥੋੜ੍ਹਾ ਸਮਾਂ ਬਾਅਦ ਹੀ ਉਨ੍ਹਾਂ ਆਪਣੀਆਂ ਕਲਿਆਣਕਾਰੀ ਰਾਜ ਸਥਾਪਤ ਕਰਨ ਦੀਆਂ ਭਾਵਨਾਵਾਂ ਨੂੰ ਪ੍ਰਗਟਾਉਣਾ ਸ਼ੁਰੂ ਕਰ ਦਿੱਤਾ। ਪ੍ਰੰਤੂ ਉਸ ਸਮੇਂ ਉਨ੍ਹਾਂ ਨੂੰ ਬੱਚਾ ਸਮਝਕੇ ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਨਾ ਪਾਈ ਗਈ। ਫਿਰ ਗੁਰੂ ਸਾਹਿਬ ਨੇ ਜਦੋਂ ਭੁੱਖੇ ਸਾਧੂਆਂ ਨੂੰ ਲੰਗਰ ਪ੍ਰਸ਼ਾਦਾ ਛਕਾ ਕੇ ਸੱਚਾ ਸੌਦਾ ਕਰਕੇ ਸਾਰਿਆਂ ਨੂੰ ਬਰਾਬਰ ਦੇ ਹੱਕਾਂ ਦਾ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਤਾਂ ਵੀ ਉਸ ਦੇ ਮਾਤਾ-ਪਿਤਾ ਉਨ੍ਹਾਂ ਨੂੰ ਸਮਝ ਨਾ ਸਕੇ। ਸਮਾਂ ਬੀਤਦਾ ਗਿਆ ਪ੍ਰੰਤੂ ਬਾਲ ਨਾਨਕ ਦਾ ਮਨ ਉਚਾਟ ਰਹਿਣ ਲੱਗ ਪਿਆ। ਉਹ ਸਾਰੇ ਸਮਾਜ ਵਿੱਚ ਇਕਸੁਰਤਾ ਚਾਹੁੰਦੇ ਸਨ। ਰਾਜੇ, ਮਹਾਰਾਜੇ ਮਨਮਾਨੀਆਂ ਕਰਦੇ ਸਨ ਤਾਂ ਬਾਲਪਨ ਹੋਰ ਉਦਾਸ ਹੋਣ ਲੱਗ ਪਿਆ। ਜਦੋਂ ਉਨ੍ਹਾਂ ਵਕਤ ਦੇ ਹਾਕਮਾਂ ਦੀ ਨੌਕਰੀ ਕਰਦਿਆਂ ਤੇਰਾ ਤੇਰਾ ਕਹਿਕੇ ਰਾਸ਼ਣ ਦੇ ਦਿੱਤਾ ਤਾਂ ਫਿਰ ਵੀ ਮਾਲਕਾਂ ਨੂੰ ਸਮਝ ਨਾ ਆਈ ਕਿ ਬਾਲ ਨਾਨਕ ਕੀ ਚਾਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਸਮੁੱਚੀ ਲੋਕਾਈ ਨੂੰ ਸਰਬਤ ਦੇ ਭਲੇ ਦਾ ਸੰਦੇਸ਼ ਦੇਣਾ ਚਾਹੁੰਦੇ ਸਨ, ਜੋ ਕਲਿਆਣਕਾਰੀ ਰਾਜ ਦਾ ਧੁਰਾ ਗਿਣਿਆ ਜਾ ਸਕਦਾ ਹੈ। ਗੁਰੂ ਸਾਹਿਬ ਨੇ ਅਜਿਹੀ ਸਥਿਤੀ ਵਿੱਚ ਗੁਰਬਾਣੀ ਲਿਖਣੀ ਸ਼ੁਰੂ ਕਰ ਦਿੱਤੀ ਜਿਸ ਵਿੱਚ ਲੋਕਾਈ ਨਾਲ ਹੋ ਰਹੇ ਅਨਿਆਏ ਦੇ ਦਰਦ ਦਾ ਪ੍ਰਗਟਾਵਾ ਹੁੰਦਾ ਸੀ। ਜਦੋਂ ਬਾਬਰ ਨੇ ਲੋਕਾਂ ਨਾਲ ਜ਼ਿਆਦਤੀਆਂ ਸ਼ੁਰੂ ਕਰ ਦਿੱਤੀਆਂ, ਧੱਕੇ ਨਾਲ ਲੋਕਾਂ ਤੋਂ ਰਕਮਾ ਵਸੂਲਣ ਲੱਗਾ ਤਾਂ ਸ੍ਰੀ ਗੁਰੂ ਨਾਨਕ ਦੇਵ ਨੇ ਬਾਬਰ ਦੇ ਜ਼ੁਲਮ ਵਿਰੁੱਧ ਆਵਾਜ਼ ਉਠਾਉਂਦਿਆਂ ਕਿਹਾ-

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ।
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।
ਏਤੀ ਮਾਰ ਪਈ ਕਰਲਾਣੇ ਤੈ ਕੀ ਦਰਦੁ ਨ ਆਇਆ।
ਪਾਪ ਕੀ ਜੰਞੁ ਲੈ ਕਾਬਲੋਂ ਧਾਇਆ ਜੋਰੀ ਮੰਗੈ ਦਾਨ ਵੇ ਲਾਲੋ।
ਸਰਮੁ ਧਰਮੁ ਦੁਇ ਛਪਿ ਖਲੋਏ, ਕੂੜੁ ਫਿਰੈ ਪਰਧਾਨੁ ਵੇ ਲਾਲੋ।

ਸ੍ਰੀ ਗੁਰੂ ਨਾਨਕ ਦੇਵ ਨੇ ਸਮੁੱਚੀ ਮਾਨਵਤਾ ਦੀ ਗੱਲ ਕੀਤੀ ਹੈ। ਉਨ੍ਹਾਂ ਬਾਬਰ ਵੱਲੋਂ ਪੂਰੇ ਹਿੰਦੁਸਤਾਨ ਨੂੰ ਡਰਾਉਣ ਬਾਰੇ ਲਿਖਿਆ ਹੈ। ਜੇਕਰ ਕਿਸੇ ਇੱਕ ਵਰਗ ਦੀ ਗੱਲ ਹੁੰਦੀ ਤਾਂ ਹਿੰਦੁਸਤਾਨ ਸ਼ਬਦ ਨਾ ਲਿਖਦੇ। ਉਹ ਕੌਮੀਅਤ ਦੀ ਗੱਲ ਕਰਦੇ ਹਨ। ਉਸ ਸਮੇਂ ਲੋਕ ਅਨਪੜ੍ਹ ਸਨ, ਗਿਆਨ ਦੀ ਘਾਟ ਸੀ। ਰਾਜੇ ਮਹਾਰਾਜਿਆਂ ਨੂੰ ਹੀ ਅੰਨਦਾਤੇ ਸਮਝਿਆ ਜਾਂਦਾ ਸੀ। ਉਚ ਨੀਚ, ਜ਼ਾਤ ਪਾਤ ਦਾ ਜ਼ੋਰ ਸੀ। ਗ਼ਰੀਬਾਂ ਨੂੰ ਬਰਾਬਰੀ ਦਾ ਅਧਿਕਾਰ ਨਹੀਂ ਸੀ ਸਗੋਂ ਅਮੀਰ ਲੋਕ ਉਨ੍ਹਾਂ ਤੋਂ ਬਗਾਰ ਕਰਵਾਉਂਦੇ ਸਨ। ਸਮੇਂ ਦੇ ਹੁਕਮਰਾਨ ਹੀ ਧਰਮ ਦੇ ਠੇਕੇਦਾਰ ਬਣੇ ਹੋਏ ਸਨ। ਧਰਮ ਹੀ ਜ਼ਾਤ ਪਾਤ ਦੇ ਭੇਦ ਭਾਵ ਪੈਦਾ ਕਰ ਰਿਹਾ ਸੀ। ਨੀਵੀਂਆਂ ਜ਼ਾਤਾਂ ਵਾਲਿਆਂ ਨੂੰ ਉੱਚੀਆਂ ਜ਼ਾਤਾਂ ਵਾਲਿਆਂ ਦੀ ਸੇਵਾ ਕਰਨ ਨੂੰ ਕਿਹਾ ਜਾਂਦਾ ਸੀ ਤਾਂ ਜੋ ਉਨ੍ਹਾਂ ਦਾ ਅਗਲਾ ਜਨਮ ਸਫਲ ਹੋ ਸਕੇ। ਲੋਕਾਂ ਨੂੰ ਵਹਿਮਾਂ ਭਰਮਾਂ ਵਿੱਚ ਉਲਝਾਕੇ ਦੇਵੀ ਦੇਵਤਿਆਂ ਦੀ ਪੂਜਾ ਕਰਨ ਲਈ ਕਿਹਾ ਜਾਂਦਾ ਸੀ। ਹਮਲਾਵਰਾਂ ਦੇ ਹਮਲਿਆਂ ਕਰਕੇ ਲੋਕਾਂ ਦਾ ਮਨੋਬਲ ਡਿਗਿਆ ਹੋਇਆ ਸੀ। ਲੋਕ ਰਾਜਿਆਂ, ਮਹਾਰਾਜਿਆਂ ਨੂੰ ਹੀ ਰੱਬ ਸਮਝਦੇ ਸਨ। ਇਸ ਸਮਾਜਿਕ ਬੁਰਾਈ ਦਾ ਖ਼ਾਤਮਾ ਕਰਨ ਦੇ ਇਰਾਦੇ ਨਾਲ ਹੀ ਗੁਰੂ ਨਾਨਕ ਦੇਵ ਜੀ ਨੇ ਕਰਮਕਾਂਡ ਦੇ ਵਿਰੁੱਧ ਆਵਾਜ਼ ਉਠਾਈ ਸੀ। ਉਨ੍ਹਾਂ ਰੱਬ ਇੱਕ ਹੈ ਦਾ ਸੰਦੇਸ਼ ਦਿੱਤਾ। ਵੱਖ-ਵੱਖ ਧਰਮਾਂ ਵਿੱਚ ਵੰਡੀ ਹੋਈ ਲੋਕਾਈ ਨੂੰ ਇੱਕ ਲੜੀ ਵਿੱਚ ਪ੍ਰੋਣ ਦੀ ਕੋਸ਼ਿਸ਼ ਕੀਤੀ। ਲੰਗਰ ਦੀ ਪ੍ਰਥਾ ਬਰਾਬਰਤਾ ਦਾ ਸੰਦੇਸ਼ ਦਿੰਦੀ ਹੈ।

ਜ਼ਾਤ ਪਾਤ ਦੇ ਖ਼ਾਤਮੇ ਲਈ ਉਹ ਮਰਦਾਨੇ ਨੂੰ ਹਰ ਸਮੇਂ ਆਪਣੇ ਨਾਲ ਰੱਖਦੇ ਸਨ ਤਾਂ ਜੋ ਲੋਕਾਂ ਨੂੰ ਅਮਲੀ ਤੌਰ ਉੱਤੇ ਦੱਸਿਆ ਜਾਵੇ ਕਿ ਸਾਰੇ ਇਨਸਾਨ ਬਰਾਬਰ ਹਨ। ਇੱਥੋਂ ਤੱਕ ਕਿ ਸੰਸਾਰ ਵਿੱਚ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤਰੀਆਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ। ਇਸਤਰੀ ਜ਼ਾਤੀ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਨੂੰ ਸਮਾਜ ਵਿੱਚ ਬਰਾਬਰ ਦਾ ਦਰਜਾ ਦਿਵਾਉਣ ਲਈ ਉਸਦੇ ਹੱਕ ਵਿੱਚ ਆਵਾਜ਼ ਬੁਲੰਦ ਕਰਦਿਆਂ ਲਿਖਿਆ-

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵਿਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।
ਸੋ ਕਿਉਂ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨੁ।

ਦੁੱਖ ਇਸ ਗੱਲ ਦਾ ਹੈ ਕਿ ਇਸਤਰੀਆਂ ਨੂੰ ਭਾਵੇਂ ਕੀਰਤਨ ਕਰਨ ਦੀ ਖੁੱਲ੍ਹ ਹੈ ਪ੍ਰੰਤੂ ਦਰਬਾਰ ਸਾਹਿਬ ਵਿੱਚ ਅਜੇ ਵੀ ਉਨ੍ਹਾਂ ਨੂੰ ਕੀਰਤਨ ਨਹੀਂ ਕਰਨ ਦਿੱਤਾ ਜਾਂਦਾ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੌਕੇ ਸਿੱਖ ਜਗਤ ਨੂੰ ਪ੍ਰਣ ਕਰਨਾ ਚਾਹੀਦਾ ਹੈ ਕਿ ਸਿੱਖ ਧਰਮ ਦੀ ਵਿਚਾਰਧਾਰਾ ਦੇ ਵਿਰੁੱਧ ਜਿਹੜੇ ਕਾਰਜ ਕਰ ਰਹੇ ਹਨ, ਉਨ੍ਹਾਂ ਤੋਂ ਛੁਟਕਾਰਾ ਪਾਇਆ ਜਾਵੇ। ਜ਼ਾਤ ਪਾਤ ਉੱਤੇ ਅਧਾਰਤ ਗੁਰੂ ਘਰ ਬਣਾਉਣ ਦੀ ਪਰੰਪਰਾ ਨੂੰ ਵੀ ਖ਼ਤਮ ਕਰਨਾ ਚਾਹੀਦਾ ਹੈ। ਸੰਸਾਰ ਦੇ ਕਈ ਦੇਸ਼ਾਂ ਵਿੱਚ ਅਜੇ ਤੱਕ ਵੀ ਇਸਤਰੀਆਂ ਨੂੰ ਪੂਰੀ ਆਜ਼ਾਦੀ ਨਹੀਂ। ਇਸਤਰੀਆਂ ਉੱਪਰ ਅਰਬ ਦੇਸ਼ਾਂ ਵਿੱਚ ਬਹੁਤ ਸਾਰੀਆਂ ਪਾਬੰਦੀਆਂ ਹਨ। ਬੁਰਕਾ ਪਾਉਣ ਦੀ ਪ੍ਰਥਾ ਇਸਤਰੀ ਦੀ ਗ਼ੁਲਾਮੀ ਦਾ ਪ੍ਰਤੀਕ ਹੈ। ਜਦੋਂ ਗ਼ਰੀਬ ਲੋਕਾਂ ਦੇ ਹੱਕਾਂ ਉੱਤੇ ਹਮਲੇ ਹੋ ਰਹੇ ਸਨ ਤਾਂ ਗੁਰੂ ਸਾਹਿਬ ਨੇ ਗ਼ਰੀਬਾਂ ਦੇ ਹੱਕ ਮਾਰਨ ਵਾਲਿਆਂ ਨੂੰ ਸਮਝਾਉਣ ਲਈ ਵੰਗਾਰਦਿਆਂ ਉਨ੍ਹਾਂ ਨੇ ਇਹ ਸ਼ਬਦ ਉਚਾਰਿਆ-

ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ।

ਉਸ ਸਮੇਂ ਦੇ ਰਾਜਿਆਂ ਦੀਆਂ ਜ਼ੋਰ ਜ਼ਬਰਦਸਤੀਆਂ ਅਤੇ ਲੋਕਾਂ ਨੂੰ ਇਨਸਾਫ਼ ਨਾ ਦੇਣ ਦੇ ਵਿਰੁੱਧ ਵੀ ਉਨ੍ਹਾਂ ਗੁਰਬਾਣੀ ਵਿੱਚ ਲਿਖਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਸੰਸਾਰ ਦੇ ਪਹਿਲੇ ਮਹਾਂਪੁਰਸ਼ ਹਨ, ਜਿਨ੍ਹਾਂ ਸਮਾਜਿਕ ਬਰਾਬਰਤਾ ਦਾ ਸੰਦੇਸ਼ ਦੇ ਕੇ ਲੋਕਾਂ ਵਿੱਚ ਜਾਗ੍ਰਿਤੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਸੰਵਾਦ ਦੀ ਪ੍ਰਥਾ ਉਨ੍ਹਾਂ ਸਿੱਧਾਂ ਨਾਲ ਗੋਸ਼ਟੀ ਕਰਕੇ ਸ਼ੁਰੂ ਕੀਤੀ, ਜਿਸਦਾ ਅਰਥ ਹੈ ਕਿ ਪਰਜਾਤੰਤਰ ਵਿੱਚ ਹਰ ਮਸਲੇ ਦਾ ਹਲ ਗੱਲਬਾਤ ਨਾਲ ਕੀਤਾ ਜਾ ਸਕਦਾ ਹੈ। ਮੱਕੇ ਜਾ ਕੇ ਉਨ੍ਹਾਂ ਮੌਲਵੀਆਂ ਨੂੰ ਦਲੀਲ ਨਾਲ ਸਮਝਾਇਆ ਕਿ ਪਰਮਾਤਮਾ ਹਰ ਥਾਂ ਹੈ। ਉਨ੍ਹਾਂ ਦੀ ਬਾਣੀ ਅਤੇ ਜੀਵਨ ਦੀਆਂ ਘਟਨਾਵਾਂ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਉਨ੍ਹਾਂ ਸਭ ਤੋਂ ਪਹਿਲਾਂ ਦੁਨੀਆਂ ਵਿੱਚ ਕਲਿਆਣਕਾਰੀ ਰਾਜ ਦਾ ਸੁਪਨਾ ਲਿਆ ਸੀ, ਜਿਹੜਾ ਬਾਅਦ ਵਿੱਚ ਜਾ ਕੇ ਸੰਪੂਰਨ ਹੋਇਆ। ਪ੍ਰੰਤੂ ਦੁੱਖ ਦੀ ਗੱਲ ਹੈ ਕਿ ਅਜੋਕੇ ਸਮੇਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੈਰੋਕਾਰ ਗੁਰੂ ਨਾਨਕ ਦੇਵ ਜੀ ਨੂੰ ਤਾਂ ਮੰਨਦੇ ਹਨ, ਮੱਥੇ ਰਗੜਦੇ ਹਨ ਪ੍ਰੰਤੂ ਗੁਰੂ ਸਾਹਿਬ ਦੀ ਵਿਚਾਰਧਾਰਾ ਨੂੰ ਨਹੀਂ ਮੰਨਦੇ। ਇਸ ਲਈ 550ਵੇਂ ਪ੍ਰਕਾਸ਼ ਪੁਰਬ ਦੇ ਮੌਕੇ ਉੱਤੇ ਸਮੁੱਚੇ ਗੁਰੂ ਨਾਨਕ ਦੇਵ ਜੀ ਦੇ ਅਨੁਆਈਆਂ ਨੂੰ ਪ੍ਰਣ ਕਰਨਾ ਚਾਹੀਦਾ ਹੈ ਕਿ ਉਹ ਉਨ੍ਹਾਂ ਦੀ ਵਿਚਾਰਧਾਰਾ ਉੱਤੇ ਪਹਿਰਾ ਦੇਣਗੇ ਅਤੇ ਕਰਮ ਕਾਂਡਾਂ ਵਿੱਚੋਂ ਬਾਹਰ ਆਉਣਗੇ।

ਗੁਰੂ ਸਾਹਿਬ ਨੇ ਉਸ ਸਮੇਂ ਆਪਣੀ ਬਾਣੀ ਵਿੱਚ ਵਾਤਾਵਰਨ ਨੂੰ ਸਾਫ ਸੁਥਰਾ ਰੱਖਣ ਦੀ ਪ੍ਰੇਰਨਾ ਦਿੱਤੀ। ਹਵਾ, ਧਰਤੀ ਅਤੇ ਪਾਣੀ ਦੀ ਮਹੱਤਤਾ ਦਰਸਾਉਣ ਲਈ ਗੁਰੂ, ਮਾਤਾ ਅਤੇ ਪਿਤਾ ਦਾ ਦਰਜਾ ਦਿੱਤਾ।

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫ਼ਲਸਫ਼ਾ ਅਤੇ ਅਸੀਂ

**-ਮਾਸਟਰ ਨਿਰਮਲ ਸਿੰਘ ਲਾਲੀ**

ਜਦੋਂ ਇਸ ਸ੍ਰਿਸ਼ਟੀ 'ਤੇ ਅਕਹਿ ਅਤੇ ਅਸਹਿ ਅੱਤਿਆਚਾਰਾਂ ਦੀ ਹਨੇਰੀ, ਝੂਠਪੁਣੇ ਅਤੇ ਮਨੁੱਖ ਅਗਿਆਨਤਾ, ਮੂਰਖਤਾ ਤੇ ਸੁਆਰਥ ਵਿਚ ਮਨੁੱਖੀ ਕਦਰਾਂ ਕੀਮਤਾਂ ਭੁੱਲ ਜਾਵੇ ਤਾਂ ਪ੍ਰਮਾਤਮਾ ਕੁਦਰਤ ਵਲੋਂ ਕਿਸੇ ਮਹਾਂਪੁਰਖ ਦਾ ਇਸ ਸ੍ਰਿਸ਼ਟੀ 'ਤੇ ਪ੍ਰਕਾਸ਼ ਹੁੰਦਾ ਹੈ। ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਅਜਿਹੇ ਸਮੇਂ ਹੀ ਹੋਇਆ ਜਦੋਂ ਸਮਾਜ ਦੇ ਹਰ ਖੇਤਰ ਵਿਚ ਭ੍ਰਿਸ਼ਟਾਚਾਰ, ਜਬਰ ਜ਼ੁਲਮ ਅਤੇ ਅਨ੍ਹਿਆਂ ਸਿਖ਼ਰਾਂ 'ਤੇ ਪਹੁੰਚ ਚੁੱਕਾ ਸੀ। ਇਸਤਰੀ ਜਾਤੀ ਦੀ ਬੜੀ ਭੈੜੀ ਦਸ਼ਾ ਨੂੰ ਦੇਖ ਕੇ ਹੀ ਉਨ੍ਹਾਂ ਨੇ ਫ਼ੁਰਮਾਇਆ ਸੀ :-

ਸੋ ਕਿਉਂ ਮੰਦਾ ਆਖੀਏ ਜਿਤ ਜੰਮਹਿ ਰਾਜਾਨ॥

ਸਾਰੀ ਲੋਕਾਈ ਵਹਿਮਾਂ-ਭਰਮਾਂ ਵਿਚ ਪਈ ਹੋਈ ਸੀ। ਸਾਰਾ ਸਮਾਜ ਜਾਤਾਂ ਪਾਤਾਂ ਵਿਚ ਵੰਡਿਆ ਹੋਇਆ ਸੀ। ਹਰ ਪਾਸੇ ਮਨੁੱਖ ਮਨੁੱਖ ਨਾਲ ਘ੍ਰਿਣਾ ਕਰਦਾ ਸੀ। ਨਿਰਧਨ ਅਤੇ ਕਮਜ਼ੋਰ, ਅਮੀਰ ਅਤੇ ਤਕੜੇ ਦੀ ਧੱਕੇਸ਼ਾਹੀ ਦੇ ਸ਼ਿਕਾਰ ਸਨ। ਸਮਾਜ ਦੀ ਰਾਜਨੀਤਕ ਦਸ਼ਾ ਵੀ ਬਹੁਤ ਭੈੜੀ ਸੀ। ਰਾਜੇ ਕਿਵੇਂ ਆਪਣੀ ਪਰਜਾ 'ਤੇ ਅੱਤਿਆਚਾਰ ਕਰਦੇ ਸਨ, ਭਾਵ ਲੋਕਾਂ ਨੂੰ ਇਨਸਾਫ਼ ਨਹੀਂ ਦਿੱਤਾ ਜਾਂਦਾ ਸੀ। ਇਸ ਦਸ਼ਾ ਨੂੰ ਦੇਖ ਕੇ ਹੀ ਭਗਤ ਕਬੀਰ ਜੀ ਨੇ ਫ਼ੁਰਮਾਇਆ ਸੀ :

ਅਵਲ ਅੱਲਾ ਨੂਰ ਉਪਾਇਆ ਕੁਦਰਤ ਦੇ ਸਭ ਬੰਦੇ,
ਏਕ ਨੂਰ ਸੇ ਸਭ ਜਗ ਉਪਜਿਆ ਕਉਨ ਭਲੇ ਕਉ ਮੰਦੇ।

ਗੁਰੂ ਨਾਨਕ ਦੇਵ ਜੀ ਸਿਰਫ਼ ਇਕ ਧਾਰਮਿਕ ਆਗੂ ਹੀ ਨਹੀਂ ਸਨ, ਉਹ ਇਕ ਕ੍ਰਾਂਤੀਕਾਰੀ ਵੀ ਸਨ। ਜਦੋਂ ਬਾਬਰ ਨੇ ਭਾਰਤ 'ਤੇ ਹਮਲਾ ਕੀਤਾ ਤਾਂ ਬਿਨਾਂ ਕਿਸੇ ਡਰ ਤੋਂ ਉਨ੍ਹਾਂ ਨੇ ਬਾਬਰ ਨੂੰ ਲਲਕਾਰਿਆ : ਰਾਜੇ ਸੀਂਹ ਮੁਕੱਦਮ ਕੁੱਤੇ। ਉਨ੍ਹਾਂ ਨੂੰ ਇਤਨਾ ਜ਼ੁਲਮ ਹੁੰਦੇ ਦੇਖ ਕੇ ਇਹ ਵੀ ਕਹਿਣਾ ਪਿਆ ਸੀ ਕਿ :

ਏਤੀ ਮਾਰ ਪਈ ਕੁਰਲਾਣੈ, ਤੈਂ ਕੀ ਦਰਦ ਨਾ ਆਇਆ।

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦੀ ਮਹਾਨਤਾ ਨੂੰ ਇਵੇਂ ਪ੍ਰਗਟ ਕੀਤਾ ਸੀ :-

ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ।
ਜਿਉ ਕਰ ਸੂਰਜ ਨਿਕਲਿਆ ਤਾਰੇ ਛੁਪੇ ਅੰਧੇਰ ਪਲੋਆ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਚਾਰਾਂ ਦਾ ਪਰਚਾਰ ਚਾਰ ਉਦਾਸੀਆਂ ਵਿਚ ਕੀਤਾ। ਉਨ੍ਹਾਂ ਨੇ ਲੋਕਾਂ ਨੂੰ ਵਹਿਮਾਂ ਭਰਮਾਂ ਵਿਚੋਂ ਕੱਢਿਆ। ਉਨ੍ਹਾਂ ਨੇ ਭ੍ਰਿਸ਼ਟ, ਪਾਖੰਡੀਆਂ ਦਾ ਸੁਧਾਰ ਕੀਤਾ। ਇਸ ਵਿਚ ਕੋਈ ਸ਼ੱਕ ਨਹੀਂ, ਇਨ੍ਹਾਂ ਸਿੱਖਿਆਵਾਂ, ਉਦੇਸ਼ਾਂ ਅਤੇ ਉਪਦੇਸ਼ਾਂ ਦਾ ਲੋਕਾਂ 'ਤੇ ਕਾਫ਼ੀ ਪ੍ਰਭਾਵ ਪਿਆ। ਉਨ੍ਹਾਂ ਨੇ ਸਿੱਖ ਧਰਮ ਦੀ ਨੀਂਹ ਰੱਖੀ ਅਤੇ ਇਸ ਧਰਮ ਦਾ ਮੁਢਲਾ ਸਿਧਾਂਤ ਇਹ ਸੀ ਕਿ ਕਿਰਤ ਕਰਨੀ, ਵੰਡ ਛਕਣਾ, ਨਾਮ ਜਪਣਾ। ਨਾਮ ਜਪਣ ਦੇ ਨਾਲ ਨਾਲ ਸ਼ੁਭ ਕਰਮ 'ਤੇ ਵੀ ਜ਼ੋਰ ਦਿੱਤਾ ਕਿਉਂਕਿ ਸ਼ੁਭ ਕਰਮ ਤੋਂ ਬਿਨਾਂ ਮਨੁੱਖ ਦੀ ਮੁਕਤੀ ਨਹੀਂ ਹੋ ਸਕਦੀ। ਉਨ੍ਹਾਂ ਨੇ ਉੱਚਾ ਅਤੇ ਸੁੱਚਾ ਕਿਰਦਾਰ ਰੱਖਣ ਦੀ ਸਿੱਖਿਆ ਦਿੱਤੀ ਜਿਵੇਂ ਉਨ੍ਹਾਂ ਨੇ ਫ਼ੁਰਮਾਇਆ :-

ਗਲੀ ਅਸੀਂ ਚੰਗੀਆਂ ਅਚਾਰੀਂ ਬੁਰੀਆਂ।

ਮਜ਼ਲੂਮ, ਨਿਰਧਨ, ਨਿਰਦੋਸ਼ ਦੀ ਸਹਾਇਤਾ ਕਰਨੀ ਮਨੁੱਖ ਦਾ ਪਹਿਲਾ ਨੈਤਿਕ ਫਰਜ਼ ਹੈ, ਦੀ ਸਿੱਖਿਆ ਦਿੱਤੀ। ਉਨ੍ਹਾਂ ਨੇ ਅਹੰਕਾਰ ਨੂੰ ਸਭ ਰੋਗਾਂ ਦਾ ਕਾਰਨ ਦੱਸਿਆ ਤੇ ਨਿਮਰਤਾ ਸਾਰੇ ਗੁਣਾਂ ਦਾ ਨਿਚੋੜ ਹੈ :

ਮਿਠਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤੱਤੁ।

ਉਨ੍ਹਾਂ ਨੇ ਕਿਰਤ ਕਰਕੇ ਜੀਵਨ ਗੁਜ਼ਾਰਨ ਦਾ ਉਪਦੇਸ਼ ਦਿੱਤਾ। ਕਿਸੇ ਨਾਲ ਛਲ ਫਰੇਬ ਕਰਕੇ ਕਮਾਏ ਧੰਨ ਦਾ ਖੰਡਨ ਕੀਤਾ। ਜਿਵੇਂ ਉਨ੍ਹਾਂ ਨੇ ਫ਼ੁਰਮਾਇਆ : ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਏ।

ਮਨੁੱਖ ਦੇ ਕਰਮ ਚੰਗੇ ਹੋਣੇ ਚਾਹੀਦੇ ਹਨ ਕਿਉਂਕਿ :

ਮੰਦੇ ਕੰਮੀ ਨਾਨਕਾ, ਜਦ ਕਦ ਮੰਦਾ ਹੋਇ।

ਬਾਕੀ ਸਫ਼ਾ 36 'ਤੇ

ਸਾਕਾ ਪੰਜਾ ਸਾਹਿਬ - 30 ਅਕਤੂਬਰ 1922

# ਸਾਕਾ ਪੰਜਾ ਸਾਹਿਬ ਦਾ ਅੱਖੀਂ ਡਿੱਠਾ ਹਾਲ

**- ਕੇ. ਐਸ. ਚੱਠਾ**



"ਮੈਨੂੰ ਰੇਲ ਗੱਡੀ ਨਾ ਰੋਕਣ ਦੇ ਹੁਕਮ ਸਨ ਤੇ ਰੇਲਗੱਡੀ ਪੂਰੀ ਰਫ਼ਤਾਰ 'ਤੇ ਆ ਰਹੀ ਸੀ ਪਰ ਜਦ ਜੇਲਗੱਡੀ ਪਰਤਾਪ ਸਿੰਘ ਨਾਲ ਟਕਰਾਈ ਤਾਂ ਮੈਨੂੰ ਜਾਪਿਆ ਜਿਵੇਂ ਇਹ ਇਕ ਵੱਡੇ ਪਰਬਤ ਨਾਲ ਟਕਰਾ ਗਈ ਹੋਵੇ ਤੇ ਮੇਰਾ ਹੱਥ ਆਪਣੇ ਆਪ ਸਪੀਡਰ 'ਤੇ ਚਲਾ ਗਿਆ ਤੇ ਰੇਲਗੱਡੀ ਰੁਕ ਗਈ। ਇੰਜਣ ਦੀ ਜਾਂਚ ਤੋਂ ਪਤਾ ਲੱਗਾ ਕਿ ਗੱਡੀ ਦੇ ਬਰੇਕ ਨਹੀਂ ਲਾਏ ਗਏ ਸਨ। ਇਕ ਕੋਈ ਅਦਿੱਖ ਸ਼ਕਤੀ ਸੀ ਜਿਸ ਨੇ ਗੱਡੀ ਰੋਕ ਦਿੱਤੀ।' ਡਰਾਈਵਰ ਨੂੰ ਉਸ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ। ਉਸ ਦੇ ਬਿਆਨ ਨੇ ਇਹ ਸਾਬਤ ਕਰ ਦਿੱਤਾ ਕਿ ਸਤਿਗੁਰ ਨੇ ਖ਼ੁਦ ਰੇਲਗੱਡੀ ਰੋਕੀ" – **ਗਿਆਨੀ ਹਰਭਜਨ ਸਿੰਘ**

ਭਾਈ ਕਰਮ ਸਿੰਘ ਜੀ ਅਤੇ ਭਾਈ ਪਰਤਾਪ ਸਿੰਘ ਜੀ ਪਹਿਲੇ ਦੋ ਸਿੰਘ ਸਨ, ਜੋ ਹਸਨ ਅਬਦਲ ਰੇਲਵੇ ਸਟੇਸ਼ਨ 'ਤੇ ਪੰਜਾ ਸਾਹਿਬ ਦੇ ਮੋਰਚੇ ਸਮੇਂ ਰੇਲਗੱਡੀ ਹੇਠ ਆ ਕੇ ਸ਼ਹੀਦ ਹੋਏ। ਬਾਕੀਆਂ ਨੂੰ ਕਾਫ਼ੀਆਂ ਸੱਟਾਂ ਲੱਗੀਆਂ ਸਨ। (**ਪੰਜਾ ਸਾਹਿਬ ਸਾਕਾ-ਇਕ ਚਸ਼ਮਦੀਦ ਦੀ ਜ਼ੁਬਾਨੀ**)

ਸਿੱਖ ਵਿਦਵਾਨ ਗਿਆਨੀ ਭਜਨ ਸਿੰਘ, ਪੰਜਾ ਸਾਹਿਬ ਸਾਕੇ ਦੇ ਸ਼ਹੀਦ ਭਾਈ ਪਰਤਾਪ ਸਿੰਘ ਦੀ ਧਰਮ ਪਤਨੀ ਬੀਬੀ ਹਰਨਾਮ ਕੌਰ ਜੀ ਕੋਲ ਗਏ ਅਤੇ ਉਨ੍ਹਾਂ ਨੂੰ ਇਸ ਮੋਰਚੇ ਬਾਰੇ ਇੰਟਰਵਿਊ ਕੀਤੀ। ਇਥੇ ਇਸ ਇੰਟਰਵਿਊ ਦੇ ਕੁਝ ਅੰਸ਼ ਪ੍ਰਕਾਸ਼ਤ ਕੀਤੇ ਜਾ ਰਹੇ ਹਨ।

**ਗਿਆਨੀ ਭਜਨ ਸਿੰਘ :** ਮਾਤਾ ਜੀ ! (ਸ਼ਹੀਦ ਭਾਈ ਪਰਤਾਪ ਸਿੰਘ ਦੀ ਧਰਮ ਪਤਨੀ) ਕੀ ਤੁਸੀਂ ਪੰਜਾ ਸਾਹਿਬ ਦੇ ਸਾਕੇ ਬਾਰੇ ਕੁਝ ਦੱਸ ਸਕੋਗੇ। ਮੈਂ ਵਿਸ਼ੇਸ਼ ਤੌਰ 'ਤੇ ਇਸ ਘਟਨਾ ਦੀ ਸਿੱਧੀ ਜਾਣਕਾਰੀ ਲੈਣ ਲਈ ਤੁਹਾਡੇ ਕੋਲ ਆਇਆ ਹਾਂ।

**ਬੀਬੀ ਹਰਨਾਮ ਕੌਰ :** ਮੈਂ ਤੁਹਾਨੂੰ ਉਸ ਮੰਦਭਾਗੇ ਦਿਨ ਵਾਪਰੀ ਘਟਨਾ ਬਾਰੇ ਕਿਉਂ ਨਹੀਂ ਦੱਸਾਂਗੀ। ਮੈਨੂੰ ਤਾਂ ਇਹ ਘਟਨਾ ਇਸ ਤਰ੍ਹਾਂ ਯਾਦ ਹੈ ਕਿ ਜਿਵੇਂ ਅਜੇ ਕੱਲ੍ਹ ਵਾਪਰੀ ਹੋਵੇ। ਮੈਂ ਉਨ੍ਹਾਂ ਲੋਕਾਂ ਵਿਚ ਸ਼ਾਮਲ ਸੀ, ਜੋ ਉਸ ਦਿਨ ਰੇਲ ਗੱਡੀ ਰੋਕਣ ਲਈ ਰੇਲ ਪਟੜੀ 'ਤੇ ਬੈਠੇ ਸਨ। ਮੈਂ ਆਪਣੇ ਪਤੀ (ਸ਼ਹੀਦ ਪਰਤਾਪ ਸਿੰਘ) ਦੇ ਪਿੱਛੇ ਬੈਠੀ ਸਾਂ। ਮੈਂ ਪੰਜਾ ਸਾਹਿਬ ਸਾਕੇ ਦੀ ਅਸਲ ਕਹਾਣੀ ਬਹੁਤ ਲੋਕਾਂ ਨੂੰ ਸੁਣਾ ਚੁੱਕੀ ਹਾਂ ਪਰ ਕਿਸੇ ਨੇ ਇਸ ਤਰ੍ਹਾਂ ਲਿਖਣ ਦੀ ਕੋਸ਼ਿਸ਼ ਨਹੀਂ ਕੀਤੀ, ਜੋ ਮੈਂ ਦੱਸਿਆ। ਮੈਨੂੰ ਇਹ ਜਾਣ ਕੇ ਖੁਸ਼ੀ ਹੋਈ ਹੈ ਕਿ ਤੁਸੀਂ ਇਸ ਘਟਨਾ ਬਾਰੇ ਜਾਣਕਾਰੀ ਲੈਣ ਲਈ ਵਿਸ਼ੇਸ਼ ਤੌਰ 'ਤੇ ਚੱਲ ਕੇ ਆਏ ਹੋ ਤੇ ਮੈਨੂੰ ਇਹ ਵੀ ਖੁਸ਼ੀ ਹੈ ਕਿ ਤੁਸੀਂ ਉਸੇ ਤਰ੍ਹਾਂ ਲਿਖੋਗੇ ਜਿਵੇਂ ਕਿ ਮੈਂ ਤੁਹਾਨੂੰ ਅਸਲ ਕਹਾਣੀ ਦੱਸਾਂਗੀ।

**ਗਿਆਨੀ ਭਜਨ ਸਿੰਘ :** ਇਹ ਘਟਨਾ ਕਿਵੇਂ ਵਾਪਰੀ ਮੈਨੂੰ ਸਾਰਾ ਕੁਝ ਦੱਸੋ। ਤੁਸੀਂ ਇਹ ਸਮਝੋ ਕਿ ਮੈਨੂੰ ਇਸ ਸਾਕੇ ਬਾਰੇ ਕੁਝ ਨਹੀਂ ਪਤਾ, ਤੁਸੀਂ ਜਿਵੇਂ ਕਿਸੇ ਨਵੇਂ ਬੰਦੇ ਨੂੰ ਇਹ ਕਹਾਣੀ ਦੱਸ ਰਹੇ ਹੋ।

**ਬੀਬੀ ਹਰਨਾਮ ਕੌਰ :** ਇਹ ਗੁਰੂ ਕੇ ਬਾਗ ਦੇ ਮੋਰਚੇ (1922) ਦਾ ਸਮਾਂ ਸੀ। ਪੁਲਿਸ ਨੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਗ੍ਰਿਫਤਾਰ ਕੀਤੇ ਸਿੰਘਾਂ ਨੂੰ ਰੇਲ ਗੱਡੀਆਂ ਵਿੱਚ ਅਟਕ ਅਤੇ ਕੈਮਲਪੁਰ ਦੀਆਂ ਜੇਲ੍ਹਾਂ ਵਿਚ ਲਿਜਾ ਰਹੀ ਸੀ। ਦੋ ਰੇਲ ਗੱਡੀਆਂ ਪੰਜਾ ਸਾਹਿਬ ਤੋਂ ਗੁਜ਼ਰ ਗਈਆਂ ਅਤੇ ਮੇਰੇ ਪਤੀ ਨੇ ਸਟੇਸ਼ਨ ਮਾਸਟਰ, ਜੋ ਕਿ ਹਿੰਦੂ ਸਨ, ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੇ ਸਿੱਖ ਮਰਜੀਵੜਿਆਂ ਦੀਆਂ ਰੇਲ ਗੱਡੀਆਂ ਬਾਰੇ ਸੰਗਤ ਨੂੰ ਕਿਉਂ ਨਹੀਂ ਦੱਸਿਆ, ਕਿਉਂਕਿ ਸੰਗਤ ਇਨ੍ਹਾਂ ਸਿੰਘਾਂ ਦੀ ਸੇਵਾ ਕਰਨੀ ਚਾਹੁੰਦੀ ਸੀ।

ਉਸ ਵਕਤ ਮੇਰੇ ਪਤੀ ਸ੍ਰੀ ਪੰਜਾ ਸਾਹਿਬ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਸਨ ਅਤੇ ਖਜ਼ਾਨਚੀ ਵਜੋਂ ਸੇਵਾ ਨਿਭਾਅ ਰਹੇ ਸਨ। ਇਸ ਤੋਂ ਪਹਿਲਾਂ ਉਹ ਜਨਰਲ ਸਕੱਤਰ ਰਹਿ ਚੁੱਕੇ ਸਨ। ਇਕ ਦਿਨ ਉਸ ਹਿੰਦੂ ਸਟੇਸ਼ਨ ਮਾਸਟਰ ਨੇ ਮੇਰੇ ਪਤੀ ਨੂੰ ਸੂਚਨਾ ਦਿੱਤੀ ਕਿ ਅਗਲੇ ਦਿਨ ਸਵੇਰੇ 8.00 ਵਜੇ ਸਿੱਖ ਕੈਦੀਆਂ ਦੀ ਰੇਲਗੱਡੀ ਪੰਜਾ ਸਾਹਿਬ ਰੇਲਵੇ ਸਟੇਸ਼ਨ 'ਤੇ ਪਹੁੰਚ ਰਹੀ ਹੈ। ਜਿਉਂ ਹੀ ਸੰਗਤ ਨੂੰ ਇਸ ਦਾ ਪਤਾ ਲੱਗਾ, ਉਨ੍ਹਾਂ ਨੇ ਸਿੰਘਾਂ ਲਈ ਲੰਗਰ ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਅਗਲੇ ਦਿਨ ਸਵੇਰੇ ਦੇ ਦੀਵਾਨ ਮਗਰੋਂ ਅਰਦਾਸ ਕੀਤੀ ਗਈ, ਹੇ ਸੱਚੇ ਪਾਤਸ਼ਾਹ ! ਅਸੀਂ ਤੁਹਾਡੇ ਸਿੰਘਾਂ ਲਈ ਪਰਸ਼ਾਦਾ ਤਿਆਰ ਕੀਤਾ ਹੈ। ਸਾਡੀ ਆਪਣੇ ਗੁਰਸਿੱਖ ਭਰਾਵਾਂ ਨੂੰ ਇਹ ਲੰਗਰ ਛਕਾਉਣ ਦੀ ਇੱਛਾ ਪੂਰੀ ਕਰੋ ਅਤੇ ਸਾਨੂੰ ਸ਼ਕਤੀ ਬਖਸ਼ੋ ਕਿ ਅਸੀਂ ਇਹ ਲੰਗਰ ਛਕਾ ਕੇ ਹੀ ਗੁਰਦੁਆਰਾ ਸਾਹਿਬ ਪਰਤੀਏ।

ਅਰਦਾਸ ਤੋਂ ਬਾਅਦ ਜਦ ਸੰਗਤ ਰੇਲਵੇ ਸਟੇਸ਼ਨ 'ਤੇ ਪਹੁੰਚੀ ਤਾਂ ਸਟੇਸ਼ਨ ਮਾਸਟਰ ਨੇ ਦੱਸਿਆ ਕਿ ਉਪਰੋਂ ਹੁਕਮ ਆਏ ਹਨ ਕਿ ਪੰਜਾ ਸਾਹਿਬ ਰੇਲਵੇ ਸਟੇਸ਼ਨ 'ਤੇ ਗੱਡੀ ਨਹੀਂ ਰੋਕੀ ਜਾਵੇਗੀ। ਸੰਗਤ ਵਿਚ ਉਦਾਸੀ ਤੇ ਗੁੱਸੇ ਦੀ ਲਹਿਰ ਦੌੜ ਗਈ। ਸੰਗਤ ਨੇ ਉਸੇ ਵਕਤ ਗੁਰਮਤਾ ਪਾਸ ਕੀਤਾ ਕਿ ਲੰਗਰ ਹਰ ਹਾਲਤ ਵਿਚ ਛਕਾਇਆ ਜਾਵੇਗਾ ਅਤੇ ਲੰਗਰ ਛਕਾਏ ਬਗੈਰ ਗੱਡੀ ਅੱਗੇ ਨਹੀਂ ਜਾਣ ਦੇਣਗੇ।

**ਗਿਆਨੀ ਭਜਨ ਸਿੰਘ :** ਕੁਲ ਸੰਗਤ ਕਿੰਨੀ ਕੁ ਸੀ ?

**ਬੀਬੀ ਹਰਨਾਮ ਕੌਰ :** ਕੋਈ 300 ਲੋਕ ਹੋਣਗੇ।

**ਗਿਆਨੀ ਭਜਨ ਸਿੰਘ :** ਫਿਰ ਕੀ ਹੋਇਆ ?

**ਬੀਬੀ ਹਰਨਾਮ ਕੌਰ :** ਜਦ ਗੱਡੀ ਰੇਲਵੇ ਸਟੇਸ਼ਨ ਦੇ ਨੇੜੇ ਆਈ ਸੰਗਤਾਂ ਰੇਲ ਪਟੜੀ 'ਤੇ ਗਈਆਂ। ਕੁਝ ਆਦਮੀ ਸਿਗਨਲ ਦੇ ਨੇੜੇ ਬੈਠ ਗਏ।

**ਗਿਆਨੀ ਭਜਨ ਸਿੰਘ :** ਕੀ ਰੇਲਗੱਡੀ ਨੇੜੇ ਆਉਂਦੀ ਵੇਖ ਕੇ ਕੋਈ ਦੌੜਿਆ ?

**ਬੀਬੀ ਹਰਨਾਮ ਕੌਰ :** ਭੱਜਣ ਦਾ ਕੋਈ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਸਾਰਿਆਂ ਨੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਹੋਇਆ ਸੀ। ਉਸ ਵਕਤ ਕਿਸੇ ਵੀ ਵਿਅਕਤੀ ਨੂੰ ਮੌਤ ਦਾ ਖੌਫ਼ ਨਹੀਂ ਸੀ। ਇਸ ਸ਼ੁਭ ਕਰਮ ਲਈ ਸਾਰੇ ਮਰ ਮਿਟਣ ਵਾਸਤੇ ਤਿਆਰ ਸਨ।

**ਗਿਆਨੀ ਭਜਨ ਸਿੰਘ :** ਫਿਰ ਕੀ ਹੋਇਆ ?

ਬੀਬੀ ਹਰਨਾਮ ਕੌਰ : ਰੇਲ ਗੱਡੀ ਆਈ। ਇਹ ਸੀਟੀਆਂ ਮਾਰਦੀ ਰਹੀ ਪਰ ਕੋਈ ਨਾ ਉਠਿਆ। ਸਭ ਤੋਂ ਅੱਗੇ ਮੇਰੇ ਪਤੀ (ਸ਼ਹੀਦ) ਪਰਤਾਪ ਸਿੰਘ ਜੀ ਬੈਠੇ ਸਨ। ਉਨ੍ਹਾਂ ਦੇ ਨਾਲ ਭਾਈ ਕਰਮ ਸਿੰਘ ਜੀ ਸਨ ਅਤੇ ਹੋਰ ਕਈ ਸਿੰਘ ਬੈਠੇ ਸਨ। ਰੇਲਗੱਡੀ ਮੇਰੇ ਪਤੀ ਵਿਚ ਟਕਰਾਈ ਅਤੇ ਉਨ੍ਹਾਂ ਨੂੰ ਸ਼ਹੀਦ ਕਰਕੇ ਅੱਗੇ ਲੰਘ ਗਈ। ਭਾਈ ਕਰਮ ਸਿੰਘ ਵੀ ਰੇਲ ਗੱਡੀ ਹੇਠ ਆ ਕੇ ਸ਼ਹੀਦ ਹੋ ਗਏ। ਹੋਰ ਕਈ ਸਿੰਘਾਂ ਨੂੰ ਰੇਲਗੱਡੀ ਦੇ ਬੰਪਰ ਨੇ ਪਰ੍ਹੇ ਵਗਾਹ ਮਾਰਿਆ। 6 ਹੋਰ ਸਿੰਘ ਗੱਡੀ ਦੇ ਪਹੀਆਂ ਹੇਠ ਆ ਕੇ ਜ਼ਖ਼ਮੀ ਹੋ ਗਏ। ਉਨ੍ਹਾਂ ਦੀਆਂ ਲੱਤਾਂ ਕੱਟੀਆਂ ਗਈਆਂ। ਮੈਨੂੰ ਵੀ ਕਾਫ਼ੀ ਸੱਟਾਂ ਲੱਗੀਆਂ ਅਤੇ ਮੈਂ ਕਈ ਮਹੀਨੇ ਹਸਪਤਾਲ ਵਿਚ ਦਾਖ਼ਲ ਰਹੀ।

**ਗਿਆਨੀ ਭਜਨ ਸਿੰਘ :** ਕੀ ਭਾਈ ਪਰਤਾਪ ਸਿੰਘ ਉਸੇ ਥਾਂ 'ਤੇ ਸ਼ਹੀਦ ਹੋਏ ਜਾਂ ਬਾਅਦ ਵਿਚ। ਸਾਰਾ ਕੁਝ ਦੱਸੋ ?

**ਬੀਬੀ ਹਰਨਾਮ ਕੌਰ :** ਉਨ੍ਹਾਂ ਦੀ ਸ਼ਹੀਦੀ ਉਸੇ ਵੇਲੇ ਨਹੀਂ ਸੀ ਹੋਈ। ਜਿਉਂ ਹੀ ਰੇਲਗੱਡੀ ਰੁਕੀ। ਸੰਗਤਾਂ ਰੇਲ ਗੱਡੀ ਹੇਠਾਂ ਆ ਕੇ ਕੁਚਲੇ ਗਏ ਸਿੰਘਾਂ ਨੂੰ ਵੇਖਣ ਲਈ ਅੱਗੇ ਵਧੀਆਂ, ਮੇਰੇ ਪਤੀ ਗੰਭੀਰ ਰੂਪ ਜ਼ਖ਼ਮੀ ਸਨ। ਉਨ੍ਹਾਂ ਨੇ ਸੰਗਤਾਂ ਨੂੰ ਕਿਹਾ ਕਿ ਪਹਿਲਾਂ ਗੁਰਸਿੱਖ ਕੈਦੀਆਂ ਨੂੰ ਲੰਗਰ ਛਕਾਓ ਫਿਰ ਸਾਡੀ ਸੰਭਾਲ ਕਰਨਾ। ਜੇ ਤੁਸੀਂ ਸਾਨੂੰ ਗੱਡੀ ਹੇਠੋਂ ਕੱਢ ਲਿਆ ਡਰਾਈਵਰ ਫਿਰ ਗੱਡੀ ਚਲਾ ਲਵੇਗਾ ਤੇ ਅਸੀਂ ਆਪਣੇ ਸਿੰਘਾਂ ਨੂੰ ਲੰਗਰ ਨਹੀਂ ਛਕਾ ਸਕਾਂਗੇ।

ਲੰਗਰ ਛਕਾਉਣ ਤੋਂ ਬਾਅਦ ਜ਼ਖ਼ਮੀ ਸਿੰਘਾਂ ਨੂੰ ਗੱਡੀ ਹੇਠੋਂ ਕੱਢਿਆ ਗਿਆ। ਭਾਈ ਕਰਮ ਸਿੰਘ ਕੁਝ ਘੰਟਿਆਂ ਬਾਅਦ ਸਵਾਸ ਛੱਡ ਗਏ ਅਤੇ ਮੇਰੇ ਪਤੀ ਨੇ ਅਗਲੇ ਦਿਨ ਸਵੇਰੇ ਅੰਮ੍ਰਿਤ ਵੇਲੇ ਸਰੀਰ ਛੱਡਿਆ।

**ਗਿਆਨੀ ਭਜਨ ਸਿੰਘ :** ਕਿਰਪਾ ਕਰਕੇ ਮੈਨੂੰ ਇਸ ਘਟਨਾ ਬਾਰੇ ਹੋਰ ਦੱਸੋ, ਜਦ ਤੁਹਾਡੇ ਪਤੀ ਰੇਲਗੱਡੀ ਹੇਠ ਆ ਕੇ ਜ਼ਖ਼ਮੀ ਹੋਏ ਅਤੇ ਉਨ੍ਹਾਂ ਨੇ ਅਗਲੇ ਦਿਨ ਸਵੇਰੇ ਸਵਾਸ ਤਿਆਗੇ, ਉਸ ਸਮੇਂ ਦੌਰਾਨ ਹੋਰ ਕੀ ਵਾਪਰਿਆ ?

**ਬੀਬੀ ਹਰਨਾਮ ਕੌਰ :** ਜਦ ਉਨ੍ਹਾਂ ਦੇ ਜ਼ਖ਼ਮੀ ਹੋਣ ਮਗਰੋਂ ਮੈਂ ਉਨ੍ਹਾਂ ਦੇ ਨੇੜੇ ਜਾਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਜੇ ਤੁਸੀਂ ਮੇਰੀ ਧਰਮ ਪਤਨੀ ਹੋ ਤਾਂ ਮੇਰੀ ਹਾਲਤ ਉਪਰ ਰੋਵੋ ਨਾ, ਸਗੋਂ ਖੁਸ਼ ਹੋਵੋ ਕਿ ਮੈਂ ਗੁਰਸਿੱਖੀ ਦੇ ਇਮਤਿਆਲ ਵਿਚੋਂ ਪਾਸ ਹੋ ਗਿਆ ਹਾਂ। ਉਨ੍ਹਾਂ ਦਾ ਜੁਬਾੜਾ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਸੀ। ਉਹ ਵਾਹਿਗੁਰੂ ਦਾ ਵੀ ਸ਼ੁਕਰਾਨਾ ਕਰ ਰਹੇ ਸਨ ਕਿ ਉਨ੍ਹਾਂ ਦੀ ਲੰਗਰ ਛਕਾਉਣ ਦੀ ਅਰਦਾਸ ਪੂਰੀ ਹੋ ਗਈ।

ਗਿਆਨੀ ਭਜਨ ਸਿੰਘ : ਉਨ੍ਹਾਂ ਦੀ ਜ਼ਿੰਦਗੀ ਬਾਰੇ ਹੋਰ ਵੀ ਕੁਝ ਦੱਸੋ। ਉਹ ਕਿੰਨੇ ਵਰ੍ਹਿਆਂ ਦੇ ਸਨ ?

**ਬੀਬੀ ਹਰਨਾਮ ਕੌਰ :** ਸ਼ਹੀਦੀ ਵੇਲੇ ਉਹ 24-25 ਸਾਲਾਂ ਦੇ ਹੋਣਗੇ। ਸਾਡੀ ਸ਼ਾਦੀ 4 ਸਾਲ ਪਹਿਲਾਂ ਹੋਈ ਸੀ। ਉਹ ਕੁਝ ਸਮਾਂ ਫੌਜ ਵਿਚ ਵੀ ਰਹੇ ਸਨ। ਉਨ੍ਹਾਂ ਨੂੰ ਕਾਲੀ ਪੱਗ ਬੰਨ੍ਹਣ ਕਰਕੇ ਫੌਜ ਛੱਡਣੀ ਪਈ ਸੀ। ਅਸੀਂ ਫਿਰ ਰਾਵਲਪਿੰਡੀ ਆ ਕੇ ਰਹਿਣਾ ਸ਼ੁਰੂ ਕਰ ਦਿੱਤਾ। ਪੰਜਾ ਸਾਹਿਬ ਗੁਰਦੁਆਰਾ ਮੁਕਤ ਕਰਾਉਣ ਵੇਲੇ ਉਹ ਜਥੇ ਵਿਚ ਸਭ ਤੋਂ ਅੱਗੇ ਸਨ। ਗੁਰਦੁਆਰਾ ਸਾਹਿਬ ਤੋਂ ਮਹੰਤ ਦਾ ਕਬਜ਼ਾ ਹਟਣ ਮਗਰੋਂ ਮੇਰੇ ਪਤੀ ਨੂੰ ਇਸ ਦਾ ਮੈਨੇਜਰ ਤੇ ਸਕੱਤਰ ਬਣਾਇਆ ਗਿਆ। ਉਨ੍ਹਾਂ ਨੇ ਬਿਨਾਂ ਕਿਸੇ ਤਨਖਾਹ ਜਾਂ ਸੇਵਾਫਲ ਦੇ ਨਿਸ਼ਕਾਮ ਸੇਵਾ ਕੀਤੀ। ਉਸ ਵਕਤ ਸਾਨੂੰ ਆਪਣੀਆਂ ਕਈ ਚੀਜ਼ਾਂ ਵੀ ਵੇਚਣੀਆਂ ਪਈਆਂ। ਸਾਡੇ ਕੋਲ ਕੋਈ ਪੈਸਾ ਨਹੀਂ ਸੀ। ਮੇਰੇ ਪਤੀ ਨੇ ਇਸ ਦੀ ਕੋਈ ਪਰਵਾਹ ਨਹੀਂ ਕੀਤੀ। ਜਦੋਂ ਉਹ ਸ਼ਹੀਦ ਹੋਏ, ਉਸ ਵਕਤ ਵੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਕੰਮ ਕਰਦੇ ਸਨ। ਉਨ੍ਹਾਂ ਦੇ ਸ਼ਹੀਦ ਹੋਣ ਤੋਂ ਪਹਿਲਾਂ ਸਾਡੇ ਘਰ ਇਕ ਪੁੱਤਰ ਪੈਦਾ ਹੋਇਆ, ਜੋ 2 ਸਾਲ ਦੀ ਉਮਰ ਵਿਚ ਸਵਰਗਵਾਸ ਹੋ ਗਿਆ। ਉਸ ਦੀ ਮੌਤ ਤੇ ਮੇਰੇ ਪਤੀ ਵਾਹਿਗੁਰੂ ਦੀ ਰਜ਼ਾ ਵਿਚ ਰਹੇ ਅਤੇ ਉਹ ਬਿਲਕੁਲ ਨਹੀਂ ਡੋਲੇ। ਆਪਣੇ ਪੁੱਤਰ ਦੇ ਅੰਤਮ ਸਸਕਾਰ ਸਮੇਂ ਉਨ੍ਹਾਂ ਨੇ ਉਸ ਦਾ ਬਬਾਨ ਕੱਢਿਆ ਅਤੇ ਉਸ ਦੀ ਅਰਥੀ ਸ਼ਮਸ਼ਾਨਘਾਟ ਤੱਕ ਲਿਜਾਣ ਸਮੇਂ ਬੈਂਡ ਪਾਰਟੀ ਬੁਲਾਈ ਗਈ। ਮੇਰੇ ਪਤੀ ਦੀ ਸ਼ਹੀਦੀ ਤੋਂ ਕੁਝ ਮਹੀਨਿਆਂ ਬਾਅਦ ਸਾਡੇ ਘਰ ਦੂਜਾ ਬੱਚਾ ਪੈਦਾ ਹੋਇਆ, ਜੋ ਬੇਟੀ ਸੀ। ਉਸ ਦਾ ਨਾਂ ਜੋਗਿੰਦਰ ਕੌਰ ਰੱਖਿਆ ਗਿਆ।

ਗਿਆਨੀ ਭਜਨ ਸਿੰਘ : ਕੀ ਤੁਹਾਨੂੰ ਪੰਜਾ ਸਾਹਿਬ ਦੇ ਸਾਕੇ ਨਾਲ ਸੰਬੰਧਤ ਕੋਈ ਘਟਨਾ ਯਾਦ ਹੈ ?

**ਬੀਬੀ ਹਰਨਾਮ ਕੌਰ :** ਰੇਲਗੱਡੀ ਦਾ ਡਰਾਈਵਰ ਪਾਕਿਸਤਾਨ ਦੇ ਗੁਜਰਾਤ ਸ਼ਹਿਰ ਦਾ ਅਰਾਈਂ ਮੁਸਲਮਾਨ ਸੀ। ਮੈਨੂੰ ਹੁਣ ਉਸ ਦਾ ਨਾਮ ਯਾਦ ਨਹੀਂ। ਇਕ ਰਿਟਾਇਰ ਜੱਜ ਵੱਲੋਂ ਉਸ ਦੀ ਜਾਂਚ ਕੀਤੀ ਗਈ ਕਿ ਉਸ ਨੇ ਰੇਲਗੱਡੀ ਕਿਉਂ ਰੋਕੀ ਜਦ ਅਜਿਹਾ ਨਾ ਕਰਨ ਦੇ ਹੁਕਮ ਸਨ। ਉਸ (ਡਰਾਈਵਰ) ਨੇ ਜੱਜਾਂ ਦੇ ਟ੍ਰਿਬਿਊਨਲ ਅੱਗੇ ਜੋ ਬਿਆਨ ਦਿੱਤਾ, ਉਹ ਇਤਿਹਾਸਕ ਤੌਰ 'ਤੇ ਬਹੁਤ ਮਹੱਤਤਾ ਰੱਖਦਾ ਹੈ।

'ਮੈਨੂੰ ਰੇਲ ਗੱਡੀ ਨਾ ਰੋਕਣ ਦੇ ਹੁਕਮ ਸਨ ਤੇ ਰੇਲਗੱਡੀ ਪੂਰੀ ਰਫ਼ਤਾਰ 'ਤੇ ਆ ਰਹੀ ਸੀ ਪਰ ਜਦ ਰੇਲ ਗੱਡੀ ਪਰਤਾਪ ਸਿੰਘ ਨਾਲ ਟਕਰਾਈ ਤਾਂ ਮੈਨੂੰ ਜਾਪਿਆ ਜਿਵੇਂ ਇਹ ਇਕ ਵੱਡੇ ਪਰਬਤ ਨਾਲ ਟਕਰਾ ਗਈ ਹੋਵੇ ਤੇ ਮੇਰਾ ਹੱਥ ਆਪਣੇ ਆਪ ਸਪੀਡਰ 'ਤੇ ਚਲਾ ਗਿਆ ਤੇ ਰੇਲਗੱਡੀ ਰੁਕ ਗਈ। ਇੰਜਣ ਦੀ ਜਾਂਚ ਤੋਂ ਪਤਾ ਲੱਗਾ ਕਿ ਗੱਡੀ ਦੇ ਬਰੇਕ ਨਹੀਂ ਲਾਏ ਗਏ ਸਨ। ਇਕ ਕੋਈ ਅਦਿੱਖ ਸ਼ਕਤੀ ਸੀ ਜਿਸ ਨੇ ਗੱਡੀ ਰੋਕ ਦਿੱਤੀ।' ਡਰਾਈਵਰ ਨੂੰ ਉਸ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ। ਉਸ ਦੇ ਬਿਆਨ ਨੇ ਇਹ ਸਾਬਤ ਕਰ ਦਿੱਤਾ ਕਿ ਸਤਿਗੁਰ ਨੇ ਖ਼ੁਦ ਰੇਲਗੱਡੀ ਰੋਕੀ।

# ਸਰਵਮਾਨਪੁਰ ਤੋਂ ਗੁਰੂ ਨਾਨਕ ਨਗਰੀ ਸੁਲਤਾਨਪੁਰ ਲੋਧੀ ਬਣਨ ਦਾ ਇਤਿਹਾਸ

**ਇੰਦਰਜੀਤ ਸਿੰਘ**

ਵਿਰਾਸਤੀ ਸ਼ਹਿਰ ਕਪੂਰਥਲਾ ਦੀ ਤਹਿਸੀਲ ਸੁਲਤਾਨਪੁਰ ਲੋਧੀ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੀ ਨਗਰੀ ਰਹੀ ਹੈ। ਪਹਿਲੀ ਤੋਂ ਛੇਵੀਂ ਸਦੀ ਤੱਕ ਸੁਲਤਾਨਪੁਰ ਲੋਧੀ ਬੁੱਧ ਧਰਮ ਦੇ ਭਗਤੀ ਮਾਰਗ ਤੇ ਗਿਆਨ ਦਾ ਕੇਂਦਰ ਰਿਹਾ ਹੈ। ਉਸ ਸਮੇਂ ਸੁਲਤਾਨਪੁਰ ਲੋਧੀ ਦਾ ਨਾਮ ਸਰਵਮਾਨਪੁਰ ਸੀ। ਬੁੱਧ ਧਰਮ ਦੀ ਪ੍ਰਾਚੀਨ ਪੁਸਤਕ 'ਅਭਿਨਵ ਪੁਸਤਵਾ' ਲੇਖਕ ਕਿਤਨਾਇਆ ਨੇ ਇਸੇ ਸ਼ਹਿਰ ਵਿੱਚ ਲਿਖੀ ਸੀ। ਹਿੰਦੂ ਸ਼ਹਿਰ ਹੋਣ ਕਾਰਨ ਮੁਹੰਮਦ ਗ਼ਜ਼ਨਵੀ ਨੇ ਸੁਲਤਾਨਪੁਰ ਨੂੰ ਅੱਗ ਲਗਾ ਕੇ ਤਬਾਹ ਕਰ ਦਿੱਤਾ ਸੀ ਤੇ ਸਰਵਮਾਨਪੁਰ ਸ਼ਹਿਰ ਦਾ ਅੰਤ ਹੋ ਗਿਆ ਸੀ। ਸ਼ਹਿਜ਼ਾਦਾ ਸੁਲਤਾਨ ਖ਼ਾਨ ਇੱਥੋਂ ਲੰਘਿਆ ਤਾਂ ਇਸ ਇਲਾਕੇ ਦੀ ਹਰਿਆਲੀ ਤੋਂ ਬਹੁਤ ਪ੍ਰਭਾਵਿਤ ਹੋਇਆ। ਮੁੜ ਇਸ ਸ਼ਹਿਰ ਦਾ ਨਿਰਮਾਣ ਸੁਲਤਾਨਪੁਰ ਲੋਧੀ ਦੇ ਨਾਂ 'ਤੇ ਹੋਇਆ। ਸੁਲਤਾਨਪੁਰ ਲੋਧੀ ਦਿੱਲੀ ਤੋਂ ਲਾਹੌਰ ਜਾਣ ਦਾ ਵਪਾਰਕ ਮਾਰਗ ਵੀ ਰਿਹਾ। ਉਸ ਸਮੇਂ ਸ਼ਹਿਰ ਵਿੱਚ 32 ਬਾਜ਼ਾਰ ਤੇ 5600 ਦੁਕਾਨਾਂ ਹੁੰਦੀਆਂ ਸਨ। ਸੁਲਤਾਨਪੁਰ ਲੋਧੀ ਇਸਲਾਮੀ ਸਿੱਖਿਆ ਦਾ ਮੁੱਖ ਕੇਂਦਰ ਵੀ ਰਿਹਾ ਹੈ। ਗੁਰੂ ਨਾਨਕ ਦੇਵ ਜੀ ਦੇ ਇੱਥੇ ਆਉਣ ਤੋਂ ਬਾਅਦ ਇਹ ਸ਼ਹਿਰ ਗੁਰੂ ਕੀ ਨਗਰੀ ਵਜੋਂ ਜਾਣਿਆ ਜਾਣ ਲੱਗਾ। ਇੱਥੋਂ ਹੀ ਗੁਰੂ ਜੀ ਨੇ ਵੱਖ ਵੱਖ ਦਿਸ਼ਾਵਾਂ ਵੱਲ ਜਾ ਕੇ ਮੁਨੱਖਤਾ ਦੇ ਭਲੇ ਦਾ ਪ੍ਰਚਾਰ ਕੀਤਾ। ਸੁਲਤਾਨਪੁਰ ਲੋਧੀ ਨੂੰ ਸਿੱਖ ਮਹਾਨ ਪਵਿੱਤਰ ਅਸਥਾਨ ਦਾ ਦਰਜਾ ਦਿੰਦੇ ਹਨ। ਸੁਲਤਾਨਪੁਰ ਲੋਧੀ ਸ਼ਹਿਰ ਵਿੱਚ ਸੱਤ ਗੁਰਦੁਆਰੇ ਹਨ। ਹਰੇਕ ਗੁਰਦੁਆਰੇ ਦਾ ਆਪਣਾ ਇਤਿਹਾਸ ਹੈ। ਇਹ ਗੁਰਦੁਆਰੇ ਹਨ:





**ਗੁਰਦੁਆਰਾ ਬੇਰ ਸਾਹਿਬ:** ਗੁਰੂ ਨਾਨਕ ਦੇਵ ਜੀ ਪਵਿੱਤਰ ਕਾਲੀ ਵੇਈਂ ਦੇ ਕੰਢੇ, ਜਿੱਥੇ ਮੌਜੂਦਾ ਸਮੇਂ ਗੁਰਦੁਆਰਾ ਬੇਰ ਸਾਹਿਬ ਬਣਿਆ ਹੋਇਆ ਹੈ, ਰੋਜ਼ਾਨਾ ਸਵੇਰੇ ਇਸ਼ਨਾਨ ਕਰ ਕੇ ਭਗਤੀ ਕਰਦੇ ਸਨ। ਇਸ ਅਸਥਾਨ 'ਤੇ ਗੁਰੂ ਜੀ ਨੇ 14 ਸਾਲ 9 ਮਹੀਨੇ ਤੇ 13 ਦਿਨ ਭਗਤੀ ਕੀਤੀ, ਜਿੱਥੇ ਭੋਰਾ ਸਾਹਿਬ ਬਣਿਆ ਹੋਇਆ ਹੈ। ਇੱਥੇ ਹੀ ਗੁਰੂ ਜੀ ਨੇ ਆਪਣੇ ਹੱਥੀਂ ਬੇਰੀ ਦਾ ਬੂਟਾ ਲਾਇਆ ਸੀ, ਜੋ ਅੱਜ ਵੀ ਮੌਜੂਦ ਹੈ।

**ਗੁਰਦੁਆਰਾ ਸੰਤ ਘਾਟ:** ਗੁਰੂ ਨਾਨਕ ਦੇਵ ਜੀ ਪਵਿੱਤਰ ਵੇਈਂ ਵਿੱਚ ਇਸ਼ਨਾਨ ਕਰਨ ਲਈ ਚੁੱਭੀ ਮਾਰਨ ਪਿੱਛੋਂ ਜਿਸ ਅਸਥਾਨ 'ਤੇ ਪ੍ਰਗਟ ਹੋਏ ਸਨ, ਉਥੇ ਗੁਰਦੁਆਰਾ ਸੰਤ ਘਾਟ ਬਣਿਆ ਹੋਇਆ ਹੈ। ਇੱਥੇ ਹੀ ਗੁਰੂ ਜੀ ਨੇ ਮੂਲਮੰਤਰ ਦਾ ਉਚਾਰਨ ਕੀਤਾ ਸੀ ਤੇ ਇੱਥੋਂ ਹੀ ਬਾਣੀ ਦੀ ਸ਼ੁਰੂਆਤ ਹੋਈ।

**ਗੁਰਦੁਆਰਾ ਹੱਟ ਸਾਹਿਬ:** ਜਿਸ ਸਥਾਨ 'ਤੇ ਗੁਰੂ ਨਾਨਕ ਦੇਵ ਜੀ, ਨਵਾਬ ਦੌਲਤ ਖ਼ਾਂ ਕੋਲ ਨੌਕਰੀ ਕਰਦੇ ਸਨ, ਉੱਥੇ ਗੁਰਦੁਆਰਾ ਹੱਟ ਸਾਹਿਬ ਮੌਜੂਦ ਹੈ।

**ਗੁਰਦੁਆਰਾ ਕੋਠੜੀ ਸਾਹਿਬ:** ਗੁਰਦੁਆਰਾ ਹੱਟ ਸਾਹਿਬ ਦੇ ਨੇੜੇ ਹੀ ਗੁਰਦੁਆਰਾ ਕੋਠੜੀ ਸਾਹਿਬ

**ਬਾਕੀ ਸ.ਫਾ 35 'ਤੇ**


Sir Speedy Tustin Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਸ਼ਹੀਦ ਬਾਬਾ ਦੀਪ ਸਿੰਘ ਜੀ

**-ਕਿਰਪਾਲ ਸਿੰਘ**

ਸਿੱਖਾਂ ਦੀਆਂ 12 ਮਿਸਲਾਂ ਵਿੱਚੋਂ ਸ਼ਹੀਦਾਂ ਦੀ ਮਿਸਲ ਦੇ ਬਾਨੀ ਬਾਬਾ ਦੀਪ ਸਿੰਘ ਦਾ ਜਨਮ 1682 ਨੂੰ ਅੰਮ੍ਰਿਤਸਰ ਪਰਗਣੇ ਦੇ ਪਹੂਵਿੰਡ ਪਿੰਡ ਵਿੱਚ ਹੋਇਆ। ਜਵਾਨ ਅਵਸਥਾ ਵਿੱਚ ਉਹ ਖੰਡੇ-ਬਾਟੇ ਦੀ ਪਾਹੁਲ ਛਕ ਕੇ ਅਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿੱਚ ਰਹਿਣ ਲੱਗ ਪਏ। ਜਥੇਦਾਰ ਬੁੱਢਾ ਸਿੰਘ ਵੀ ਉਨ੍ਹਾਂ ਦੇ ਸਾਥੀ ਸਨ।

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਜੰਗ ਤੋਂ ਬਾਅਦ ਜੰਗਲਾਂ ਵਿੱਚੋਂ ਹੁੰਦੇ ਹੋਏ ਪਿੰਡਾਂ ਵਿੱਚ ਠਹਿਰਦੇ ਤਲਵੰਡੀ ਸਾਬੋ ਪਹੁੰਚੇ ਤੇ ਇੱਥੋਂ ਸਿੱਖਾਂ ਨੂੰ ਹੁਕਮਨਾਮੇ ਜਾਰੀ ਕੀਤੇ, ਇਸ ਕਾਰਨ ਇਸ ਜਗ੍ਹਾ ਦਾ ਨਾਂ ਦਮਦਮਾ ਸਾਹਿਬ ਪੈ ਗਿਆ। ਤਲਵੰਡੀ ਸਾਬੋ ਵਿਖੇ ਹੁਣ ਜਿੱਥੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਇਮਾਰਤ ਬਣੀ ਹੋਈ ਹੈ, ਉਸ ਜਗ੍ਹਾ 'ਤੇ ਗੁਰੂ ਜੀ ਦਰਬਾਰ ਸਜਾਇਆ ਕਰਦੇ ਸਨ। ਤਲਵੰਡੀ ਸਾਬੋ ਵਿੱਚ ਗੁਰੂ ਸਾਹਿਬ ਦੇ ਕਾਫ਼ੀ ਸਮਾਂ ਟਿਕੇ ਰਹਿਣ ਕਰਕੇ ਦੂਰੋਂ-ਦੂਰੋਂ ਸਿੱਖ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਉਂਦੇ ਸਨ।



ਬਾਬਾ ਦੀਪ ਸਿੰਘ ਜੀ ਵੀ ਇਸ ਜਗ੍ਹਾ 'ਤੇ ਗੁਰੂ ਜੀ ਪਾਸ ਰਹਿੰਦੇ ਰਹੇ। ਗੁਰੂ ਗੋਬਿੰਦ ਸਿੰਘ ਜੀ ਜਦੋਂ ਦੱਖਣ ਦੀ ਯਾਤਰਾ ਤੋਂ ਪਹਿਲਾਂ ਦਮਦਮਾ ਸਾਹਿਬ ਤਲਵੰਡੀ ਸਾਬੋ ਠਹਿਰੇ ਹੋਏ ਸਨ ਤਾਂ ਉਨ੍ਹਾਂ ਨੇ ਇੱਥੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਦਰਜ ਕਰਵਾ ਕੇ ਨਵਾਂ ਸਰੂਪ ਤਿਆਰ ਕਰਵਾਇਆ। ਬਾਬਾ ਦੀਪ ਸਿੰਘ ਜੀ ਨੇ ਇਸ ਸਰੂਪ ਦੇ ਉਤਾਰੇ ਕੀਤੇ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਦੱਖਣ ਯਾਤਰਾ 'ਤੇ ਗਏ ਤਾਂ ਬਾਬਾ ਦੀਪ ਸਿੰਘ ਤੇ ਜਥੇਦਾਰ ਬੁੱਢਾ ਜੀ ਦੀ ਡਿਊਟੀ ਦਮਦਮਾ ਸਾਹਿਬ ਵਿਖੇ ਸੇਵਾ-ਸੰਭਾਲ ਲਈ ਲਗਾਈ ਗਈ। ਦਮਦਮਾ ਸਾਹਿਬ ਵਿਖੇ ਸੇਵਾ-ਸੰਭਾਲ ਕਰਦਿਆਂ ਬਾਬਾ ਦੀਪ ਸਿੰਘ ਜੀ ਨੇ ਇਕ ਖ਼ੂਹ ਲਗਵਾਇਆ, ਜੋ ਤਖ਼ਤ ਸਾਹਿਬ ਦੀ ਪਰਿਕਰਮਾ ਵਿੱਚ ਹੈ। ਇਹ ਸ਼ਹੀਦਾਂ ਦੇ ਖ਼ੂਹ ਨਾਲ ਜਾਣਿਆ ਜਾਂਦਾ ਹੈ। ਜਥੇਦਾਰ ਬੁੱਢਾ ਜੀ ਨੇ ਬੇਰੀਆਂ ਦੇ ਦਰੱਖ਼ਤ ਲਗਵਾਏ। ਦੱਖਣ ਤੋਂ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਕੇ ਪੰਜਾਬ ਭੇਜਿਆ, ਉਸ ਸਮੇਂ ਬਾਬਾ ਦੀਪ ਸਿੰਘ ਨੇ ਆਪਣੇ ਸਾਥੀ ਸਿੰਘਾਂ ਸਮੇਤ ਬਾਬਾ ਬੰਦਾ ਬਹਾਦਰ ਦੀ ਸਹਾਇਤਾ ਕੀਤੀ। ਬਾਬਾ ਦੀਪ ਸਿੰਘ ਮੈਦਾਨ-ਏ-ਜੰਗ ਵਿੱਚ ਅੱਗੇ ਹੋ ਕੇ ਲੜਦੇ, ਜਿਸ ਕਾਰਨ ਉਨ੍ਹਾਂ ਦੇ ਜਥੇ ਦਾ ਨਾਂ ਸ਼ਹੀਦੀ ਜਥਾ ਪ੍ਰਸਿੱਧ ਹੋ ਗਿਆ ਸੀ। ਜਦੋਂ ਅਦੀਨਾ ਬੇਗ਼ ਦੇ ਮਰਨ ਪਿੱਛੋਂ ਜਲੰਧਰ ਸਿੱਖਾਂ ਦੇ ਕਬਜ਼ੇ ਵਿੱਚ ਆ ਗਿਆ ਤਾਂ ਬਾਬਾ ਦੀਪ ਸਿੰਘ ਜੀ ਨੇ ਸਿਆਲਕੋਟ ਦਾ ਇਲਾਕਾ ਮੁਹੰਮਦ ਅਮੀਨ ਤੋਂ ਫ਼ਤਹਿ ਕਰ ਕੇ ਆਪਣੇ ਸਾਥੀ ਭਾਈ ਦਿਆਲ ਸਿੰਘ ਤੇ ਭਾਈ ਨੱਥਾ ਸਿੰਘ ਸ਼ਹੀਦ ਨੂੰ ਦੇ ਦਿੱਤਾ, ਜੋ ਸ਼ਹੀਦ ਭਾਈ ਕਰਮ ਸਿੰਘ ਦੇ ਸਮੇਂ ਤਕ ਮਿਸਲ ਸ਼ਹੀਦਾਂ ਨੂੰ ਸਾਲਾਨਾ ਕੁਝ ਨਾ ਕੁਝ ਪਹੁੰਚਾਉਂਦੇ ਰਹੇ, ਪਰ ਗੁਲਾਬ ਸਿੰਘ ਦਾ ਅਵੈੜਪੁਣਾ ਦੇਖ ਕੇ ਉਹ ਜਾਗੀਰ ਦਰਬਾਰ ਬੇਰ ਬਾਬਾ ਨਾਨਕ ਸਾਹਿਬ ਦੇ ਨਾਂ ਲਾ ਦਿੱਤੀ।

ਅਹਿਮਦਸ਼ਾਹ ਅਬਦਾਲੀ ਨੇ ਜਹਾਨ ਖ਼ਾਨ ਨੂੰ ਸਿੰਘਾਂ 'ਤੇ ਹਮਲਾ ਕਰਨ ਲਈ ਭੇਜਿਆ। ਦੁਰਾਨੀਆਂ ਦਾ ਜ਼ੋਰ ਦੇਖ ਕੇ ਕੁਝ ਸਿੰਘ ਮਾਲਵੇ ਵੱਲ ਨੂੰ ਚਲੇ ਗਏ। ਜਹਾਨ ਖ਼ਾਨ ਅੰਮ੍ਰਿਤਸਰ ਵਿਖੇ ਡੇਰੇ ਲਾ ਕੇ ਬੈਠ ਗਿਆ ਅਤੇ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਕਰਨ ਲੱਗ ਪਿਆ। ਸ੍ਰੀ ਅੰਮ੍ਰਿਤਸਰ ਦਾ ਸਰੋਵਰ ਮਿੱਟੀ ਨਾਲ ਪੂਰ ਦਿੱਤਾ ਗਿਆ। ਜਦੋਂ ਬਾਬਾ ਦੀਪ ਸਿੰਘ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਅੰਮ੍ਰਿਤਸਰ ਪਹੁੰਚ ਕੇ ਬਦਲਾ ਲੈਣ ਦਾ ਫ਼ੈਸਲਾ ਲਿਆ। ਉਨ੍ਹਾਂ ਆਪਣੀ ਜਗ੍ਹਾ ਭਾਈ ਨੱਥਾ ਸਿੰਘ ਨੂੰ ਛੱਡ ਕੇ ਸ਼ਹੀਦ ਹੋਣ ਦੇ ਇਰਾਦੇ ਨਾਲ ਅੰਮ੍ਰਿਤਸਰ ਵੱਲ ਕੂਚ ਕਰ ਦਿੱਤਾ। ਉਸ ਸਮੇਂ ਉਨ੍ਹਾਂ ਦੇ ਨਾਲ ਸਿਰਫ਼ 500 ਸਿੰਘਾਂ ਦਾ ਜਥਾ ਸੀ। ਰਸਤੇ ਵਿੱਚ ਲਾਗਲੇ ਪਿੰਡਾਂ ਜੋਗਾ, ਦੋਰਾਜ, ਭੁੱਚੋ, ਗੋਬਿੰਦਪੁਰਾ, ਲੱਖੀ ਜੰਗਲ, ਬਹਿਮਨ, ਮਾਹਨਵਾਲ, ਕੋਟ, ਪੰਜੋ ਕੇ, ਗੁਰੂ ਚੌਤਰਾ, ਫੂਲ, ਮਹਿਰਾਜ ਤੋਂ ਹੋਰ ਸਿੰਘ ਜਥੇ ਵਿੱਚ ਰਲਦੇ ਗਏ। ਇਸ ਤਰ੍ਹਾਂ ਤਰਨ ਤਾਰਨ ਪਹੁੰਚਣ ਤਕ ਉਨ੍ਹਾਂ ਨਾਲ ਪੰਜ ਹਜ਼ਾਰ ਜੁਝਾਰੂ ਸਿੰਘਾਂ ਦਾ ਜਥਾ ਬਣ ਗਿਆ ਸੀ।

ਉਧਰ, ਲਾਹੌਰ ਦੇ ਸੂਬੇ ਨੂੰ ਵੀ ਖ਼ਬਰ ਲੱਗ ਗਈ ਕਿ ਸਿੱਖ ਦੀਵਾਲੀ ਮੌਕੇ ਅੰਮ੍ਰਿਤਸਰ ਇਕੱਠੇ ਹੋ ਰਹੇ ਹਨ। ਹਾਜ਼ੀ ਅਤਾਈ ਖ਼ਾਂ ਗਸ਼ਤੀ ਫ਼ੌਜ ਲੈ ਕੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਚੱਕਰ ਲਗਾ ਰਿਹਾ ਸੀ। ਅੰਮ੍ਰਿਤਸਰ ਪਹੁੰਚ ਕੇ ਸਿੱਖਾਂ ਨੂੰ ਦਬਾਉਣ ਦਾ ਹੁਕਮ ਹੋਇਆ। ਉਧਰੋਂ, ਸੂਬੇ ਨੇ ਢੋਲ ਵਜਵਾ ਕੇ ਲਾਹੌਰ ਵਿੱਚ ਜਹਾਦ ਦਾ ਐਲਾਨ ਕਰਵਾ ਦਿੱਤਾ ਅਤੇ ਸਾਰੇ ਮੋਮਨਾਂ ਨੂੰ ਨਿੱਤਰਣ ਲਈ ਵੰਗਾਰਿਆ। ਲਾਹੌਰ ਦਾ ਫ਼ੌਜਦਾਰ ਜਹਾਨ ਖ਼ਾਂ ਦੋ ਹਜ਼ਾਰ ਸਵਾਰ ਲੈ ਕੇ ਅੰਮ੍ਰਿਤਸਰ ਵੱਲ ਚੱਲ ਪਿਆ। ਸਿੰਘਾਂ ਦੇ ਆਉਣ ਦੀ ਖ਼ਬਰ ਦੁਰਾਨੀ ਨੂੰ ਵੀ ਮਿਲ ਚੁੱਕੀ ਸੀ, ਉਹ ਵੀ ਆਪਣੀ ਫ਼ੌਜ ਲੈ ਕੇ ਗੋਹਲਵੜ ਕੋਲ ਆਣ ਪੁੱਜਿਆ। ਦੋਵਾਂ ਦਲਾਂ ਦਾ ਮੁਕਾਬਲਾ ਗੋਹਲਵੜ ਨੇੜੇ ਹੋਇਆ। ਗਹਿਗੱਚ ਲੜਾਈ ਹੋਈ, ਛੇ ਕੋਹ ਦੇ ਵਿਚਕਾਰ ਲਾਸ਼ਾਂ ਹੀ ਲਾਸ਼ਾਂ ਵਿਛ ਗਈਆਂ। ਗਿਆਨੀ ਗਿਆਨ ਸਿੰਘ ਅਨੁਸਾਰ, "ਚੱਬੇ ਪਿੰਡ ਦੇ ਕੋਲ ਸ਼ਾਹ ਜਮਾਲ ਨਾਲ ਬਾਬਾ ਜੀ ਦੀ ਇੰਨੀ ਭਿਆਨਕ ਲੜਾਈ ਹੋਈ ਕਿ ਬਾਬਾ ਜੀ ਸਿਰ ਤਲੀ 'ਤੇ ਧਰ ਕੇ ਲੜੇ ਅਤੇ ਸ੍ਰੀ ਅੰਮ੍ਰਿਤਸਰ ਪਹੁੰਚ ਕੇ ਬਾਬਾ ਜੀ ਸ਼ਹੀਦੀ ਪਾ ਗਏ।" ਇਸ ਜੰਗ ਵਿੱਚ ਭਾਵੇਂ ਬਾਬਾ ਦੀਪ ਸਿੰਘ ਸ਼ਹੀਦ ਹੋ ਗਏ ਪਰ ਉਹ ਆਪਣਾ ਪ੍ਰਣ ਨਿਭਾਉਣ ਵਿੱਚ ਸਫ਼ਲ ਰਹੇ। ਦੁਰਾਨੀ ਦੀਆਂ ਫ਼ੌਜਾਂ ਨੂੰ ਚੀਰਦੇ ਹੋਏ ਉਨ੍ਹਾਂ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਦਾ ਬਦਲਾ ਲੈਂਦਿਆਂ ਆਪਣਾ ਸੀਸ ਗੁਰੂ-ਚਰਨਾਂ ਵਿੱਚ ਭੇਟ ਕਰ ਦਿੱਤਾ।

# ਗ਼ਦਰ ਪਾਰਟੀ ਦਾ ਸਭ ਤੋਂ ਛੋਟੀ ਉਮਰ ਦਾ ਸ਼ਹੀਦ ਬਾਗ਼ੀ ਸਰਾਭਾ

**ਗੁਰਪ੍ਰੀਤ ਸਿੰਘ**

ਕਰਤਾਰ ਸਿੰਘ ਸਰਾਭਾ ਮਹਿਜ਼ ਅਠਾਰਾਂ ਸਾਲ ਦਾ ਨੌਜਵਾਨ ਨਹੀਂ ਸੀ ਬਲਕਿ ਅਦੁੱਤੀ ਸ਼ਖ਼ਸ਼ੀਅਤ ਸੀ। ਉਸ ਦੇ ਕਾਰਨਾਮੇ ਬੇਮਿਸਾਲ ਸਨ। ਉਹ ਸੰਜੀਦਗੀ ਅਤੇ ਜੋਸ਼ ਦਾ ਸੁਮੇਲ ਸੀ। ਉਸ ਅੰਦਰ ਜਾਦੂਈ ਕ੍ਰਿਸ਼ਮਾ ਸੀ, ਉਹ ਮਿਲਣ ਵਾਲੇ ਨੂੰ ਦੋ ਪਲ ਵਿਚ ਆਪਣੇ ਵੱਲ ਖਿੱਚ ਲੈਂਦਾ। ਉਸ ਦੇ ਸ਼ਬਦਕੋਸ਼ ਵਿਚ 'ਨਾਂਹ' ਸ਼ਬਦ ਨਹੀਂ ਸੀ, ਇਸ ਲਈ ਹਰ ਕੰਮ ਵਿਚ ਉਹ ਮੋਹਰੀ ਰਹਿੰਦਾ। ਭਾਵੇਂ ਹੱਥ ਨਾਲ ਗ਼ਦਰ ਅਖਬਾਰ ਛਾਪਣ ਦਾ ਕੰਮ ਹੋਵੇ ਜਾਂ ਫਿਰ ਭਾਰਤ ਆ ਕੇ ਪੰਜਾਹ ਪੰਜਾਹ ਮੀਲ ਸਾਈਕਲ 'ਤੇ ਇਕ ਦਿਨ ਵਿਚ ਸਫ਼ਰ ਤੈਅ ਕਰਨਾ ਹੋਵੇ। ਉਹ ਸੁਭਾਅ ਦਾ ਦਲੇਰ ਅਤੇ ਸੂਝਵਾਨ ਸੀ। ਉਸ ਦੇ ਬਲਬੂਤੇ ਦਿਨਾਂ ਵਿਚ ਹੀ ਗ਼ਦਰੀਆਂ ਨੇ ਫ਼ੌਜੀ ਛਾਉਣੀਆਂ ਵਿਚ ਭਾਰਤੀ ਸਿਪਾਹੀਆਂ ਨਾਲ ਸਿੱਧਾ ਸੰਪਰਕ ਬਣਾ ਲਿਆ ਸੀ। ਸਰਾਭੇ ਨੂੰ ਗ੍ਰਿਫ਼ਤਾਰ ਕਰਨ ਲਈ ਸਭ ਤੋਂ ਵੱਧ ਇਨਾਮ ਰੱਖਿਆ ਗਿਆ ਸੀ ਪਰ ਉਹ ਭੇਸ ਬਦਲ ਕੇ ਕਈ ਵਾਰ ਦਿਨ ਦਿਹਾੜੇ ਪੁਲਿਸ ਛਾਉਣੀਆਂ ਵਿਚ ਸਿਪਾਹੀਆਂ ਨੂੰ ਮਿਲਣ ਚਲਾ ਜਾਂਦਾ ਸੀ। ਅਸਲ ਵਿਚ ਸਰਾਭਾ ਪੁਲਿਸ ਲਈ ਇਕ ਰਹੱਸ ਬਣ ਗਿਆ ਸੀ। ਜੇ ਸਾਡੇ ਆਪਣੇ ਗ਼ੱਦਾਰੀ ਨਾ ਕਰਦੇ ਤਾਂ ਪੁਲਿਸ ਲਈ ਉਸ ਨੂੰ ਫੜਨਾ ਅਸੰਭਵ ਸੀ। ਬਾਬਾ ਸੋਹਣ ਸਿੰਘ ਭਕਨਾ, ਕਰਤਾਰ ਸਿੰਘ ਸਰਾਭਾ ਨੂੰ ਆਪਣਾ ਜਰਨੈਲ ਮੰਨਦੇ ਸਨ। ਕਰਤਾਰ ਸਿੰਘ ਸਰਾਭਾ ਦੇ ਮਨ ਵਿੱਚੋਂ ਮੌਤ ਦਾ ਡਰ ਦੂਰ ਹੋ ਚੁੱਕਿਆ ਸੀ। ਕ੍ਰਾਂਤੀਕਾਰੀ ਜਰਨੈਲ ਹੁੰਦਿਆਂ ਹੋਇਆਂ ਵੀ ਉਹ ਦੋਸਤਾਂ ਦਾ ਦੋਸਤ ਸੀ। ਉਹ ਖ਼ਤਰੇ ਵੇਲੇ ਸਭ ਤੋਂ ਅੱਗੇ ਰਹਿੰਦਾ ਸੀ। ਫ਼ੌਜੀ ਪਲਟਣਾਂ ਵਿੱਚ ਨਿਧੜਕ ਹੋ ਕੇ ਜਾਂਦਾ ਤੇ ਬਗ਼ੈਰ ਕਿਸੇ ਡਰ ਤੋਂ ਫ਼ੌਜੀਆਂ ਨੂੰ ਪ੍ਰੇਰਦਾ ਸੀ। ਉਸ ਦੀ ਨਿਡਰਤਾ ਦਾ ਫ਼ੌਜੀਆਂ ਉੱਤੇ ਇੰਨਾ ਅਸਰ ਹੁੰਦਾ ਕਿ ਉਹ ਆਜ਼ਾਦੀ ਦੀ ਜੰਗ ਵਿੱਚ ਸ਼ਾਮਲ ਹੋਣ ਲਈ ਇਕਦਮ ਤਿਆਰ ਹੋ ਜਾਂਦੇ।

ਬਾਬਾ ਸੋਹਣ ਸਿੰਘ ਭਕਨਾ ਨੇ ਸਰਦਾਰ ਕਰਤਾਰ ਸਿੰਘ ਸਰਾਭਾ ਬਾਰੇ ਕਿਹਾ, 'ਉਸ ਵਿੱਚ ਪੂਰਨ ਇਨਸਾਨੀ ਸਿਫ਼ਤਾਂ ਸਨ। ਮੈਂ ਖ਼ਿਆਲ ਕਰਦਾ ਹਾਂ ਕਿ ਦੁਨੀਆਂ ਦੇ ਇਤਿਹਾਸ ਵਿੱਚ ਏਨੀ ਛੋਟੀ ਉਮਰ (19 ਸਾਲ) ਵਿੱਚ ਸ਼ਾਇਦ ਹੀ ਕੋਈ ਜਰਨੈਲ ਮਿਲੇ, ਜੋ ਕਰਤਾਰ ਸਿੰਘ ਸਰਾਭਾ ਦਾ ਸਾਨੀ ਹੋਵੇ। ਉਸ ਦੀ ਵਿੱਦਿਆ ਐਫ.ਏ. ਦੇ ਬਰਾਬਰ ਸੀ। ਉਹ ਉਰਦੂ, ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਚੰਗੀ ਤਰ੍ਹਾਂ ਲਿਖ-ਪੜ੍ਹ ਲੈਂਦਾ ਸੀ। ਸੱਚੀ ਗੱਲ ਤਾਂ ਇਹ ਹੈ ਕਿ ਜੋ ਉਹ ਸੀ, ਉਸ ਦੀ ਜ਼ਿੰਦਗੀ ਦਾ ਚਿੱਤਰ ਖਿਚਣਾ ਮੇਰੀ ਕਲਮ ਦੀ ਤਾਕਤ ਤੋਂ ਬਾਹਰ ਹੈ।'

ਕਰਤਾਰ ਸਿੰਘ ਸਰਾਭਾ ਦਾ ਜਨਮ 24 ਮਈ 1896 ਵਿਚ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਸਰਾਭਾ ਵਿਚ ਹੋਇਆ ਸੀ। ਪੰਜ ਸਾਲ ਦੀ ਉਮਰ 'ਚ ਉਸ ਦਾ ਪਿਤਾ ਮੰਗਲ ਸਿੰਘ ਚਲਾਣਾ ਕਰ ਗਿਆ ਤੇ ਬਾਰਾਂ ਕੁ ਸਾਲ ਦੀ ਉਮਰ ਵਿਚ ਉਸ ਦੀ ਮਾਂ ਸਾਹਿਬ ਕੌਰ ਪੂਰੀ ਹੋ ਗਈ ਸੀ। ਸਰਾਭੇ ਦਾ ਪਾਲਣ ਪੋਸ਼ਣ ਉਸ ਦੇ ਦਾਦਾ ਬਦਨ ਸਿੰਘ ਤੇ ਵੱਡੀ ਭੈਣ ਧੰਨ ਕੌਰ ਨੇ ਕੀਤਾ ਸੀ। ਸਰਾਭਾ ਬਚਪਨ ਤੋਂ ਹੀ ਉਡਾਰੂ ਪ੍ਰਵਿਰਤੀ ਦਾ ਮਾਲਕ ਸੀ। ਛੋਟੇ ਹੁੰਦੇ ਨੂੰ ਸਕੂਲ ਵਿਚ ਉਸ ਦੇ ਸਾਥੀਆਂ ਨੇ ਉਸ ਦਾ ਨਾਮ 'ਉਡਣਾ ਸੱਪ' ਰੱਖਿਆ ਸੀ। ਸਕੂਲ ਦੀਆਂ ਕਈ ਸ਼ਰਾਰਤਾਂ ਕਰਕੇ ਹੀ ਉਸ ਦੇ ਦਾਦਾ ਨੇ ਉਸ ਨੂੰ ਪੜ੍ਹਨ ਲਈ ਉੜੀਸਾ ਭੇਜ ਦਿੱਤਾ ਸੀ ਜਿੱਥੇ ਉਸ ਦਾ ਵੱਡਾ ਚਾਚਾ ਜੰਗਲਾਤ ਮਹਿਕਮੇ ਵਿਚ ਨੌਕਰੀ ਕਰਦਾ ਸੀ। ਉੜੀਸਾ ਦੇ ਕਟਕ ਸ਼ਹਿਰ ਵਿਚ ਸਰਾਭਾ 1912 ਤਕ ਪੜ੍ਹਿਆ। ਇੱਥੋਂ ਹੀ ਅਗਲੇਰੀ ਪੜ੍ਹਾਈ ਵਾਸਤੇ ਉਹ ਅਮਰੀਕਾ ਦੇ ਸਾਨਫਰਾਂਸਿਸਕੋ ਸ਼ਹਿਰ ਚਲਾ ਗਿਆ।

ਅਮਰੀਕਾ ਦੀ ਧਰਤੀ 'ਤੇ ਜਦੋਂ ਸਰਾਭੇ ਨੇ ਜੁਲਾਈ 1912 ਵਿਚ ਪੈਰ ਧਰਿਆ ਤਾਂ ਇਮੀਗ੍ਰੇਸ਼ਨ ਅਫਸਰਾਂ ਨੇ ਉਸ ਨੂੰ 'ਏਲੀਅਨ' ਕਹਿ ਕੇ ਆਵਾਜ਼ ਮਾਰੀ। ਅਮਰੀਕਾ ਵਿਚ ਉਸ ਵੇਲੇ ਭਾਰਤੀਆਂ ਖ਼ਾਸਕਰ ਪੰਜਾਬੀਆਂ ਨੂੰ ਗੋਰੇ 'ਕਾਲੀਆਂ ਭੇਡਾਂ' 'ਦਾੜ੍ਹੀਆਂ ਵਾਲੀਆਂ ਔਰਤਾਂ' ਕਹਿ ਕੇ ਛੇੜਦੇ ਸਨ। ਸਰਾਭਾ ਕੈਲੀਫੋਰਨੀਆ ਯੂਨੀਵਰਸਿਟੀ, ਬਰਕਲੇ ਵਿਚ ਉਸ ਸਮੇਂ ਇਲੈਕਟ੍ਰੀਕਲ ਇੰਜਨੀਅਰਿੰਗ ਪੜ੍ਹਨ ਗਿਆ ਸੀ। ਪਰ ਯੂਨੀਵਰਸਿਟੀ ਦੇ ਰਿਕਾਰਡ ਵਿਚ ਕਿਧਰੇ ਵੀ ਸਰਾਭੇ ਦੇ ਉੱਥੇ ਪੜ੍ਹਾਈ ਕਰਨ ਦਾ ਕੋਈ ਰਿਕਾਰਡ ਨਹੀਂ ਮਿਲਦਾ। ਦਰਅਸਲ, ਜੁਲਾਈ 1912 ਤੋਂ ਲੈ ਕੇ 21 ਅਪ੍ਰੈਲ 1913 'ਚ ਗ਼ਦਰ ਪਾਰਟੀ ਬਣਨ ਤੱਕ ਦੇ ਸਮੇਂ ਵਿਚ ਸਰਾਭਾ ਕਿੱਥੇ ਰਿਹਾ, ਕੀ ਕਰਦਾ ਰਿਹਾ, ਇਸ ਸਭ ਬਾਰੇ ਬਹੁਤੀ ਖੋਜ ਨਹੀਂ ਮਿਲਦੀ ਹੈ। ਇਸ ਸਮੇਂ ਦੌਰਾਨ ਉਹ ਕਈ ਥਾਵਾਂ 'ਤੇ ਕੰਮ ਕਰਦਾ ਰਿਹਾ। ਇਕ ਅਮਰੀਕਨ ਔਰਤ ਦੇ ਘਰ ਪੀਜੀ ਵੀ ਰਿਹਾ। ਫਿਰ ਆਪਣੇ ਪਿੰਡ ਦੇ ਰੁਲੀਆ ਸਿੰਘ ਕੋਲ ਅਸਟੋਰੀਆ ਚਲਾ ਗਿਆ। ਉੱਥੇ ਸੋਹਨ ਸਿੰਘ ਭਕਨਾ ਤੇ ਬਾਕੀ ਗ਼ਦਰੀਆਂ ਨਾਲ ਮੇਲ ਹੋਇਆ।

ਲਾਲਾ ਹਰਦਿਆਲ ਨੂੰ ਇਨਕਲਾਬ ਦੇ ਰਸਤੇ ਲਾਉਣ ਵਾਲਾ ਵੀ ਕਰਤਾਰ ਸਿੰਘ ਸਰਾਭਾ ਸੀ। ਜਦੋਂ ਪਹਿਲੀ ਨਵੰਬਰ 1913 ਨੂੰ 'ਗ਼ਦਰ' ਅਖ਼ਬਾਰ ਦਾ ਪਹਿਲਾ ਪਰਚਾ ਨਿਕਲਿਆ ਤਾਂ ਹਰਦਿਆਲ ਦੇ ਉਰਦੂ ਵਿੱਚ ਲਿਖੇ ਹੋਏ ਮਜ਼ਮੂਨਾਂ ਦਾ ਤਰਜ਼ਮਾ ਸਰਾਭਾ ਹੀ ਕਰਦਾ ਸੀ। ਛਾਪੇ ਦੀ ਹੈਂਡ ਮਸ਼ੀਨ ਉਹ ਆਪਣੇ ਹੱਥੀਂ ਚਲਾਉਂਦਾ ਸੀ। ਸ਼ੁਰੂ ਸ਼ੁਰੂ ਵਿੱਚ ਯੁਗਾਂਤਰ ਆਸ਼ਰਮ ਦਾ ਸਾਰਾ ਕੰਮ ਕਰਤਾਰ ਸਿੰਘ ਸਰਾਭਾ ਦੇ ਸਿਰ 'ਤੇ ਹੀ ਰਿਹਾ। ਗ਼ਦਰ ਅਖ਼ਬਾਰ ਛਾਪਣ ਦੇ ਕੰਮ ਵਿਚ ਹੋ ਰਹੀ ਦੇਰੀ ਦਾ ਕਾਰਨ ਲਾਲਾ ਹਰਦਿਆਲ ਦੀ ਵਿਗੜਦੀ ਸਿਹਤ ਸੀ। ਸਰਾਭੇ ਨੇ ਕੈਲੀਫੋਰਨੀਆ ਜਾ ਕੇ ਉਨ੍ਹਾਂ ਨੂੰ ਪਹਿਲਾਂ ਤਾਂ ਸਰੀਰਿਕ ਤੌਰ 'ਤੇ ਤੰਦਰੁਸਤ ਕੀਤਾ ਫੇਰ ਗ਼ਦਰ ਅਖ਼ਬਾਰ ਲਈ ਮਿਹਨਤ ਕੀਤੀ। ਉਸ ਦੇ ਸਾਥੀਆਂ ਦਾ ਕਹਿਣਾ ਸੀ ਕਿ ਸਰਾਭਾ ਅਠਾਰਾਂ-ਅਠਾਰਾਂ ਘੰਟੇ ਲਗਾਤਾਰ ਅਖ਼ਬਾਰ ਛਾਪਣ ਦਾ ਕੰਮ ਕਰਦਾ ਰਹਿੰਦਾ ਸੀ। ਫਿਰ ਸਾਈਕਲ 'ਤੇ ਅਖ਼ਬਾਰ ਲੱਦ ਕੇ ਪੰਜਾਹ-ਸੱਠ ਮੀਲ ਦੂਰ ਮਿੱਲਾਂ 'ਤੇ ਪਹੁੰਚਾ



ਕੇ ਆਉਂਦਾ ਸੀ। ਕੰਮ ਲਈ ਐਨੀ ਲਗਨ ਤੇ ਹਿੰਮਤ ਸਦਕਾ ਹੀ ਸਰਾਭਾ ਗ਼ਦਰ ਪਾਰਟੀ ਵਿਚ ਸਭ ਤੋਂ ਛੋਟੀ ਉਮਰ ਦਾ ਹੋਣ ਦੇ ਬਾਵਜੂਦ ਸਿਰਕੱਢ ਨੇਤਾ ਬਣਦਾ ਜਾ ਰਿਹਾ ਸੀ। ਗ਼ਦਰ ਪਾਰਟੀ ਦੇ ਸਾਰੇ ਵੱਡੇ ਨੇਤਾ ਉਸ ਦੀ ਇੱਜ਼ਤ ਕਰਦੇ ਸਨ। ਸਿੱਖਣ ਦੀ ਕਲਾ ਸਰਾਭੇ ਵਿਚ ਐਨੀ ਜ਼ਿਆਦਾ ਸੀ ਕਿ ਜੋ ਕੰਮ ਸਾਧਾਰਨ ਬੰਦਾ ਦਸ ਦਿਨ 'ਚ ਸਿੱਖਦਾ ਸੀ ਤਾਂ ਸਰਾਭਾ ਉਹੀ ਕੰਮ ਚਾਰ ਦਿਨ ਵਿਚ ਸਿੱਖ ਲੈਂਦਾ ਸੀ। ਗ਼ਦਰ ਪਾਰਟੀ ਵੱਲੋਂ ਭਾਰਤ ਵਿਚ ਹਥਿਆਰਬੰਦ ਗ਼ਦਰ ਕਰਨ ਦੀ ਯੋਜਨਾ ਤਹਿਤ ਹੀ ਸਰਾਭੇ ਨੂੰ ਹਵਾਈ ਜਹਾਜ਼ ਚਲਾਉਣ ਦੀ ਟ੍ਰੇਨਿੰਗ ਵਾਸਤੇ ਚੁਣਿਆ ਗਿਆ ਸੀ। ਖੋਜ ਕੀਤਿਆਂ ਪਤਾ ਲਗਦਾ ਹੈ ਕਿ ਜੇ 1914 ਵਿਚ ਹਵਾਈ ਜਹਾਜ਼ ਦੀ ਟ੍ਰੇਨਿੰਗ ਲੈਣ ਵਾਲੇ ਸਰਾਭੇ ਨੂੰ ਭਾਰਤ ਦਾ ਪਹਿਲਾ ਪਾਇਲਟ ਕਿਹਾ ਜਾਵੇ ਤਾਂ ਕੋਈ ਅੱਤਕਥਨੀ ਨਹੀਂ ਹੋਵੇਗੀ।

ਅਗਸਤ 1914 ਵਿਚ ਇੰਗਲੈਂਡ ਅਤੇ ਜਰਮਨੀ ਵਿਚਕਾਰ ਲੜਾਈ ਸ਼ੁਰੂ ਹੋਈ ਤਾਂ ਗ਼ਦਰ ਪਾਰਟੀ ਨੇ ਆਪਣੇ ਮਿੱਥੇ ਪ੍ਰੋਗਰਾਮ ਅਨੁਸਾਰ ਹਥਿਆਰਬੰਦ ਗ਼ਦਰ ਕਰਨ ਲਈ ਭਾਰਤ ਵੱਲ ਵਹੀਰਾਂ ਘੱਤ ਲਈਆਂ ਸਨ। ਜਿਹੜੇ ਗ਼ਦਰੀ ਕਲਕੱਤੇ ਵਲੋਂ ਭਾਰਤ ਪਹੁੰਚੇ ਸਨ, ਉਨ੍ਹਾਂ ਨੂੰ ਬੰਦਰਗਾਹ 'ਤੇ ਹੀ ਗ੍ਰਿਫ਼ਤਾਰ ਕਰ ਲਿਆ। ਸਰਾਭਾ ਆਪਣੀ ਸਮਝ ਨਾਲ ਕੋਲੰਬੋ ਵਾਲੇ ਪਾਸਿਓਂ ਭਾਰਤ ਵਿਚ ਦਾਖ਼ਲ ਹੋਇਆ ਸੀ। ਗ਼ਦਰ ਪਾਰਟੀ ਦੇ ਨੇਤਾ ਸੋਹਨ ਸਿੰਘ ਭਕਨਾ, ਬਾਬਾ ਜਵਾਲਾ ਸਿੰਘ ਠੱਠੀਆਂ, ਕੇਸਰ ਸਿੰਘ ਠੱਠਗੜ੍ਹ, ਮਾਸਟਰ ਊਧਮ ਸਿੰਘ ਕਸੇਲ, ਸ਼ੇਰ ਸਿੰਘ ਵੇਈਂਪੂਈਂ ਆਦਿ ਜੇਲ੍ਹਾਂ ਵਿਚ ਬੰਦ ਹੋ ਗਏ ਸਨ। ਇਨ੍ਹਾਂ ਦੀ ਗ਼ੈਰ-ਮੌਜੂਦਗੀ ਕਾਰਨ ਹੀ ਸਰਾਭਾ ਗ਼ਦਰ ਪਾਰਟੀ ਦਾ ਸਿਪਾਹਸਾਲਾਰ ਬਣ ਕੇ ਉਭਰਿਆ ਸੀ।

ਸਰਾਭਾ ਭਾਰਤ ਵਿਚ ਸਤੰਬਰ 1914 ਦੇ ਆਖ਼ਰ ਵਿਚ ਪਹੁੰਚਿਆ ਸੀ ਤੇ 2 ਮਾਰਚ 1915 ਨੂੰ ਗ੍ਰਿਫ਼ਤਾਰ ਹੋ ਗਿਆ ਸੀ। ਕਈ ਸਾਲਾਂ ਦਾ ਕੰਮ ਉਸ ਨੇ ਛੇ ਕੁ ਮਹੀਨਿਆਂ ਵਿਚ ਹੀ ਕਰ ਦਿੱਤਾ ਸੀ। ਗ਼ਦਰੀਆਂ ਨੇ ਗ੍ਰਿਫ਼ਤਾਰੀ ਤੋਂ ਬਚਣ ਲਈ ਮਾਝੇ, ਮਾਲਵੇ ਅਤੇ ਦੁਆਬੇ ਵਿਚ ਅਲੱਗ ਅਲੱਗ ਕਮੇਟੀਆਂ ਬਣਾਈਆਂ ਸੀ ਪਰ ਸਰਾਭਾ ਇਨ੍ਹਾਂ ਤਿੰਨਾਂ ਕਮੇਟੀਆਂ ਵਿਚਕਾਰ ਪੁਲ ਦਾ ਕੰਮ ਕਰਦਾ ਸੀ। ਉਹ ਇਕ ਦਿਨ ਵਿਚ ਪੰਜਾਹ-ਪੰਜਾਹ ਮੀਲ ਸਾਈਕਲ ਚਲਾਉਂਦਾ ਸੀ। ਉਸ ਦੀ ਸ਼ਖ਼ਸ਼ੀਅਤ ਵਿਚ ਇਕ ਖਿੱਚ ਸੀ ਜਿਸ ਨੂੰ ਵੀ ਪੰਜ ਮਿੰਟ ਲਈ ਮਿਲਦਾ ਉਸ ਨੂੰ ਆਪਣੇ ਵੱਲ ਅਕਰਸ਼ਿਤ ਕਰ ਲੈਂਦਾ ਸੀ। ਆਪਣੀ ਇਸੇ ਸ਼ਖ਼ਸ਼ੀਅਤ ਕਰਕੇ ਉਸ ਨੇ ਫ਼ਿਰੋਜ਼ਪੁਰ ਦੀ ਛਾਉਣੀ ਦੇ ਭਾਰਤੀ ਸਿਪਾਹੀਆਂ ਨਾਲ ਰਾਬਤਾ ਬਣਾ ਲਿਆ ਸੀ। ਉਨ੍ਹਾਂ ਨੂੰ ਗ਼ਦਰ ਵੇਲੇ ਸਾਥ ਦੇਣ ਲਈ ਤਿਆਰ ਕਰ ਲਿਆ ਸੀ। ਪਰ ਇਸ ਵੇਲੇ ਗ਼ਦਰੀਆਂ ਲਈ ਸਭ ਤੋਂ ਵੱਡੀ ਸਮੱਸਿਆ ਹਥਿਆਰਾਂ ਦਾ ਨਾ ਹੋਣਾ ਸੀ, ਜੋ ਹਥਿਆਰ ਪਿੱਛੋਂ ਅਮਰੀਕਾ ਤੋਂ ਆਉਣੇ ਸੀ, ਉਹ ਪਹੁੰਚੇ ਨਹੀਂ ਸਨ। ਹਥਿਆਰਾਂ ਦੀ ਘਾਟ ਕਾਰਨ ਹੀ ਗ਼ਦਰੀਆਂ ਨੇ ਮਜਬੂਰੀਵੱਸ ਡਾਕੇ ਮਾਰੇ। ਇਸ ਦਾ ਸਿੱਧਾ ਮਨੋਰਥ ਹਥਿਆਰਾਂ ਲਈ ਪੈਸਾ ਇਕੱਠਾ ਕਰਨਾ ਸੀ। 23 ਜਨਵਰੀ ਤੋਂ ਲੈ 3 ਫਰਵਰੀ 1915 ਤਕ ਸਾਹਨੇਵਾਲ, ਮਨਸੂਰਾਂ, ਝੁਨੀਰ, ਰੱਬੋਂ, ਝੁਨੇਰ ਅਤੇ ਚੱਬੇ ਪਿੰਡ ਵਿਚ ਡਾਕੇ ਮਾਰੇ। ਸਾਹਨੇਵਾਲ ਤੇ ਮਨਸੂਰਾਂ ਦੇ ਡਾਕਿਆਂ ਵਿਚ ਸਰਾਭਾ ਮੋਹਰੀ ਸੀ। ਇਨ੍ਹਾਂ ਡਾਕਿਆਂ 'ਚੋਂ ਮਿਲੇ ਪੈਸੇ ਤੇ ਗਹਿਣੇ ਗੱਟੇ ਨਾਲ ਕੁਝ ਹਥਿਆਰ ਖ਼ਰੀਦੇ ਗਏ ਸਨ। ਚੱਬੇ ਪਿੰਡ ਦੇ ਡਾਕੇ ਵਿਚ ਕਾਲਾ ਲੁਹਾਰ ਨਾਂ ਦਾ ਇਕ ਬੰਦਾ ਫੜਿਆ ਗਿਆ ਤੇ ਉਸ ਨੇ ਪੁਲਿਸ ਨੂੰ ਸਭ ਕੁਝ ਦੱਸ ਦਿੱਤਾ। ਇਥੋਂ ਹੀ ਪੁਲਿਸ ਨੇ ਕ੍ਰਿਪਾਲ ਸਿੰਘ ਨੂੰ ਪਾਰਟੀ ਵਿਚ ਸੂਹੀਆ ਬਣਾ ਕੇ ਵਾੜਿਆ ਤੇ ਦਿਨਾਂ ਵਿਚ ਹੀ ਗ਼ਦਰ ਦੀ ਸਾਰੀ ਖ਼ੁਫ਼ੀਆ ਜਾਣਕਾਰੀ ਪੁਲਿਸ ਕੋਲ ਪਹੁੰਚ ਗਈ।

ਪਹਿਲਾਂ 21 ਫਰਵਰੀ ਨੂੰ ਗ਼ਦਰ ਹੋਣਾ ਸੀ ਪਰ ਮੁਖ਼ਬਰੀ ਕਰਕੇ ਤਾਰੀਖ਼ 19 ਫਰਵਰੀ ਕੀਤੀ ਗਈ ਪਰ ਐਨ ਮੌਕੇ ਇਸ ਤਾਰੀਖ ਦਾ ਵੀ ਪੁਲਿਸ ਨੂੰ ਪਤਾ ਲੱਗ ਗਿਆ। ਗ਼ਦਰ ਕਰਨ ਦਾ ਸੁਪਨਾ, ਸੁਪਨਾ ਹੀ ਰਹਿ ਗਿਆ। ਕਈ ਗ਼ਦਰੀ ਫੜੇ ਗਏ ਸਨ। ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਤੇ ਜਗਤ ਸਿੰਘ ਤਿੰਨੋਂ ਕੁਝ ਦਿਨਾਂ ਵਾਸਤੇ ਅਫ਼ਗਾਨਿਸਤਾਨ ਵੱਲ ਨਿਕਲ ਗਏ। ਪਰ ਐਨ ਮੌਕੇ ਸਰਾਭੇ ਦਾ ਮਨ ਬਦਲ ਗਿਆ ਉਸ ਨੂੰ ਲੱਗਾ ਕਿ ਦੇਸ਼ ਅਜ਼ਾਦ ਕਰਾਉਣ ਲਈ ਹਜ਼ਾਰਾਂ ਮੀਲ ਚੱਲ ਕੇ ਆਏ ਸੀ ਤੇ ਹੁਣ ਮੂੰਹ ਛੁਪਾ ਕੇ ਚੋਰਾਂ ਦੀ ਤਰ੍ਹਾਂ ਦੀ ਭੱਜ ਰਹੇ ਹਾਂ। ਤਿੰਨੋਂ ਵਾਪਸ ਮੁੜ ਆਏ ਤੇ ਸਰਗੋਧੇ ਕੋਲ ਚੱਕ ਨੰਬਰ-5 ਵਿਚ ਰਜਿੰਦਰ ਸਿੰਘ ਕੋਲ ਬੰਦੂਕਾਂ ਲੈਣ ਪਹੁੰਚੇ। ਇਥੇ ਹੀ ਗੰਡਾ ਸਿੰਘ ਰਸਾਲਦਾਰ ਨੇ ਤਿੰਨਾਂ ਨੂੰ 2 ਮਾਰਚ 1915 ਨੂੰ ਗ੍ਰਿਫ਼ਤਾਰ ਕਰਵਾ ਦਿੱਤਾ।

ਪਹਿਲੇ ਲਾਹੌਰ ਸਾਜ਼ਿਸ਼ ਕੇਸ 26 ਅਪਰੈਲ 1915 ਨੂੰ ਲਗਭਗ 82 ਗ਼ਦਰੀਆਂ 'ਤੇ ਮੁਕੱਦਮਾ ਚੱਲਿਆ। ਕਈ ਗ਼ਦਰੀ ਮੌਤ ਤੋਂ ਡਰਦੇ ਵਾਅਦਾ ਮੁਆਫ ਗਵਾਹ ਬਣ ਗਏ ਜਿਨ੍ਹਾਂ ਵਿਚ ਮੂਲਾ ਸਿੰਘ, ਅਮਰ ਸਿੰਘ, ਉਮਰਾਉ ਸਿੰਘ, ਨਰਾਇਣ ਸਿੰਘ, ਜਵਾਲਾ ਸਿੰਘ, ਸੁੱਚਾ ਸਿੰਘ ਆਦਿ ਪ੍ਰਮੁੱਖ ਸਨ। ਮੂਲਾ ਸਿੰਘ ਪਾਰਟੀ ਦਾ ਅਮਰੀਕਾ ਤੋਂ ਹੀ ਸਿਰਕੱਢ ਨੇਤਾ ਸੀ। ਉਸ ਨੇ ਸਭ ਤੋਂ ਵੱਧ ਗਵਾਹੀਆਂ ਦਿੱਤੀਆਂ। ਸਰਾਭੇ ਸਣੇ ਕੁੱਲ 24 ਗ਼ਦਰੀਆਂ ਨੂੰ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। ਸਰਾਭੇ ਵਲੋਂ ਆਪਣੇ ਬਚਾਅ ਲਈ ਕੋਈ ਵਕੀਲ ਨਹੀਂ ਕੀਤਾ ਗਿਆ ਸੀ। ਕੋਰਟ ਦੀ ਕਾਰਵਾਈ ਦਿਖਾਵਾ ਮਾਤਰ ਸੀ ਜਿਸ ਦਾ ਅੰਦਾਜ਼ਾ ਇਸੇ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਇਸ ਕੇਸ ਵਿਚ ਅਦਾਲਤ ਦੇ ਫ਼ੈਸਲੇ ਵਿਰੁੱਧ ਕੋਈ ਵੀ ਗ਼ਦਰੀ ਅੱਗੇ ਅਪੀਲ ਨਹੀਂ ਸੀ ਕਰ ਸਕਦਾ। ਗ਼ਦਰੀਆਂ ਵਲੋਂ ਕੇਸ ਦੀ ਪੈਰਵੀ ਕਰ ਰਹੇ ਵਕੀਲ ਰਘੂਵਰ ਸਹਾਇ ਨੇ 24 ਗ਼ਦਰੀਆਂ ਨੂੰ ਫਾਂਸੀ ਦੀ ਸਜ਼ਾ ਦਾ ਮੁੱਦਾ ਵਾਇਸਰਾਇ ਕੌਂਸਲ ਕੋਲ ਉਠਾਇਆ ਤੇ ਕੌਂਸਲ ਦੇ ਮੈਂਬਰ ਸਰ ਅਲੀ ਇਮਾਮ ਨੇ ਕਾਨੂੰਨੀ ਪੈਂਤਰਿਆਂ ਦੀ ਨਜ਼ਰਸਾਨੀ ਤੋਂ ਬਾਅਦ 24 ਗ਼ਦਰੀਆਂ ਵਿਚੋਂ 17 ਗ਼ਦਰੀਆਂ ਦੀ ਫਾਂਸੀ ਦੀ ਸਜ਼ਾ ਤੋੜ ਕੇ ਸਜ਼ਾ-ਏ-ਕਾਲੇਪਾਣੀ ਕਰ ਦਿੱਤੀ। ਸਰ ਅਲੀ ਇਮਾਮ ਨੇ ਸਰਾਭੇ ਦੀ ਫਾਂਸੀ ਵੀ ਉਮਰ ਕੈਦ ਵਿਚ ਤਬਦੀਲ ਕਰਵਾਉਣ ਲਈ ਬਹੁਤ ਜੱਦੋ-ਜਹਿਦ ਕੀਤੀ, ਕਿਉਂਕਿ ਸਰਾਭੇ ਦੀ ਉਮਰ ਉਸ ਵੇਲੇ ਸਭ ਤੋਂ ਘੱਟ ਸੀ।ਪਰ ਵਾਇਸਰਾਇ ਨੇ ਅਪੀਲ ਖਾਰਜ਼ ਕਰ ਦਿੱਤੀ ਸੀ। ਕੋਰਟ ਦੇ ਜੱਜਾਂ ਵਲੋਂ ਸਰਾਭੇ ਬਾਰੇ ਸਭ ਤੋਂ ਵੱਧ ਸੱਤ ਪੰਨਿਆਂ ਦਾ ਫ਼ੈਸਲਾ ਲਿਖਿਆ ਗਿਆ ਸੀ ਜਿਸ ਵਿਚ ਉਸ ਨੂੰ ਸਭ ਤੋਂ ਵੱਧ 'ਖ਼ਤਰਨਾਕ' ਦੱਸਿਆ ਗਿਆ ਸੀ। ਫ਼ੈਸਲੇ ਵਿਚ ਅਹਿਮ ਗੱਲ ਇਹ ਲਿਖੀ ਗਈ ਸੀ ਕਿ ਗ਼ਦਰ ਦੀ ਅਜਿਹੀ ਕੋਈ ਵੀ ਘਟਨਾ ਨਹੀਂ ਹੈ ਜਿਸ ਵਿਚ ਸਰਾਭਾ ਸ਼ਾਮਲ ਨਾ ਹੋਵੇ। ਆਖ਼ਰ ਸਰਾਭੇ ਤੇ ਉਸ ਦੇ ਛੇ ਸਾਥੀਆਂ ਜਿਨ੍ਹਾਂ ਵਿਚ ਵਿਸ਼ਣੂ ਗਣੇਸ਼ ਪਿੰਗਲੇ, ਜਗਤ ਸਿੰਘ ਸੁਰਸਿੰਘ, ਹਰਨਾਮ ਸਿੰਘ ਸਿਆਲਕੋਟ, ਸੁਰੈਣ ਸਿੰਘ ਵੱਡਾ, ਬਖਸ਼ੀਸ਼ ਸਿੰਘ ਤੇ ਸੁਰੈਣ ਸਿੰਘ ਛੋਟਾ ਨੂੰ 16 ਨਵੰਬਰ 1915 ਨੂੰ ਲਾਹੌਰ ਦੀ ਸੈਂਟਰਲ ਜੇਲ ਵਿਚ ਫਾਂਸੀ ਲਾ ਦਿੱਤਾ ਗਿਆ।

ਇਕਬਾਲ ਸਿੰਘ

# ਪੰਜਾਬੀ ਅਣਖ ਦਾ ਕੌਮੀ ਸ਼ਾਇਰ ਸ਼ਾਹ ਮੁਹੰਮਦ

ਮਹਾਰਾਜਾ ਰਣਜੀਤ ਸਿੰਘ ਦੇ ਸਮਕਾਲੀ ਅਤੇ ਸਿੱਖ ਫ਼ੌਜ ਤੇ ਬਰਤਾਨਵੀ ਸੈਨਾ ਵਿਚਾਲੇ ਹੋਈ ਲੜਾਈ ਦਾ ਅੱਖੀਂ ਡਿੱਠਾ ਹਾਲ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਲਿਖ ਕੇ ਪੰਜਾਬੀ ਸਾਹਿਤ ਜਗਤ ਵਿੱਚ ਇੱਕ ਵਿਲੱਖਣ ਥਾਂ ਬਣਾਉਣ ਵਾਲੇ ਕਿੱਸਾਕਾਰ ਸ਼ਾਹ ਮੁਹੰਮਦ ਦੇ ਜੱਦੀ ਪਿੰਡ ਵਡਾਲਾ ਵਿੱਚ ਅੱਜ ਉਨ੍ਹਾਂ ਦੀ ਕੋਈ ਨਿਸ਼ਾਨੀ ਬਾਕੀ ਨਹੀਂ ਪਰ ਇਸ ਦੇ ਬਾਵਜੂਦ ਵੀ ਲੋਕੀਂ ਇਸ ਗੱਲ ਦਾ ਮਾਣ ਕਰਦੇ ਹਨ ਕਿ ਸ਼ਾਹ ਮੁਹੰਮਦ ਉਨ੍ਹਾਂ ਦੇ ਪਿੰਡ ਤੋਂ ਸੀ।

ਅੰਮ੍ਰਿਤਸਰ ਤੋਂ 25 ਕਿਲੋਮੀਟਰ ਦੀ ਦੂਰੀ 'ਤੇ ਕਸਬਾ ਮਜੀਠਾ ਨੇੜੇ ਸਥਿਤ ਪਿੰਡ ਵਡਾਲਾ ਅੱਜ ਵੀ ਘੁੱਗ ਵਸਦਾ ਹੈ। ਪਿੰਡ ਵੀਰਮ ਤੇ ਭੋਮਾ ਇਸੇ ਪਿੰਡ ਦਾ ਹਿੱਸਾ ਮੰਨੇ ਜਾਂਦੇ ਹਨ। ਦੇਸ਼ ਵੰਡ ਤੋਂ ਪਹਿਲਾਂ ਇੱਥੇ ਮੁਸਲਮਾਨਾਂ ਦੀ ਬਹੁ ਗਿਣਤੀ ਸੀ। ਅੱਜ ਵੀ ਪਿੰਡ ਵਿੱਚ ਕਈ ਮਸੀਤਾਂ ਮੌਜੂਦ ਹਨ ਪਰ ਉਨ੍ਹਾਂ ਦੀ ਹਾਲਤ ਬਹੁਤੀ ਚੰਗੀ ਨਹੀਂ ਹੈ।

ਪਿੰਡ ਵਿੱਚ ਸ਼ਾਹ ਮੁਹੰਮਦ ਦੇ ਜੱਦੀ ਘਰ ਦੀ ਹੁਣ ਕੋਈ ਨਿਸ਼ਾਨੀ ਬਾਕੀ ਨਹੀਂ ਰਹੀ। ਪਿੰਡ ਦੇ ਵਸਨੀਕਾਂ ਅਨੁਸਾਰ ਜਿੱਥੇ ਇਸ ਵੇਲੇ ਗੁਰਦੁਆਰਾ ਹੈ, ਉਸ ਦੇ ਲਾਗੇ ਹੀ ਸ਼ਾਹ ਮੁਹੰਮਦ ਦਾ ਘਰ ਹੋਇਆ ਕਰਦਾ ਸੀ। ਗੁਰਦੁਆਰਾ ਸਾਹਿਬ ਦੇ ਲਾਗੇ ਇੱਕ ਖੂਹੀ ਹੋਇਆ ਕਰਦੀ ਸੀ। ਸਾਲ 1973 ਵਿੱਚ ਭਾਸ਼ਾ ਵਿਭਾਗ ਦੇ ਡਾਇਰੈਕਟਰ ਦੀ ਅਗਵਾਈ ਵਿੱਚ ਖੋਜਕਾਰਾਂ ਦੀ ਇੱਕ ਟੀਮ ਨੇ ਪਿੰਡ ਦਾ ਦੌਰਾ ਕੀਤਾ ਸੀ। ਇਸ ਟੀਮ ਨੇ ਰੈਵੇਨਿਊ ਰਿਕਾਰਡ ਦੀ ਮਦਦ ਨਾਲ ਸ਼ਾਹ ਮੁਹੰਮਦ ਦੇ ਪਿੰਡ ਦਾ ਪਤਾ ਲਾਇਆ ਸੀ। ਉਨ੍ਹਾਂ ਸ਼ਾਹ ਮੁਹੰਮਦ ਦੇ ਘਰ ਵਿੱਚ ਸਥਿਤ ਖੂਹੀ ਵਿੱਚ ਲੱਗੀ ਇੱਕ ਸਿਲ-ਲਿਖਤ ਵੀ ਲੱਭੀ ਸੀ, ਜਿਸ ਤੋਂ ਇਹ ਸਪਸ਼ਟ ਹੋ ਗਿਆ ਸੀ ਕਿ ਵਡਾਲਾ ਹੀ ਸ਼ਾਹ ਮੁਹੰਮਦ ਦਾ ਪਿੰਡ ਸੀ। ਸੰਨ 2004 ਤਕ ਵੀ ਇਹ ਖੂਹੀ ਮੌਜੂਦ ਸੀ ਪਰ ਅੱਜ ਇਹ ਨਿਸ਼ਾਨੀ ਵੀ ਨਹੀਂ ਰਹੀ। ਇਸ ਨੂੰ ਪੂਰ ਦਿੱਤਾ ਗਿਆ ਹੈ। ਸ਼ਾਹ ਮੁਹੰਮਦ ਦਾ ਜੀਵਨ ਕਾਲ ਸਾਲ 1782 ਤੋਂ 1862 ਦੱਸਿਆ ਜਾਂਦਾ ਹੈ। ਭਾਵੇਂ ਇਹ ਵੀ ਕਿਹਾ ਜਾਂਦਾ ਹੈ ਕਿ ਉਸ ਦੀ ਮੌਤ ਵੀ ਇਸੇ ਪਿੰਡ ਵਿੱਚ ਹੋਈ ਸੀ ਪਰ ਇਸ ਦਾ ਕੋਈ ਸਬੂਤ ਨਹੀਂ ਮਿਲਦਾ।

ਭਾਸ਼ਾ ਵਿਭਾਗ ਨੇ ਸਾਲ 1973 ਅਤੇ ਸਾਲ 1978 ਵਿੱਚ ਸ਼ਾਹ ਮੁਹੰਮਦ ਬਾਰੇ ਦੋ ਸਮਾਗਮ ਵੀ ਕਰਵਾਏ ਸਨ। ਉਸ ਮਗਰੋਂ ਸ਼ਾਹ ਮੁਹੰਮਦ ਨੂੰ ਸਰਕਾਰ ਵੀ ਭੁੱਲ ਗਈ ਤੇ ਪਿੰਡ ਦੇ ਲੋਕ ਵੀ।

ਸ਼ਾਹ ਮੁਹੰਮਦ ਦੇ ਜੱਦੀ ਪਿੰਡ ਵਡਾਲਾ ਦੇ ਵੱਡ-ਵਡੇਰਿਆਂ ਡੱਲਾ ਤੇ ਕੁੱਲਾ ਦਾ ਪਿਛਲਾ ਪਿੰਡ ਸਜਾਦਾ ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਵਿੱਚ ਸਥਿਤ ਹੈ। ਇਨ੍ਹਾਂ ਦਾ ਗੋਤ ਹੰਜਰਾ ਸੀ। ਹੰਜਰਾ ਦਾ ਅਰੰਭ ਸਰੋਆ ਰਾਜਪੂਤਾਂ ਤੋਂ ਹੋਇਆ ਸੀ। ਰਾਜਸਥਾਨ ਵਿੱਚ ਸਰੋਈ ਨਗਰ ਸਰੋਆ ਰਾਜਪੂਤਾਂ ਨੇ ਹੀ ਵਸਾਇਆ ਸੀ। ਇਨ੍ਹਾਂ ਵਿੱਚੋਂ ਹੀ ਇੱਕ ਹੰਜੜਾਊ ਵੱਡ-ਵਡੇਰਾ, ਕਬੀਲੇ ਸਮੇਤ ਸਰੋਈ ਨਗਰ ਛੱਡ ਕੇ ਗੁਜਰਾਂਵਾਲਾ ਜ਼ਿਲ੍ਹੇ ਦੇ ਹਾਫਜਾ ਪਰਗਨੇ ਵਿੱਚ ਆ ਵਸਿਆ ਸੀ ਤੇ ਉਸ ਨੇ ਉਸਖਾਬ ਨਾਂ ਦਾ ਪਿੰਡ ਵਸਾਇਆ ਸੀ। ਇਸ ਦੇ ਖੰਡਰ ਅੱਜ ਵੀ ਪਾਕਿਸਤਾਨ ਵਿੱਚ ਮਿਲਦੇ ਹਨ। ਜ਼ਿਲ੍ਹਾ ਗੁਜਰਾਂਵਾਲਾ ਵਿੱਚ ਅੱਜ ਵੀ ਹੰਜਰਾ ਗੋਤ ਦੇ 37 ਪਿੰਡ ਹਨ। ਸ਼ਾਹ ਮੁਹੰਮਦ ਹੰਜਰਾਅ ਮੁਸਲਮਾਨ ਜੱਟ ਸਨ। ਕਦੇ ਸਮਾਂ ਸੀ ਜਦੋਂ ਵਡਾਲਾ ਨੇੜਿਉਂ ਕਿਸੇ ਵੇਲੇ ਰਾਵੀ ਵਗਦੀ ਹੁੰਦੀ ਸੀ। ਡੱਲਾ ਤੇ ਕੁੱਲਾ ਦੋਵੇਂ ਭਰਾ ਅਕਬਰ ਬਾਦਸ਼ਾਹ ਦੇ ਸਤਾਏ ਹੋਏ ਆਪਣੇ ਪਰਿਵਾਰ ਤੇ ਮਾਲ ਡੰਗਰ ਲੈ ਕੇ ਇੱਥੇ ਆ ਵਸੇ ਸਨ। ਇਹ ਦੋਵੇਂ ਭਰਾ ਪਹਿਲਵਾਨੀ ਕਰਦੇ ਸਨ ਤੇ ਮਜ਼ਬੂਤ ਜੁੱਸੇ ਵਾਲੇ ਸਨ। ਇਸ ਇਲਾਕੇ ਦੇ ਸਰਦਾਰ ਮੱਲ੍ਹੀ ਨੂੰ ਕੁਸ਼ਤੀਆਂ ਕਰਾਉਣ ਦਾ ਸ਼ੌਕ ਸੀ। ਮੱਲ੍ਹੀ ਨੇ ਇੱਕ ਤਕੜੇ ਭਲਵਾਨ ਨਾਲ ਡੱਲੇ ਦੀ ਕੁਸ਼ਤੀ ਕਰਾਵਈ ਤਾਂ ਡੱਲੇ ਨੇ ਉਸ ਪਹਿਲਵਾਨ ਦਾ ਹੱਥ ਏਨੀ ਜ਼ੋਰ ਨਾਲ ਘੁੱਟਿਆ ਕਿ ਉਸ ਦੇ ਹੱਥ ਦਾ ਖ਼ੂਨ ਸਿੰਮ ਆਇਆ। ਸਰਦਾਰ ਨੇ ਡੱਲੇ ਦੀ ਇਸ ਬਹਾਦਰੀ ਤੋਂ ਖ਼ੁਸ਼ ਹੋ ਕਿ ਡੱਲੇ ਨੂੰ ਕਿਹਾ ਕਿ ਉਹ ਘੋੜੇ 'ਤੇ ਚੜ੍ਹ ਕੇ ਉਸ ਦੀ ਜ਼ਮੀਨ 'ਤੇ ਚੱਕਰ ਲਾਵੇ, ਜਿੱਥੇ-ਜਿੱਥੇ ਉਹ ਘੁੰਮੇਗਾ, ਉਸ ਸਾਰੀ ਜ਼ਮੀਨ ਦਾ ਉਹ ਮਾਲਕ ਬਣ ਜਾਵੇਗਾ। ਡੱਲੇ ਕੋਲ ਘੋੜਾ ਤਾਂ ਨਹੀਂ ਸੀ ਪਰ ਉਸ ਨੇ ਆਪਣੇ ਝੋਟੇ 'ਤੇ ਚੜ੍ਹ ਕੇ ਜ਼ਮੀਨ ਦੁਆਲੇ ਘੁੰਮਿਆ। ਇਸ ਤਰ੍ਹਾਂ ਉਹ ਜ਼ਮੀਨ ਦਾ ਮਾਲਕ ਬਣ ਗਿਆ।

ਡੱਲਾ ਕੁੱਲੇ ਦਾ ਵੱਡਾ ਭਰਾ ਸੀ। ਇਸ ਤਰ੍ਹਾਂ ਵੱਡੇ ਡੱਲੇ ਤੋਂ ਹੌਲੀ-ਹੌਲੀ ਵਡਾਲਾ ਬਣ ਗਿਆ। ਬਾਅਦ ਵਿੱਚ ਵਡਾਲੇ ਵਿੱਚੋਂ ਹੀ ਵੀਰਮ ਤੇ ਭੋਮਾ ਬਣੇ। ਇਨ੍ਹਾਂ ਤਿੰਨਾਂ ਪਿੰਡਾਂ ਦੀ ਆਬਾਦੀ ਇਸ ਵੇਲੇ 15 ਹਜ਼ਾਰ ਦੇ ਲਗਪਗ ਹੈ। ਇਨ੍ਹਾਂ ਦਾ ਗੋਤ ਹੰਜਰਾ ਹੈ। ਸਰਕਾਰੀ ਰਿਕਾਰਡ ਸਾਲ 1865 ਦੇ ਅਨੁਸਾਰ ਸ਼ਾਹ ਮੁਹੰਮਦ ਦੇ ਦੋ ਪੁੱਤਰ ਮੁਹੰਮਦ ਬਖਸ਼ ਤੇ ਹਾਸ਼ਮ ਸ਼ਾਹ ਮੁਖਲਸ ਸਨ। ਬਖਸ਼ ਕਵੀ ਸੀ ਤੇ ਮੁਖਲਸ ਕਵੀ ਹੋਣ ਦੇ ਨਾਲ-ਨਾਲ ਹਕੀਮ ਵੀ ਸੀ।

ਸ਼ਾਹ ਮੁਹੰਮਦ ਨੇ ਜੰਗਨਾਮੇ ਵਿੱਚ ਅੱਖੀਂ ਡਿੱਠਾ ਹਾਲ ਉਸੇ ਤਰ੍ਹਾਂ ਹੀ ਬਿਆਨ ਕੀਤਾ ਹੈ। ਉਸ ਨੂੰ ਲਾਹੌਰ ਦਰਬਾਰ ਦੀ ਬਹੁਤ ਹੀ ਨੇੜਿਉਂ ਤੇ ਅੰਦਰਲੀ ਜਾਣਕਾਰੀ ਸੀ। ਇਸ ਦਾ ਇੱਕ ਕਾਰਨ ਇਹ ਵੀ ਸੀ ਕਿ ਸ਼ਾਹ ਮੁਹੰਮਦ ਦਾ ਬਟਾਲੇ ਦਾ ਇੱਕ ਰਿਸ਼ਤੇਦਾਰ ਦੀਨ ਮੁਹੰਮਦ ਮਹਾਰਾਜਾ ਸ਼ੇਰ ਸਿੰਘ ਦਾ ਮੀਰ ਮੁਨਸ਼ੀ ਸੀ ਤੇ ਮਹਾਰਾਜਾ ਰਣਜੀਤ ਸਿੰਘ ਦੇ ਤੋਪਚੀ ਸੁਲਤਾਨ ਮਹਿਮੂਦ, ਜਿਹੜਾ ਪਿੰਡ ਵੈਰੋਵਾਲ (ਜ਼ਿਲ੍ਹਾ ਤਰਨਤਾਰਨ) ਦਾ ਵਾਸੀ ਸੀ, ਸ਼ਾਹ ਮੁਹੰਮਦ ਦਾ ਰਿਸ਼ਤੇਦਾਰ ਸੀ। ਅੰਗਰੇਜ਼ਾਂ ਨੇ ਇਸ ਦੀ ਜਗੀਰ ਜ਼ਬਤ ਕਰ ਲਈ ਸੀ। ਉਨ੍ਹਾਂ ਦੀ ਰਿਸ਼ਤੇਦਾਰੀ ਦੀ ਕੜੀ ਫ਼ਕੀਰ ਅਜੈਜੂਦੀਨ ਤਕ ਫੈਲੀ ਹੋਈ ਸੀ। ਇਸੇ ਕਰਕੇ ਸ਼ਾਹ ਮੁਹੰਮਦ ਦਾ ਬਟਾਲੇ ਮਹਾਰਾਜਾ ਸ਼ੇਰ ਸਿੰਘ ਦੇ ਦਰਬਾਰ ਤੇ ਲਾਹੌਰ ਦਰਬਾਰ ਵਿੱਚ ਆਮ ਆਉਣਾ ਜਾਣਾ ਸੀ। ਉਸ ਵੇਲੇ ਲਾਹੌਰ ਦਰਬਾਰ ਵਿੱਚ ਵਾਪਰ ਰਹੀਆਂ ਉਤਰਾਅ ਚੜ੍ਹਾਅ ਵਾਲੀਆਂ ਘਟਨਾਵਾਂ ਨੂੰ ਸ਼ਾਹ ਮੁਹੰਮਦ ਅੱਖੀਂ ਵੇਖਦਾ ਰਿਹਾ ਸੀ। ਇਸ ਬਾਰੇ ਸ਼ਾਹ ਮੁਹੰਮਦ ਨੇ ਜੰਗਨਾਮੇ ਵਿੱਚ ਬਾਖ਼ੂਬੀ ਜ਼ਿਕਰ ਕੀਤਾ ਹੈ।



ਸ਼ਾਹ ਮੁਹੰਮਦ ਦਾ ਜੰਗਨਾਮਾ ਸਿੰਘਾਂ ਤੇ ਫਰੰਗੀਆਂ ਇੱਕ ਅਜਿਹੀ ਸ਼ਾਹਕਾਰ ਰਚਨਾ ਹੈ ਕਿ ਇਹ ਇੱਕ ਉੱਤਮ ਸਾਹਿਤਕ ਰਚਨਾ ਵੀ ਬਣੀ ਅਤੇ ਇਤਿਹਾਸਕ ਦਸਤਾਵੇਜ਼ ਵੀ। ਵਿਡੰਬਨਾ ਇਹ ਹੈ ਕਿ ਕਿਸੇ ਵੀ ਸਿੱਖ ਕਵੀ ਨੇ ਸਿੱਖ ਰਾਜ ਬਾਰੇ ਕੁਝ ਨਹੀਂ ਲਿਖਿਆ ਪਰ ਇੱਕ ਮੁਸਲਮਾਨ ਕਵੀ ਸ਼ਾਹ ਮੁਹੰਮਦ ਨੇ ਜਿਸ ਬੇਬਾਕੀ ਤੇ ਨਿਡਰਤਾ ਨਾਲ ਲਿਖਿਆ, ਉਹ ਬੇਮਿਸਾਲ ਹੈ। ਜਿੱਥੇ ਸ਼ਾਹ ਮੁਹੰਮਦ ਨੇ ਇਸ ਜੰਗਨਾਮੇ ਵਿੱਚ ਬਹਾਦਰੀ ਨਾਲ ਲੜਨ ਵਾਲੇ ਸਿੰਘਾਂ ਬਾਰੇ ਲਿਖਿਆ ਹੈ ਉੱਥੇ ਉਸ ਨੇ ਗ਼ੱਦਾਰੀ ਕਰਨ ਵਾਲਿਆਂ ਨੂੰ ਵੀ ਨਹੀਂ ਬਖ਼ਸ਼ਿਆ ਅਤੇ ਉਨ੍ਹਾਂ ਬਾਰੇ ਵੀ ਬੜੀ ਬੇਬਾਕੀ ਨਾਲ ਲਿਖਿਆ ਹੈ। ਇਸੇ ਲਈ ਇਸ ਰਚਨਾ ਨੂੰ ਸਿੱਖ ਰਾਜ ਦੇ ਇੱਕ ਦਸਤਾਵੇਜ਼ ਵਜੋਂ ਪ੍ਰਵਾਨ ਕੀਤਾ ਗਿਆ ਹੈ।

ਸ਼ਾਹ ਮੁਹੰਮਦ ਵੱਲੋਂ ਰਚਿਤ ਜੰਗਨਾਮਾ 'ਸਿੰਘਾਂ ਤੇ ਫਿਰੰਗੀਆਂ' ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਖ਼ਾਲਸਾ ਦਰਬਾਰ ਦੀਆਂ ਘਟਨਾਵਾਂ ਦਾ ਸਭ ਤੋਂ ਭਰੋਸੇਯੋਗ ਇਤਿਹਾਸਕ ਸ੍ਰੋਤ ਹੈ। ਸ਼ਾਹ ਮੁਹੰਮਦ ਨੂੰ ਇਨ੍ਹਾਂ ਘਟਨਾਵਾਂ ਬਾਰੇ ਜਾਣਕਾਰੀ ਕਿਵੇਂ ਸੀ ਤੇ ਉਸ ਦਾ ਪਰਿਵਾਰਕ ਪਿਛੋਕੜ ਕੀ ਸੀ ? ਬਾਰੇ ਖੋਜ ਅਜੇ ਨਾ-ਮੁਕੰਮਲ ਹੈ।

ਸ਼ਾਹ ਮੁਹੰਮਦ ਨੂੰ 'ਜੰਗਨਾਮਾ' ਲਿਖਣ ਲਈ ਪ੍ਰੇਰਣ ਵਾਲੇ, ਹੀਰਾ ਤੇ ਨੂਰ ਖਾਂ ਸਨ। ਉਹ ਆਪ ਹੀ ਲਿਖਦਾ ਹੈ:

ਇੱਕ ਦਿਨ ਵਡਾਲੇ ਦੇ ਵਿੱਚ ਬੈਠੇ,<br>
ਚੱਲੀ ਆਣ ਫਿਰੰਗੀ ਦੀ ਬਾਤ ਆਈ।<br>
ਸਾਨੂੰ ਆਖਿਆ ਹੀਰੇ ਤੇ ਨੂਰ ਖਾਂ ਨੇ,<br>
ਜਿਨ੍ਹਾਂ ਨਾਲ ਸਾਡੀ ਮੁਲਾਕਾਤ ਹੋਈ।

ਵਡਾਲਾ ਜ਼ਿਲ੍ਹਾ ਅੰਮ੍ਰਿਤਸਰ ਦਾ ਪ੍ਰਸਿੱਧ ਪਿੰਡ ਹੈ। ਇਹ ਮਜੀਠਾ ਕਸਬੇ ਤੋਂ ਛੇ ਕਿਲੋਮੀਟਰ ਫਤਿਹਗੜ੍ਹ ਚੂੜੀਆਂ ਜਾਣ ਵਾਲੀ ਸੜਕ 'ਤੇ ਹੈ। ਪਿੰਡ ਵਡਾਲਾ ਦੇ ਬਜ਼ੁਰਗ ਦਸਦੇ ਹਨ ਕਿ ਪਿੰਡ ਸ਼ਜਾਦਾ ਜ਼ਿਲ੍ਹਾ ਗੁਜਰਾਂਵਾਲਾ ਹੁਣ ਪਾਕਿਸਤਾਨ ਦੇ, ਦੋ ਹੰਜਰਾ ਜੱਟ, ਡੱਲਾ ਤੇ ਕੁੱਲਾ ਭਾਈ ਸਨ, ਜੋ ਮਾਲ ਡੰਗਰ ਦਾ ਕੰਮ ਕਰਦੇ ਸਨ ਅਤੇ ਅਕਬਰ ਬਾਦਸ਼ਾਹ ਤੋਂ ਬਾਗੀ ਸਨ। ਅਕਬਰ ਦੀ ਸਖ਼ਤੀ ਤੋਂ ਬਚਣ ਲਈ ਉਹ ਰਾਵੀ ਕੰਢੇ ਇਸ ਪਾਸੇ ਆ ਗਏ। ਹੰਜਰਾ ਜੱਟ ਆਪਣਾ ਪਿਛੋਕੜ ਸਰੋਆ ਰਾਜਪੂਤਾਂ ਤੋਂ ਦਸਦੇ ਹਨ ਜੋ ਰਾਜਸਥਾਨ ਤੋਂ ਆ ਕੇ ਗੁਜਰਾਂਵਾਲਾ ਨੇੜੇ 37 ਪਿੰਡਾਂ ਵਿੱਚ ਆਬਾਦ ਹੋਏ। ਇਸ ਤਰ੍ਹਾਂ ਸ਼ਾਹ ਮੁਹੰਮਦ ਦਾ ਪਿਛੋਕੜ ਵੀ ਪਿੰਡ ਸ਼ਜਾਦਾ ਗੁਜਰਾਂਵਾਲਾ ਨਾਲ ਹੀ ਜੁੜਦਾ ਹੈ।

ਸ਼ਾਹ ਮੁਹੰਮਦ ਦਾ ਇੱਕ ਨਜ਼ਦੀਕੀ ਰਿਸ਼ਤੇਦਾਰ ਦੀਨ ਮੁਹੰਮਦ ਬਟਾਲਾ ਵਿਖੇ ਕੰਵਰ ਸ਼ੇਰ ਸਿੰਘ ਦੀ ਜਗੀਰ ਦਾ ਮੀਰ-ਮੁਣਸ਼ੀ ਸੀ। ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦਾ ਤੋਪਚੀ ਸੁਲਤਾਨ ਮਹਿਮੂਦ ਵਾਸੀ ਵੈਰੋਵਾਲ ਵੀ ਉਸ ਦਾ ਰਿਸ਼ਤੇਦਾਰ ਸੀ ਅਤੇ ਲਾਹੌਰ ਦਰਬਾਰ ਵਿੱਚ ਇਨ੍ਹਾਂ ਨੂੰ ਫ਼ਕੀਰ ਭਰਾਵਾਂ ਦੀ ਸਰਪ੍ਰਸਤੀ ਮਿਲੀ ਹੋਈ ਸੀ। ਸ਼ਾਹ ਮੁਹੰਮਦ ਦਾ ਜਨਮ ਪਿੰਡ ਵਡਾਲੇ ਵਿੱਚ ਹੀ ਨਵੰਬਰ 1780 ਦਾ ਹੋਇਆ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਉਹ ਮਹਾਰਾਜਾ ਰਣਜੀਤ ਸਿੰਘ ਦਾ ਹਮ ਉਮਰ ਵੀ ਸੀ।

ਸ਼ਾਹ ਮੁਹੰਮਦ ਵੱਲੋਂ ਲਿਖਿਆ ਜੰਗਨਾਮਾ ਇੱਕ ਉੱਤਮ ਕਾਵਿ-ਰਚਨਾ ਹੈ, ਜਿਸ ਵਿੱਚ ਸ਼ਬਦਾਂ ਦੀ ਚੋਣ ਅਤੇ ਘਟਨਾਵਾਂ ਦੀ ਤਰਤੀਬ ਦਿਲ ਖਿੱਚਵੀਂ ਜਾਣਕਾਰੀ ਭਰਪੂਰ ਹੈ। ਸ਼ਾਹ ਮੁਹੰਮਦ ਦੀ ਕੇਵਲ ਇਹ ਰਚਨਾ ਹੀ ਅਜੇ ਤਕ ਖੋਜੀ ਜਾ ਸਕੀ ਹੈ। ਸ਼ਾਹ ਮੁਹੰਮਦ ਵੱਲੋਂ ਸਿੱਖ ਫ਼ੌਜ ਲਈ 'ਖ਼ਾਲਸਾ' ਜਾਂ 'ਸਿੰਘਾਂ' ਸ਼ਬਦ ਦੀ ਵਰਤੋਂ ਕੀਤੀ ਗਈ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਸ਼ੁਕਰਚੱਕੀਆ ਮਿਸਲ ਦੇ ਸਰਦਾਰ ਤੋਂ ਪੰਜਾਬ ਦੇ ਬਾਦਸ਼ਾਹ ਬਣਨ ਤਕ 50 ਸਾਲ ਦਾ ਰਾਜ ਸਰਬ ਸਾਂਝੀਵਲਤਾ, ਤਰੱਕੀ, ਨਿਆਂ, ਬਰਾਬਰੀ ਤੇ ਬਹਾਦਰੀ ਦੀ ਮਿਸਾਲ ਹੈ। ਸ਼ਾਹ ਮੁਹੰਮਦ ਲਿਖਦਾ ਹੈ ਕਿ:

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,<br>
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।<br>
ਮੁਲਤਾਨ, ਕਸ਼ਮੀਰ, ਪਸ਼ੌਰ, ਚੰਬਾ,<br>
ਜੰਮੂ, ਕਾਂਗੜਾ ਕੋਟ ਨਿਵਾਇ ਗਿਆ।<br>
ਹੋਰ ਦੇਸ਼ ਲੱਦਾਖ ਤੇ ਚੀਨ ਤੋੜੀ,<br>
ਸਿੱਕਾ ਆਪਣੇ ਨਾਮ ਚਲਾਇ ਗਿਆ।<br>
ਸ਼ਾਹ ਮੁਹੰਮਦ ਜਾਣ ਪਚਾਸ ਬਰਸਾਂ,<br>
ਅੱਛਾ ਰੱਜ ਕੇ ਰਾਜ ਕਮਾਇ ਗਿਆ।

ਖ਼ਾਲਸਾ ਰਾਜ ਸਮੇਂ ਭਾਈ ਚਾਰੇ ਅਤੇ ਧਰਮੀ ਸਦਭਾਵਨਾ ਦੀ ਮਿਸਾਲ ਪੇਸ਼ ਕਰਦੇ ਹੋਏ ਸ਼ਾਹ ਮੁਹੰਮਦ ਲਿਖਦਾ ਹੈ:

ਰਾਜੀ ਬਹੁਤ ਰਹਿੰਦੇ ਮੁਸ਼ਲਮਾਨ ਹਿੰਦੂ,<br>
ਸਿਰਾਂ ਦੋਹਾਂ ਦੇ ਉਤੇ ਆਫਾਤ ਆਈ।<br>
ਸ਼ਾਹ ਮੁਹੰਮਦਾ ਵਿੱਚ ਪੰਜਾਬ ਦੇ ਜੀ,<br>
ਕਦੇ ਨਹੀ ਸੀ ਤੀਸਰੀ ਜਾਤ ਆਈ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਹੀ ਦਰਬਾਰ ਅੰਦਰ ਆਪਸੀ ਕਤਲ ਹੋਣੇ ਸ਼ੁਰੂ ਹੋ ਗਏ, ਸ਼ਾਹ ਮੁਹੰਮਦ ਅਨੁਸਾਰ:

ਜਦੋਂ ਹੋਏ ਸਰਕਾਰ ਦੇ ਸਵਾਸ ਪੂਰੇ,<br>
ਜਮਾ ਹੋਏ ਨੀ ਸਭ ਸਰਦਾਰ ਮੀਆਂ,<br>
ਚੇਤ ਸਿੰਘ ਨੂੰ ਮਾਰਿਆਂ ਕੌਰ ਸਾਹਿਬ,<br>
ਸ਼ੁਰੂ ਹੋਈ ਦਰਬਾਰ ਤਲਵਾਰ ਮੀਆਂ।<br>
ਖੜਕ ਸਿੰਘ ਮਹਾਰਾਜ ਨੇ ਧਾਹ ਮਾਰੀ,<br>
ਮੋਇਆ ਮੁੱਢ ਕਦੀਮ ਦਾ ਯਾਰ ਮੀਆਂ।<br>
ਸ਼ਾਹ ਮੁਹੰਮਦ ਅਸਾਂ ਵੀ ਨਾਲ ਮਰਨਾ,<br>
ਸਾਡਾ ਇਹੋ ਸੀ ਕੌਲ ਕਰਾਰ ਮੀਆਂ।<br>
ਸ਼ਾਹ ਮੁਹੰਮਦ ਧੁਰੋਂ ਤਲਵਾਰ ਵਗੀ,<br>
ਸਭ ਕਤਲ ਹੁੰਦੇ ਬਾਰੋ ਬਾਰ ਮੀਆਂ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਖੜਕ ਸਿੰਘ ਮਹਾਰਾਜਾ ਬਣਿਆ ਅਤੇ ਚੇਤ ਸਿੰਘ ਉਸ ਦਾ ਖ਼ਾਸ ਸਲਾਹਕਾਰ ਸੀ। ਚੇਤ ਸਿੰਘ ਨੇ ਧਿਆਨ ਸਿੰਘ ਡੋਗਰੇ ਦੀਆਂ ਚਾਲਾਂ ਨੂੰ ਸਮਝ ਲਿਆ ਸੀ ਇਸ ਤੋਂ ਪਹਿਲਾਂ ਕਿ ਉਹ ਕੋਈ ਕਾਰਵਾਈ ਡੋਗਰੇ ਭਰਾਵਾਂ ਵਿਰੁੱਧ ਕਰਦੇ, ਡੋਗਰੇ ਭਰਾਵਾਂ ਨੇ ਕੰਵਰ ਨੌਨਿਹਾਲ ਸਿੰਘ ਨੂੰ ਆਪਣੇ ਨਾਲ ਮਿਲਾ ਕੇ ਮਹਾਰਾਜ ਖੜਕ ਸਿੰਘ ਦੀ ਹਾਜ਼ਰੀ ਵਿੱਚ ਹੀ ਚੇਤ ਸਿੰਘ ਦਾ ਕਤਲ ਕਰ ਦਿੱਤਾ। ਫਿਰ ਮਹਾਰਾਜ ਖੜਕ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਦੀ ਸ਼ੱਕੀ ਹਾਲਾਤ ਵਿੱਚ ਮੌਤ ਹੋਈ ਕਿਉਂਕਿ ਹੁਣ ਕੰਵਰ ਨੌਨਿਹਾਲ ਸਿੰਘ ਵੀ ਡੋਗਰਿਆਂ ਨੂੰ ਜਾਣ ਗਿਆ ਸੀ। ਫਿਰ ਰਾਣੀ ਚੰਦ ਕੌਰ ਨੇ ਰਾਜ ਭਾਗ ਸੰਭਾਲਿਆ ਅਤੇ ਡੋਗਰੇ ਧਿਆਨ ਸਿੰਘ ਨੇ ਕੰਵਰ ਸ਼ੇਰ ਸਿੰਘ ਨੂੰ ਵਾਪਸ ਮੁਕੇਰੀਆਂ ਭੇਜ ਦਿੱਤਾ। ਸਾਲ 1841 ਵਿੱਚ ਧਿਆਨ ਸਿੰਘ 22 ਦਿਨ ਦੀ ਛੁੱਟੀ ਲੈ ਕੇ ਜੰਮੂ ਚਲਾ ਗਿਆ ਤੇ ਕੰਵਰ ਸ਼ੇਰ ਸਿੰਘ ਨੂੰ ਲਾਹੌਰ 'ਤੇ ਕਬਜ਼ਾ ਕਰਨ ਦਾ ਸੱਦਾ ਭੇਜ ਦਿੱਤਾ। ਫ਼ੌਜ ਨੂੰ ਸ਼ੇਰ ਸਿੰਘ ਦੀ ਮਦਦ ਕਰਨ ਦੀ ਸਲਾਹ ਦਿੱਤੀ। ਕੰਵਰ ਸ਼ੇਰ ਸਿੰਘ ਫ਼ੌਜ ਲੈ ਕੇ ਬੁੱਧੂ ਦੇ ਆਵੇ ਲਾਹੌਰ ਆ ਗਿਆ ਜਿੱਥੇ ਖ਼ਾਲਸਾ ਫ਼ੌਜ ਉਸ ਨੂੰ ਆਣ ਮਿਲੀ। ਰਾਣੀ ਚੰਦ ਕੌਰ ਨੂੰ ਕੈਦ ਕਰਨ ਤੋਂ ਇੱਕ ਸਾਲ ਬਾਅਦ ਹੀ ਮਾਰ ਦਿੱਤਾ ਗਿਆ। ਸੰਧਾਵਾਲੀਏ ਮਹਾਰਾਜਾ ਰਣਜੀਤ ਸਿੰਘ ਦੇ ਪਰਿਵਾਰ ਵਿੱਚੋਂ ਸਨ ਅਤੇ ਸ਼ੇਰ ਸਿੰਘ ਵੱਲੋਂ ਰਾਣੀ ਚੰਦ ਕੌਰ ਨੂੰ ਗੱਦੀ ਤੋਂ ਲਾਹੁਣ ਅਤੇ ਮਾਰਨ ਦੇ ਵਿਰੋਧੀ ਸਨ। ਸਤੰਬਰ 1843 ਵਿੱਚ ਮਹਾਰਾਜ ਸ਼ੇਰ ਸਿੰਘ ਨੂੰ ਅਜੀਤ ਸਿੰਘ ਸੰਧਾਵਾਲੀਆ ਨੇ ਕਾਰਬੀਨ ਦਿਖਾਉਣ ਦੇ ਬਹਾਨੇ ਮਾਰ ਕੇ ਉਸ ਦਾ ਸਿਰ ਵੱਢ ਦਿੱਤਾ। ਲਹਿਣਾ ਸਿੰਘ ਸੰਧਾਵਾਲੀਆ ਨੇ ਕੰਵਰ ਪ੍ਰਤਾਪ ਸਿੰਘ ਨੂੰ ਮਾਰ ਦਿੱਤਾ। ਇਸ ਤੋਂ ਬਾਅਦ ਮਹਾਰਾਜਾ ਦਲੀਪ ਸਿੰਘ ਗੱਦੀ 'ਤੇ ਬੈਠਾ। ਇਸ ਤਰ੍ਹਾਂ ਡੋਗਰੇ ਭਰਾਵਾਂ ਨੇ ਰਣਜੀਤ ਸਿੰਘ ਦਾ ਰਾਜ ਸਾਢੇ ਚਾਰ ਸਾਲਾਂ ਵਿੱਚ ਹੀ ਖ਼ਤਮ ਹੋਣ ਵਰਗਾ ਕਰ ਦਿੱਤਾ। ਹੀਰਾ ਸਿੰਘ ਡੋਗਰੇ ਨੇ ਅਜੀਤ ਸਿੰਘ ਸੰਧਾਵਾਲੀਏ ਨੂੰ ਮਾਰ ਦਿੱਤਾ ਅਤੇ ਲਹਿਣਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ।

ਸੰਧਾਵਾਲੀਆਂ ਜਿਹੀ ਨਾ ਕਿਸੇ ਕੀਤੀ,<br>
ਤੇਗਾਂ ਵਿੱਚ ਦਰਬਾਰ ਦੇ ਮਾਰੀਆਂ ਨੀ,<br>
ਸ਼ਾਹ ਮੁਹੰਮਦ ਮੋਏ ਨੀ ਬੀਰ ਹੋ ਕੇ,<br>
ਜਾਨਾਂ ਕੀਤੀਆਂ ਨਹੀਂ ਪਿਆਰੀਆਂ ਨੀ।

ਇਨ੍ਹਾਂ ਕਤਲਾਂ ਤੋਂ ਸਭ ਪ੍ਰੇਸ਼ਾਨ ਹੋ ਗਏ। ਸਰਦਾਰ ਲਹਿਣਾ ਸਿੰਘ ਮਜੀਠੀਆ ਮਹਾਂਬਲੀ ਸਰਦਾਰ ਵੀ ਦੰਗੇ ਫ਼ਸਾਦਾਂ ਨੂੰ ਛੱਡ ਕੇ ਤੀਰਥ ਯਾਤਰਾ ਦੇ ਬਹਾਨੇ ਚਲਾ ਗਿਆ। ਇਸ ਬਾਰੇ ਸ਼ਾਹ ਮੁਹੰਮਦ ਲਿਖਦਾ ਹੈ:

ਪਿੱਛੇ ਆ ਕੇ ਸਭਨਾ ਨੂੰ ਫਿਕਰ ਹੋਇਆ,<br>
ਸੋਚੀਂ ਪਏ ਨੀ ਸਭ ਸਰਦਾਰ ਮੀਆਂ।<br>
ਅੱਗੋ ਗਲਾ ਆਇਆ ਹੱਥ ਬੁਰਛਿਆਂ ਦੇ,<br>
ਪਈ ਖੜਕਦੀ ਨਿੱਤ ਤਲਵਾਰ ਮੀਆਂ।<br>
ਗੱਦੀ ਵਾਲਿਆਂ ਨੂੰ ਜਿਹੜੇ ਮਾਰ ਲੈਂਦੇ,<br>
ਹੋਰ ਕਹੋ ਕਿਸ ਦੇ ਪਾਣੀਹਾਰ ਮੀਆਂ।<br>
ਸ਼ਾਹ ਮੁਹੰਮਦਾ ਹੋਈ ਹੁਣ ਮੌਤ ਸਸਤੀ,<br>
ਖਾਲੀ ਨਹੀਂ ਜਾਣਾ ਕੋਈ ਵਾਰ ਮੀਆਂ।

ਸ਼ਾਹ ਮੁਹੰਮਦ ਨੇ ਇਸ ਤੋਂ ਬਾਅਦ ਜੱਲ੍ਹੇ ਤੇ ਰਾਜਾ ਹੀਰਾ ਸਿੰਘ ਦੇ ਖ਼ਾਲਸਾ ਫ਼ੌਜ ਵੱਲੋਂ ਕਤਲ ਦਾ ਜ਼ਿਕਰ ਕੀਤਾ ਹੈ। ਹਾਲਾਤ ਇੰਨੇ ਮਾੜੇ ਸਨ ਕਿ ਫ਼ੌਜ ਬੇਕਾਬੂ ਹੋ ਚੁੱਕੀ ਸੀ। ਸ਼ਾਹ ਮੁਹੰਮਦ ਲਿਖਦਾ ਹੈ:

ਪਿੱਛੇ ਇੱਕ ਸਰਦਾਰ ਦੇ ਖੇਡ ਚੱਲੀ,<br>
ਪਈ ਨਿੱਤ ਹੁੰਦੀ ਮਾਰੋ ਮਾਰ ਮੀਆਂ।<br>
ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ,<br>
ਸਭੇ ਕਤਲ ਹੋਏ ਬਾਰੋ ਬਾਰ ਮੀਆਂ।<br>
ਸਿਰ ਫੌਜ ਦੇ ਰਿਹਾ ਨਾ ਕੋਈ ਕੁੰਡਾ,<br>
ਹੋਏ ਸ਼ੁਤਰ ਜਿਉਂ ਬਾਝ ਮੁਹਾਰ ਮੀਆਂ।<br>
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ,<br>
ਭੂਤ ਮੰਡਲ ਹੋਈ ਤਿਆਰ ਮੀਆਂ।

ਫਿਰ ਫ਼ੌਜ ਨੇ ਮਹਾਰਾਜਾ ਦਲੀਪ ਸਿੰਘ ਅਤੇ ਮਹਾਰਾਣੀ ਜ਼ਿੰਦ ਕੌਰ ਦੀ ਹਾਜ਼ਰੀ ਵਿੱਚ ਹੀ ਸਰਦਾਰ ਜਵਾਹਰ ਸਿੰਘ ਦਾ ਕਤਲ ਕਰ ਦਿੱਤਾ। ਸ਼ਾਹ ਮੁਹੰਮਦ ਅਨੁਸਾਰ ਮਹਾਰਾਣੀ ਜ਼ਿੰਦ ਕੌਰ ਨੇ ਆਪਣੇ ਭਰਾ ਜਵਾਹਰ ਸਿੰਘ ਦੇ ਕਤਲ ਦਾ ਬਦਲਾ ਲੈਣ ਲਈ ਅੰਗਰੇਜ਼ ਸਰਕਾਰ ਨੂੰ ਗੁਪਤ ਚਿੱਠੀ ਲਿਖ ਕੇ ਲੜਾਈ ਵਿੱਚ ਫ਼ੌਜ ਨੂੰ ਹਰਾਉਣ ਤੇ ਕਮਜ਼ੋਰ ਕਰਨ ਦਾ ਸੱਦਾ ਦਿੱਤਾ ਪਰ ਅੰਗਰੇਜ਼ ਇਤਿਹਾਸਕਾਰ ਇਸ ਦੀ ਪੁਸ਼ਟੀ ਨਹੀਂ ਕਰਦੇ।

ਪਹਿਲੀ ਐਂਗਲੋ ਸਿੱਖ ਵਾਰ ਦਸੰਬਰ 1845 ਤੋਂ ਫਰਵਰੀ 1846 ਦਰਮਿਆਨ ਲੜੀ ਗਈ। ਅੰਗਰੇਜ਼ ਇਤਿਹਾਸਕਾਰਾਂ ਅਨੁਸਾਰ ਕੁਝ ਅਫ਼ਸਰ ਸਿੱਖ ਰਾਜ 'ਤੇ ਕਬਜ਼ਾ ਕਰਨ ਦੀ ਕਾਹਲ ਵਿੱਚ ਸਨ। ਉਨ੍ਹਾਂ ਨੇ 1843 ਵਿੱਚ ਸਿੰਧ 'ਤੇ ਕਬਜ਼ਾ ਕਰ ਲਿਆ। ਫਿਰ ਸਤਲੁਜ ਪਾਰ ਦੇ ਸਿੱਖ ਰਾਜ ਦੇ ਇਲਾਕੇ 'ਤੇ ਚੜ੍ਹਾਈ ਕਰਕੇ ਲੜਾਈ ਦੀ ਪਹਿਲ ਕੀਤੀ। ਸਿੱਖ ਫ਼ੌਜਾਂ ਤੇਜਾ ਸਿੰਘ ਕਮਾਂਡਰ ਤੇ ਲਾਲ ਸਿੰਘ ਵਜ਼ੀਰ ਦੀ ਕਮਾਨ ਹੇਠ ਸਨ। ਖ਼ਾਲਸਾ ਫ਼ੌਜ ਚੜ੍ਹਦੀ ਕਲਾਂ ਵਿੱਚ ਸੀ ਤੇ ਮਹਾਰਾਣੀ ਜ਼ਿੰਦ ਕੌਰ ਦੇ ਹੁਕਮ ਵਿੱਚ ਸੀ। ਸ਼ਾਹ ਮੁਹੰਮਦ ਲਿਖਦਾ ਹੈ:

ਸਿੰਘਾਂ ਆਖਿਆ ਲੜਾਂਗੇ ਹੋ ਟੋਟੇ,<br>
ਸਾਨੂੰ ਖਬਰ ਘੱਲੀਂ ਦਿਨੇ ਰਾਤ ਮਾਈ।<br>
ਤੇਰੀ ਨੌਕਰੀ ਵਿੱਚ ਨਾ ਫਰਕ ਕਰਸਾਂ,<br>
ਭਾਵੇਂ ਖੂਹ ਘੱਤੀ ਭਾਵੇਂ ਖਾਤ ਮਾਈ।<br>
ਧੌਂਸਾ ਵੱਜਿਆ ਕੂਚ ਦਾ ਹੁਕਮ ਹੋਇਆ,<br>
ਚੂੜ੍ਹੇ ਸੁਰਮੇ ਸਿੰਘ ਦਲੇਰ ਮੀਆਂ।<br>
ਪੁੱਤਰ ਸਰਦਾਰਾਂ ਦੇ ਛੈਲ ਬੰਕੇ,<br>
ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ।<br>
ਚੜ੍ਹੇ ਸਭ ਮਝੈਲ ਦੁਆਬੀਏ ਜੀ,<br>
ਜਿਨ੍ਹਾਂ ਕਿਲ੍ਹੇ ਨਿਵਾਏ ਨੇ ਢੇਰ ਮੀਆਂ।<br>
ਸ਼ਾਹ ਮੁਹੰਮਦਾ ਚੜ੍ਹੇ ਜਮੂਰ ਖਾਨੇ,<br>
ਹੋਇਆ ਹੁਕਮ ਨਾ ਲਾਂਵਦੇ ਦੇਰ ਮੀਆਂ।

ਪੰਜਾਬ ਇੱਕ ਆਜ਼ਾਦ ਦੇਸ਼ ਸੀ। ਇਹ ਲੜਾਈ ਦੋ ਦੇਸ਼ਾਂ ਦੀ ਸੀ। ਸ਼ਾਹ ਮੁਹੰਮਦ ਲਿਖਦਾ ਹੈ:

ਲੱਗੀ ਧਮਕ ਸਾਰੇ ਹਿੰਦੁਸਤਾਨ ਅੰਦਰ,<br>
ਦਿੱਲੀ, ਆਗਰੇ, ਹਾਂਸੀ, ਹਿਸਾਰ ਮੀਆਂ।<br>
ਬੀਕਾਨੇਰ ਲਖਨਊ, ਅਜਮੇਰ, ਜੈਪੁਰ,<br>
ਪਈਆ ਭਾਜੜਾਂ ਜਮਨਾ ਤੋਂ ਪਾਰ ਮੀਆਂ।

ਉਸ ਦੀ ਸੂਚਨਾ ਮੁਤਾਬਕ ਅੰਗਰੇਜ਼ ਨੇ ਖ਼ਾਲਸੇ ਨੂੰ ਕਿਹਾ ਕਿ ਤੁਸੀਂ ਪੈਸੇ ਲੈ ਲਓ ਅਤੇ ਲੜਾਈ ਨਾ ਕਰੋ ਕਿਉਂਕਿ ਮਹਾਰਾਜਾ ਰਣਜੀਤ ਸਿੰਘ ਨਾਲ ਸਾਡੀ ਸੰਧੀ ਸੀ ਪਰ ਖ਼ਾਲਸਾ ਫ਼ੌਜ ਨੇ ਇਹ ਗੱਲ ਮਨਜ਼ੂਰ ਨਹੀਂ ਕੀਤੀ। ਮੁਦਕੀ ਨੇੜੇ ਪਹਿਲੀ ਝੜਪ ਸਮੇਂ ਤੇਜਾ ਸਿੰਘ ਜੋ ਫ਼ਿਰੋਜਪੁਰ ਨੇੜੇ ਸੀ, ਨੇ ਅੰਗਰੇਜ਼ ਫ਼ੌਜ 'ਤੇ ਹਮਲਾ ਨਹੀਂ ਕੀਤਾ। ਫੇਰੂ ਸ਼ਹਿਰ ਦੀ ਲੜਾਈ ਵਿੱਚ ਸਿੰਘਾਂ ਨੇ ਅੰਗਰੇਜ਼ਾਂ ਨੂੰ ਮਾਤ ਦਿੱਤੀ।

ਸਿੰਘ ਸੂਰਮੇ ਆਣ ਮੈਦਾਨ ਲੱਥੇ,<br>
ਗੰਜ ਲਾਹ ਸੁੱਟੇ ਉਹਨਾਂ ਗੋਰਿਆਂ ਦੇ<br>
ਅਤੇ<br>
ਉਧਰ ਆਪ ਫਿਰੰਗੀ ਨੂੰ ਭਾਜ ਆਈ,<br>
ਉਦੋੜੇ ਜਾਨ ਗੋਰੇ ਦਿੱਤੀ ਕੰਡ ਮੀਆਂ,<br>
ਸ਼ਾਹ ਮੁਹੰਮਦਾ ਦੇਖ ਮੈਦਾਨ ਜਾ ਕੇ ਰੁਲਦੀ ਗੋਰਿਆਂ ਦੀ ਪਈ ਝੰਡ ਮੀਆਂ।

ਇਸ ਲੜਾਈ ਵਿੱਚ ਚਾਰ ਹਜ਼ਾਰ ਅੰਗਰੇਜ਼ ਮਾਰੇ ਗਏ।

ਨੰਦਨ ਟਾਪੂਆਂ ਵਿੱਚ ਕੁਰਲਾਟ ਹੋਈ,<br>
ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ।

ਹਾਰ ਕੇ ਅੰਗਰੇਜ਼ ਪਿੱਛੇ ਭੱਜ ਗਏ ਤੇ ਖ਼ਾਲਸਾ ਫ਼ੌਜ ਵੀ ਵਾਪਸ ਆ ਗਈ ਤਾਂ ਪਿਸ਼ੌਰਾ ਸਿੰਘ ਨੇ ਅੰਗਰੇਜ਼ਾਂ ਨੂੰ ਦੱਸਿਆ ਕਿ ਸਿੰਘ ਮੈਦਾਨ ਖਾਲੀ ਕਰ ਗਏ ਹਨ। ਨੇਪੋਲੀਅਨ ਨੂੰ ਹਰਾਉਣ ਵਾਲੀ ਅੰਗਰੇਜ਼ੀ ਫ਼ੌਜ ਦਾ ਸਿੰਘਾਂ ਨੇ ਬੁਰਾ ਹਾਲ ਕੀਤਾ,

ਆਈਆਂ ਪਲਟਣਾਂ ਬੀੜ ਕੇ ਤੋਪ ਖਾਨੇ,<br>
ਅਗੋਂ ਸਿੰਘਾਂ ਨੇ ਪਾਸੇ ਤੋੜ ਸੁੱਟੇ,<br>
ਮੇਵਾ ਸਿੰਘ ਤੇ ਮਾਘੇ ਖਾਂ ਹੋਏ ਸਿੱਧੇ,<br>
ਹੱਲੇ ਤਿੰਨ ਫਿਰੰਗੀ ਦੇ ਮੋੜ ਸੁੱਟੇ।<br>
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,<br>
ਬੰਨ੍ਹ ਸ਼ਸਤਰਾਂ ਜੋੜ ਵਿਛੋੜ ਸੱਟੇ।<br>
ਸ਼ਾਹ ਮੁਹੰਮਦਾ ਸਿੰਘਾ ਨੇ ਗੋਰਿਆਂ ਦੇ ਵਾਂਗ ਨਿੰਬੂਆਂ ਲਹੂ ਨਿਚੋੜ ਸੁਟੇ।

ਅੰਗਰੇਜ਼ ਇਤਿਹਾਸਕਾਰ ਲਿਖਦੇ ਹਨ ਕਿ ਉਨ੍ਹਾਂ ਨੇ ਇਹ ਪਹਿਲੀ ਵਾਰੀ ਵੇਖਿਆ ਕਿ ਫ਼ੌਜ ਦੇ ਕਮਾਂਡਰਾਂ ਤੇਜਾ ਸਿੰਘ ਤੇ ਲਾਲ ਸਿੰਘ ਨੇ ਗ਼ਦਾਰੀ ਕਰਨ ਦੀ ਗੱਲ ਤੈਅ ਕਰ ਲਈ ਸੀ, ਫਿਰ ਵੀ ਸਿੱਖ ਫ਼ੌਜ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਮਾਰਿਆ, ਜੇ ਕਮਾਂਡਰ ਬੇਈਮਾਨ ਤੇ ਗ਼ਦਾਰ ਨਾ ਹੁੰਦੇ ਤਾਂ ਖ਼ਾਲਸਾ ਫ਼ੌਜ ਕਲਕੱਤੇ ਤਕ ਕਬਜ਼ਾ ਕਰ ਸਕਦੀ ਸੀ। ਅੰਗਰੇਜ਼ ਲੇਖਕ ਲਿਖਦੇ ਹਨ ਕਿ ਮਹਾਰਾਣੀ ਜ਼ਿੰਦ ਕੌਰ ਨੇ 500 ਹੋਰ ਅਫ਼ਸਰ ਵੀ ਲੜਾਈ ਲਈ ਭੇਜੇ ਸਨ। ਇਸ ਹਾਲਾਤ 'ਤੇ ਲਹੂ ਦੇ ਹੰਝੂ ਸੁੱਟਦਾ ਸ਼ਾਹ ਮੁਹੰਮਦ ਲਿਖਦਾ ਹੈ:

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ ਦੋਵੇ ਪਾਤਸ਼ਾਹੀ ਫੌਜਾਂ ਭਾਰੀਆਂ ਨੇ।<br>
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,<br>
ਜਿਹੜੀਆ ਖਾਲਸੇ ਨੇ ਤੇਗਾਂ ਮਾਰੀਆਂ ਨੇ,<br>
ਘੋੜੇ ਆਦਮੀ ਗੋਲੀਆਂ ਨਾਲ ਉੱਡਣ ਹਾਥੀ ਡਿਗਦੇ ਸਣੇ ਅੰਬਾਰੀਆਂ ਨੇ,<br>
ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

ਨੌਂ ਮਾਰਚ 1846 ਦੀ ਸੰਧੀ ਰਾਹੀਂ ਅੰਗਰੇਜ਼ਾਂ ਨੇ ਸਿੱਖ ਰਾਜ ਦੇ ਵੱਡੇ ਖਿੱਤੇ ਬਿਆਸ ਤੇ ਸਤਲੁਜ-ਦੁਆਬ 'ਤੇ ਕਬਜ਼ਾ ਕਰ ਲਿਆ। ਜਰਮਾਨੇ ਦੀ ਰਕਮ 75 ਲੱਖ ਰੁਪਏ ਨਾ ਮਿਲਣ ਕਰਕੇ ਕਸ਼ਮੀਰ ਗੁਲਾਬ ਸਿੰਘ ਡੋਗਰੇ ਨੂੰ ਵੇਚ ਦਿੱਤਾ।

ਇਸ ਲੜਾਈ ਤੋਂ ਬਾਅਦ ਸਿੱਖ ਰਾਜ ਦਾ ਸੂਰਜ ਡੁੱਬ ਗਿਆ ਪਰ ਹਿੰਦੂ ਮੁਸਲਮਾਨਾਂ ਦੀ ਸਾਂਝ ਪੰਜਾਬ ਵਿੱਚ ਉਸੇ ਤਰ੍ਹਾਂ ਬਣੀ ਰਹੀ।

ਰੱਬ ਚਾਹੇ ਤਾਂ ਕਰੇਗਾ ਮਿਹਰਬਾਨੀ,<br>
ਹੋਇਆ ਸਿੰਘਾਂ ਦਾ ਕੰਮ ਅਰਾਸਤਾ ਈ,<br>
ਵੱਡੀ ਸਾਂਝ ਹੈ ਹਿਦੂਆਂ ਮੁਸਲਮਾਨਾਂ,<br>
ਉਨ੍ਹਾਂ ਨਾਲ ਨਾ ਕਿਸੇ ਦਾ ਵਾਸਤਾ ਈ।




# ਪਾਠਕਾਂ ਦਾ ਨਜ਼ਰੀਆ

## ਕਰਤਾਰਪੁਰ ਲਾਂਘੇ ਨਾਲ ਆਰਥਿਕ ਲਾਂਘੇ ਖੋਲ੍ਹਣ ਦੀ ਕਵਾਇਦ ਵੀ ਸ਼ੁਰੂ ਹੋਵੇਗੀ

ਕਰਤਾਰਪੁਰ ਸਾਹਿਬ ਲਾਂਘੇ ਦੀ ਸ਼ੁਰੂਆਤ ਲਈ ਸਹਿਮਤੀ ਬਣ ਗਈ ਹੈ ਤੇ ਇਸ ਸਬੰਧੀ ਭਾਰਤ ਤੇ ਪਾਕਿਸਤਾਨ ਦਰਮਿਆਨ ਇਕਰਾਰਨਾਮਾ ਸਹੀਬੰਦ ਹੋ ਗਿਆ ਹੈ। ਉਮੀਦ ਹੈ ਕਿ ਇਹ ਕੌਰੀਡੋਰ ਦੋਵਾਂ ਮੁਲਕਾਂ ਦਰਮਿਆਨ 70 ਸਾਲਾਂ ਤੋਂ ਚੱਲ ਰਹੇ ਮਾੜੇ ਰਿਸ਼ਤਿਆਂ ਨੂੰ ਸੁਧਾਰਨ ਵਿਚ ਸਹਾਈ ਹੋਵੇਗਾ, ਕਿਉਂਕਿ ਇਹ ਦੁਨੀਆਂ ਭਰ ਨੂੰ ਅਮਨ ਦਾ ਸੁਨੇਹਾ ਦੇਣ ਵਾਲੇ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਹੈ। ਇਹ ਭਵਿੱਖ ਵਿਚ ਸਰਹੱਦ 'ਤੇ ਅਜਿਹੇ ਹੋਰ ਲਾਂਘੇ ਖੋਲ੍ਹੇ ਜਾਣ ਦਾ ਵੀ ਰਾਹ ਪੱਧਰਾ ਕਰੇਗਾ। ਇਸ ਲਾਂਘੇ ਦੇ ਬਹਾਨੇ ਭਾਰਤ-ਪਾਕਿਸਤਾਨ ਸਰਹੱਦ ਉਤੇ ਕਈ ਹੋਰ ਆਰਥਿਕ ਲਾਂਘੇ ਖੋਲ੍ਹਣ ਦੀ ਕਵਾਇਦ ਵੀ ਸ਼ੁਰੂ ਹੋਵੇਗੀ। ਇਹੋ ਉਮੀਦ ਸਰਹੱਦ ਦੇ ਦੋਹੀਂ ਪਾਸੀਂ ਅਮਨ ਲਈ ਕੰਮ ਕਰਨ ਵਾਲੇ ਲੋਕ ਲਾਈ ਬੈਠੇ ਹਨ, ਕਿਉਂਕਿ ਕੁਝ ਘਟਨਾਕ੍ਰਮ ਦੱਸਦੇ ਹਨ ਕਿ ਦੋਵਾਂ ਮੁਲਕਾਂ ਦਰਮਿਆਨ ਭਾਰੀ ਤਣਾਅ ਦੇ ਬਾਵਜੂਦ ਸ਼ਾਂਤੀ ਦੀਆਂ ਉਮੀਦਾਂ ਖ਼ਤਮ ਨਹੀਂ ਹੋਈਆਂ। ਦੋਵਾਂ ਦੇਸ਼ਾਂ ਦਰਮਿਆਨ ਜੰਮੂ-ਕਸ਼ਮੀਰ ਦੇ ਮੁੱਦੇ ਉਤੇ ਤਣਾਅ ਸਿਖਰਾਂ 'ਤੇ ਹੋਣ ਦੇ ਬਾਵਜੂਦ ਪਾਕਿਸਤਾਨ ਨੇ ਕਰਤਾਰਪੁਰ ਸਾਹਿਬ ਲਾਂਘੇ ਦੇ ਵਿਕਾਸ ਕਾਰਜਾਂ ਵਿਚ ਕੋਈ ਕੋਤਾਹੀ ਨਹੀਂ ਕੀਤੀ। ਦੋਵਾਂ ਦਰਮਿਆਨ ਇਸ ਸਬੰਧੀ ਲਗਾਤਾਰ ਮੀਟਿੰਗਾਂ ਹੁੰਦੀਆਂ ਰਹੀਆਂ ਤੇ ਅਖ਼ੀਰ ਸਮਝੌਤਾ ਸਹੀਬੰਦ ਹੋ ਗਿਆ।

ਕਰਤਾਰਪੁਰ ਸਾਹਿਬ ਤੋਂ ਸ਼ੁਰੂ ਹੋਈ ਇਹ ਗੱਲ ਯਕੀਨਨ ਅਗਾਂਹ ਵਧੇਗੀ। ਕਰਤਾਰਪੁਰ ਸਾਹਿਬ ਲਾਂਘੇ ਰਾਹੀਂ ਪਾਕਿਸਤਾਨ ਆਪਣੀ ਸਰਜ਼ਮੀਨ 'ਤੇ ਧਾਰਮਿਕ ਸਥਾਨਾਂ ਦੀ ਯਾਤਰਾ ਅਤੇ ਸੈਰ-ਸਫ਼ਰ ਲਈ ਵਧੀਆ ਮਾਹੌਲ ਬਣਾਉਣਾ ਚਾਹੁੰਦਾ ਹੈ। ਇਹ ਪਾਕਿਸਤਾਨ ਦੇ ਵਿਕਾਸ ਲਈ ਵੀ ਜ਼ਰੂਰੀ ਹੈ। ਧਾਰਮਿਕ ਸਥਾਨਾਂ ਰਾਹੀਂ ਲੋਕਾਂ ਦਾ ਵਧਦਾ ਹੋਇਆ ਮੇਲਜੋਲ ਦੋਵਾਂ ਮੁਲਕਾਂ ਦਰਮਿਆਨ ਚਿਰਾਂ ਤੋਂ ਚੱਲ ਰਹੇ ਝਗੜਿਆਂ ਦੇ ਖ਼ਾਤਮੇ ਲਈ ਅਹਿਮ ਭੂਮਿਕਾ ਨਿਭਾਵੇਗਾ।

ਸਿੱਖ ਧਰਮ ਨਾਲ ਸਬੰਧਤ ਅਹਿਮ ਸਥਾਨ ਪਾਕਿਸਤਾਨ ਵਿਚ ਹਨ, ਜੋ ਮੁੱਖ ਤੌਰ 'ਤੇ ਲਾਹੌਰ, ਨਨਕਾਣਾ ਸਾਹਿਬ, ਹਸਨ ਅਬਦਾਲ ਅਤੇ ਕਰਤਾਰਪੁਰ ਸਾਹਿਬ ਵਿਚ ਸਥਿਤ ਹਨ ਅਤੇ ਪਹਿਲੇ ਗੁਰੂ ਨਾਨਕ ਦੇਵ ਜੀ ਤੇ ਪੰਜਵੇਂ ਗੁਰੂ ਅਰਜਨ ਦੇਵ ਜੀ ਨਾਲ ਸਬੰਧਤ ਹਨ। ਦੂਜੇ ਪਾਸੇ ਭਾਰਤ-ਪਾਕਿਸਤਾਨ ਦੀ ਵੰਡ ਤੋਂ ਬਾਅਦ ਪਾਕਿਸਤਾਨ ਵਿਚ ਸਿੱਖਾਂ ਦੀ ਆਬਾਦੀ ਕੁਝ ਹਜ਼ਾਰਾਂ ਵਿਚ ਹੀ ਰਹਿ ਗਈ, ਕਿਉਂਕਿ ਬਹੁਤੇ ਸਿੱਖ ਭਾਰਤ ਆ ਗਏ ਸਨ। ਇਸੇ ਤਰ੍ਹਾਂ ਧਾਰਮਿਕ ਸਥਾਨਾਂ ਦੇ ਮਾਮਲੇ 'ਤੇ ਪਾਕਿਸਤਾਨ ਦੀ ਹਾਲਤ ਵੀ ਦਿਲਚਸਪ ਹੈ, ਜੋ ਇਸਲਾਮੀ ਮੁਲਕ ਹੈ ਤੇ ਇਸਲਾਮ ਨਾਲ ਸਬੰਧਤ ਬਹੁਤੇ ਪਵਿੱਤਰ ਸਥਾਨ ਸਾਉਦੀ ਅਰਬ, ਇਰਾਕ ਤੇ ਇਰਾਨ ਵਿਚ ਹਨ। ਇਸ ਕਾਰਨ ਪਾਕਿਸਤਾਨ ਸਰਕਾਰ ਜੇ ਆਪਣੇ ਮੁਲਕ ਵਿਚ ਧਾਰਮਿਕ ਅਸਥਾਨਾਂ ਦੇ ਸੈਰ-ਸਫ਼ਰ ਨੂੰ ਵਿਕਸਤ ਕਰਨਾ ਚਾਹੁੰਦੀ ਹੈ ਤਾਂ ਉਸ ਦੀ ਪਹਿਲੀ ਤਰਜੀਹ ਸਿੱਖ ਧਰਮ ਨਾਲ ਸਬੰਧਤ ਸਥਾਨਾਂ ਦੇ ਵਿਕਾਸ ਦੀ ਹੋਵੇਗੀ। ਗ਼ੌਰਤਲਬ ਹੈ ਕਿ ਭਾਰਤ ਨੇ ਵੀ ਵਿਦੇਸ਼ੀ ਸੈਲਾਨੀਆਂ ਨੂੰ ਇਹੋ ਜਿਹੇ ਸੈਰ-ਸਫ਼ਰ ਲਈ ਖਿੱਚਣ ਵਾਸਤੇ ਉਤਰ ਪ੍ਰਦੇਸ਼ ਤੇ ਬਿਹਾਰ ਵਿਚ ਬੁੱਧ ਧਰਮ ਦੇ ਅਹਿਮ ਸਥਾਨਾਂ ਨੂੰ ਵਿਕਸਤ ਕਰ ਕੇ ਬੁੱਧ ਧਰਮ ਨਾਲ ਸਬੰਧਤ ਸਰਕਟ ਕਾਇਮ ਕੀਤਾ ਹੈ ਤੇ ਇਸੇ ਤਰਜ਼ 'ਤੇ ਪਾਕਿਸਤਾਨ ਕੋਲ ਵੀ ਸਿੱਖ ਧਰਮ ਨਾਲ ਸਬੰਧਤ ਸਥਾਨਾਂ ਨੂੰ ਆਪਸ ਵਿਚ ਜੋੜ ਕੇ ਸਿੱਖ ਸਰਕਟ ਵਿਕਸਤ ਕਰਨ ਦਾ ਵਧੀਆ ਮੌਕਾ ਹੈ।

ਭਾਰਤ ਨੇ ਬੁੱਧ ਧਰਮ ਨਾਲ ਸਬੰਧਤ ਸਰਕਟ ਨਾਲ ਨੇਪਾਲ ਨੂੰ ਵੀ ਜੋੜਿਆ ਹੈ, ਕਿਉਂਕਿ ਗੌਤਮ ਬੁੱਧ ਦਾ ਜਨਮ ਸਥਾਨ ਲੁੰਬਿਨੀ ਨੇਪਾਲ ਵਿਚ ਹੈ। ਪਰ ਬੁੱਧ ਧਰਮ ਦੇ ਦੂਜੇ ਕਰੀਬ ਸਾਰੇ ਅਹਿਮ ਕੇਂਦਰ, ਜਿਵੇਂ ਬੁੱਧ ਦੀ ਗਿਆਨ ਪ੍ਰਾਪਤੀ ਦਾ ਸਥਾਨ ਬੋਧ ਗਯਾ, ਪਹਿਲਾ ਧਰਮ ਉਪਦੇਸ਼ ਦੇਣ ਦਾ ਸਥਾਨ ਸਾਰਨਾਥ ਅਤੇ ਬੁੱਧ ਦੇ ਚਲਾਣੇ (ਨਿਰਵਾਣ ਪ੍ਰਾਪਤੀ) ਦਾ ਸਥਾਨ ਕੁਸ਼ੀਨਗਰ ਆਦਿ ਭਾਰਤ ਵਿਚ ਹਨ। ਬੋਧ ਗਯਾ, ਬਿਹਾਰ ਵਿਚ ਅਤੇ ਸਾਰਨਾਥ ਤੇ ਕੁਸ਼ੀਨਗਰ, ਯੂਪੀ ਵਿਚ ਹਨ। ਭਾਰਤ ਤੇ ਨੇਪਾਲ ਮਿਲ ਕੇ ਬੁੱਧ ਧਰਮ ਨਾਲ ਸਬੰਧਤ ਸਰਕਟ ਵਿਕਸਤ ਕਰ ਰਹੇ ਹਨ ਤੇ ਲਗਪਗ ਇਹੋ ਸਥਿਤੀ ਗੁਰੂ ਨਾਨਕ ਦੇਵ ਜੀ ਤੇ ਹੋਰ ਸਿੱਖ ਗੁਰੂ ਸਾਹਿਬਾਨ ਸਬੰਧੀ ਹੈ। ਗੁਰੂ ਨਾਨਕ ਦੇਵ ਜੀ ਦਾ ਜਨਮ ਸਥਾਨ ਨਨਕਾਣਾ ਸਾਹਿਬ, ਪਾਕਿਸਤਾਨ ਵਿਚ ਹੈ ਅਤੇ ਇਸੇ ਤਰ੍ਹਾਂ ਜਿਥੇ ਉਨ੍ਹਾਂ ਆਪਣਾ ਆਖ਼ਰੀ ਸਮਾਂ ਬਿਤਾਇਆ, ਭਾਵ ਕਰਤਾਰਪੁਰ ਸਾਹਿਬ ਵੀ ਪਾਕਿਸਤਾਨ ਵਿਚ ਹੈ। ਗੁਰੂ ਨਾਨਕ ਦੇਵ ਨਾਲ ਸਬੰਧਤ ਕੁਝ ਸਥਾਨ ਭਾਰਤ ਵਿਚ ਵੀ ਹਨ। ਸਿੱਖ ਗੁਰੂ ਸਾਹਿਬਾਨ ਨਾਲ ਸਬੰਧਤ ਕਈ ਸਥਾਨ ਚੜ੍ਹਦੇ ਪੰਜਾਬ ਤੋਂ ਇਲਾਵਾ ਭਾਰਤ ਵਿਚ ਬਿਹਾਰ ਤੇ ਮਹਾਰਾਸ਼ਟਰ ਆਦਿ ਸੂਬਿਆਂ ਵਿਚ ਵੀ ਹਨ। ਭਾਰਤ ਤੇ ਨੇਪਾਲ ਦੇ ਬੁੱਧ ਧਰਮ ਨਾਲ ਸਬੰਧਤ ਸਰਕਟ ਦੀ ਤਰਜ਼ 'ਤੇ ਜੇ ਭਾਰਤ ਤੇ ਪਾਕਿਸਤਾਨ ਮਿਲ ਕੇ ਸਿੱਖ ਧਰਮ ਨਾਲ ਸਬੰਧਤ ਸਰਕਟ ਵਿਕਸਤ ਕਰਦੇ ਹਨ ਤਾਂ ਭਵਿੱਖ 'ਚ ਦੋਵਾਂ ਮੁਲਕਾਂ ਦੇ ਰਿਸ਼ਤਿਆਂ ਵਿਚ ਵੀ ਕਾਫ਼ੀ ਸੁਧਾਰ ਆਵੇਗਾ।

ਭਾਰਤ-ਪਾਕਿਸਤਾਨ ਦੇ ਮਾਲੀ ਰਿਸ਼ਤੇ ਬੀਤੇ ਦੋ ਸਾਲਾਂ ਤੋਂ ਕਾਫ਼ੀ ਖ਼ਰਾਬ ਹਨ, ਜਦੋਂਕਿ ਦੋਵਾਂ ਮੁਲਕਾਂ ਦੇ ਵਪਾਰੀ ਚੰਗੇ ਸਬੰਧਾਂ ਦੇ ਚਾਹਵਾਨ ਹਨ। ਅੰਮ੍ਰਿਤਸਰ ਤੇ ਲਾਹੌਰ ਦੇ ਵਪਾਰੀਆਂ ਨੂੰ ਇਸ ਲਾਂਘੇ ਤੋਂ ਕਾਫ਼ੀ ਉਮੀਦਾਂ ਹਨ, ਹਾਲਾਂਕਿ ਦਿੱਲੀ ਤੱਕ ਦੇ ਵਪਾਰੀ ਇਸ ਵੱਲ ਉਮੀਦ ਭਰੀਆਂ ਨਜ਼ਰਾਂ ਨਾਲ ਦੇਖ ਰਹੇ ਹਨ। ਪੰਜਾਬ ਰਾਹੀਂ ਪਾਕਿਸਤਾਨ ਨਾਲ ਵਪਾਰ ਵਧਣ ਦਾ ਪੂਰੇ ਉਤਰ ਭਾਰਤ ਨੂੰ ਸਿੱਧਾ ਫ਼ਾਇਦਾ ਹੋਵੇਗਾ। ਇਸੇ ਤਰ੍ਹਾਂ ਲਹਿੰਦੇ ਪੰਜਾਬ 'ਚ ਖ਼ਾਸਕਰ ਲਾਹੌਰ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਵੱਲੋਂ ਵੀ ਪੰਜਾਬ ਸਰਹੱਦ ਰਾਹੀਂ ਭਾਰਤ ਨਾਲ ਵਪਾਰ ਵਧਾਉਣ ਦੀ ਮੰਗ ਕੀਤੀ ਜਾ ਰਹੀ ਹੈ। ਚੜ੍ਹਦੇ ਪੰਜਾਬ ਦੇ ਆਗੂ ਵੀ ਲਗਾਤਾਰ ਪੰਜਾਬ ਰਾਹੀਂ ਪਾਕਿਸਤਾਨ ਨਾਲ ਆਰਥਿਕ ਰਿਸ਼ਤੇ ਸੁਧਾਰਨ 'ਤੇ ਜ਼ੋਰ ਦੇ ਰਹੇ ਹਨ। ਹਾਲੇ ਸਿਰਫ਼ ਅਟਾਰੀ ਸਰਹੱਦ ਰਾਹੀਂ ਦੋਵਾਂ ਮੁਲਕਾਂ ਦਰਮਿਆਨ ਵਪਾਰਕ ਲੈਣ-ਦੇਣ ਹੈ। ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 2014 ਵਿਚ ਕੇਂਦਰ ਨੂੰ ਚਿੱਠੀ ਲਿਖ ਕੇ ਜ਼ਿਲ੍ਹਾ ਫ਼ਿਰੋਜ਼ਪੁਰ ਸਥਿਤ ਹੁਸੈਨੀਵਾਲਾ ਅਤੇ ਜ਼ਿਲ੍ਹਾ ਫ਼ਾਜ਼ਿਲਕਾ ਸਥਿਤ ਸੁਲੇਮਾਨਕੀ ਸਰਹੱਦ ਰਾਹੀਂ ਵੀ ਵਪਾਰ ਸ਼ੁਰੂ ਕਰਨ ਦੀ ਮੰਗ ਕੀਤੀ ਸੀ। ਦੋਵਾਂ ਮੁਲਕਾਂ ਦਰਮਿਆਨ ਦੁਵੱਲੇ ਵਪਾਰ ਦੀ ਸਮਰੱਥਾ 30 ਅਰਬ ਡਾਲਰ ਦੇ ਕਰੀਬ ਹੈ, ਜਦੋਂਕਿ ਹਾਲੇ ਦੁਵੱਲਾ ਵਪਾਰ ਸਿਰਫ਼ 2.50 ਅਰਬ ਡਾਲਰ ਹੈ।

ਜੇ ਕਰਤਾਰਪੁਰ ਸਾਹਿਬ ਲਾਂਘਾ ਦੋਵਾਂ ਮੁਲਕਾਂ ਦਰਮਿਆਨ ਰਿਸ਼ਤੇ ਸੁਧਾਰਨ ਦਾ ਜ਼ਰੀਆ ਬਣਦਾ ਹੈ, ਤਾਂ ਇਸ ਦਾ ਪਾਕਿਸਤਾਨ ਦੇ ਕਈ ਸਨਅਤੀ ਖੇਤਰਾਂ ਨੂੰ ਸਿੱਧਾ ਲਾਭ ਹੋਵੇਗਾ। ਪਾਕਿਸਤਾਨ ਦੀ ਆਟੋਮੋਬਾਈਲ ਸਨਅਤ ਭਾਰਤ ਦੇ ਗੁੜਗਾਉਂ ਤੇ ਮਾਨੇਸਰ ਤੋਂ ਲੋੜੀਂਦਾ ਸਾਮਾਨ ਦਰਾਮਦ ਕਰ ਸਕਦੀ ਹੈ। ਪਾਕਿਸਤਾਨ ਦੀ ਦਵਾ ਸਨਅਤ ਨੂੰ ਵੀ ਭਾਰੀ ਫ਼ਾਇਦਾ ਹੋਵੇਗਾ, ਕਿਉਂਕਿ ਪਾਕਿਸਤਾਨ ਵਿਚ ਹਾਲੇ ਵੀ ਕਈ ਜ਼ਰੂਰੀ ਦਵਾਈਆਂ ਕਾਫ਼ੀ ਮਹਿੰਗੀਆਂ ਹਨ। ਦੋਵਾਂ ਮੁਲਕਾਂ 'ਚ ਖੇਤੀ ਸਹਿਯੋਗ ਵੀ ਵਧੇਗਾ। ਚੜ੍ਹਦੇ ਪੰਜਾਬ ਵਿਚ ਆਲੂ ਤੇ ਨਰਮਾ ਕਾਸ਼ਤਕਾਰਾਂ ਨੂੰ ਫ਼ਾਇਦਾ ਹੋਵੇਗਾ। ਲਹਿੰਦੇ ਪੰਜਾਬ ਦੀ ਕੱਪੜਾ ਸਨਅਤ ਚੜ੍ਹਦੇ ਪੰਜਾਬ ਦੀ ਕਪਾਹ ਦੀ ਵੱਡੀ ਖ਼ਰੀਦਦਾਰ ਹੈ ਅਤੇ ਭਾਰਤ ਤੋਂ ਪਾਕਿਸਤਾਨ ਨੂੰ ਹੋਣ ਵਾਲੀ ਬਰਾਮਦ ਵਿਚ ਕਪਾਹ ਦਾ ਵੱਡਾ ਹਿੱਸਾ ਹੈ। ਦੋਵਾਂ ਮੁਲਕਾਂ ਦੇ ਰਿਸ਼ਤਿਆਂ ਵਿਚ ਸੁਧਾਰ ਦਾ ਫ਼ਾਇਦਾ ਮੱਧ ਏਸ਼ੀਆ ਤੇ ਅਫ਼ਗ਼ਾਨਿਸਤਾਨ ਨੂੰ ਵੀ ਹੋਵੇਗਾ ਅਤੇ ਇਸੇ ਤਰ੍ਹਾਂ ਪੂਰਬ ਏਸ਼ੀਆ ਤੇ ਬੰਗਲਾਦੇਸ਼ ਨੂੰ ਵੀ। ਪਾਕਿਸਤਾਨ ਦੀ ਪੂਰਬੀ ਏਸ਼ੀਆ ਦੇ ਬਾਜ਼ਾਰਾਂ ਤੱਕ ਪਹੁੰਚ ਸੌਖੀ ਹੋਵੇਗੀ ਤੇ ਭਾਰਤ ਲਈ ਮੱਧ ਏਸ਼ੀਆ ਦੇ ਬਾਜ਼ਾਰਾਂ ਤੱਕ ਪੁੱਜਣਾ ਆਸਾਨ ਹੋ ਜਾਵੇਗਾ।

-ਸੰਜੀਵ

## ਸਿੱਖਾਂ ਦਾ ਸੋਚਿਆ ਸਮਝਿਆ ਕਤਲੇਆਮ ਨਵੰਬਰ 1984 ਦਾ ਸਾਕਾ

31 ਅਕਤੂਬਰ, 1984 ਨੂੰ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸਿੱਖਾਂ ਦਾ ਸੋਚਿਆ ਸਮਝਿਆ ਕਤਲੇਆਮ ਹੋਇਆ। ਰਾਜਧਾਨੀ ਦਿੱਲੀ ਸਮੇਤ ਭਾਰਤ ਭਰ ਦੇ 18 ਸੂਬਿਆਂ ਵਿਚਲੇ 110 ਮੁੱਖ ਸ਼ਹਿਰਾਂ ਵਿਚ ਗਿਣੀ-ਮਿਥੀ ਅਤੇ ਇੱਕੋ-ਜਿਹੀ ਯੋਜਨਾ ਤਹਿਤ ਸਿੱਖਾਂ ਵਿਰੁੱਧ ਕਾਰਵਾਈ ਕੀਤੀ ਗਈ। ਇੰਦਰਾ ਗਾਂਧੀ ਦੇ ਪੁੱਤਰ ਰਾਜੀਵ ਗਾਂਧੀ ਨੇ 19 ਨਵੰਬਰ, 1984 ਨੂੰ ਵੋਟ ਕਲੱਬ ਨਵੀਂ ਦਿੱਲੀ ਵਿਖੇ ਇੰਦਰਾ ਗਾਂਧੀ ਦੇ ਜਨਮ ਦਿਨ 'ਤੇ ਕਿਹਾ ਸੀ, 'ਇੰਦਰਾ ਜੀ ਦੇ ਕਤਲ ਤੋਂ ਬਾਅਦ ਦੇਸ਼ ਵਿਚ ਕੁਝ ਦੰਗੇ ਹੋਏ। ਸਾਨੂੰ ਪਤਾ ਹੈ ਕਿ ਲੋਕੀਂ ਕਾਫ਼ੀ ਗੁੱਸੇ ਵਿਚ ਸਨ, ਲਗਦਾ ਸੀ ਪੂਰਾ ਭਾਰਤ ਹਿੱਲ ਗਿਆ ਹੈ, ਪਰ ਜਦੋਂ ਇਕ ਵੱਡਾ ਦਰੱਖਤ ਡਿੱਗਦਾ ਹੈ ਤਾਂ ਧਰਤੀ ਕੰਬਦੀ ਹੀ ਹੈ।'

31 ਅਕਤੂਬਰ, '84 ਨੂੰ ਸਵੇਰੇ ਲਗਪਗ 9.20 ਵਜੇ ਇੰਦਰਾ ਗਾਂਧੀ ਨੂੰ ਉਸ ਦੇ ਦੋ ਅੰਗ ਰੱਖਿਅਕਾਂ ਨੇ ਗੋਲੀਆਂ ਮਾਰੀਆਂ ਅਤੇ ਕਰੀਬ 10.50 ਵਜੇ ਇੰਦਰਾ ਗਾਂਧੀ ਨੂੰ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਸ) ਵਿਖੇ ਮ੍ਰਿਤਕ ਕਰਾਰ ਦਿੱਤਾ ਗਿਆ। ਸ਼ਾਮੀਂ 4 ਵਜੇ ਇੰਦਰਾ ਗਾਂਧੀ ਦਾ ਪੁੱਤਰ ਰਾਜੀਵ ਗਾਂਧੀ ਪੱਛਮੀ ਬੰਗਾਲ ਤੋਂ ਆ ਕੇ 'ਏਮਸ' ਹਸਪਤਾਲ ਪਹੁੰਚਦਾ ਹੈ ਅਤੇ ਉਸ ਇਲਾਕੇ ਨੇੜੇ ਸਿੱਖਾਂ ਨਾਲ ਛੋਟੀਆਂ-ਮੋਟੀਆਂ ਹਿੰਸਕ ਘਟਨਾਵਾਂ ਹੁੰਦੀਆਂ ਹਨ। ਸ਼ਾਮੀਂ 5.30 ਵਜੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵਿਦੇਸ਼ ਯਾਤਰਾ ਤੋਂ ਵਾਪਸ ਆਏ ਤਾਂ 'ਏਮਸ' ਦੇ ਬਾਹਰ ਉਨ੍ਹਾਂ ਦੇ ਕਾਫ਼ਲੇ 'ਤੇ ਵੀ ਪਥਰਾਅ ਹੁੰਦਾ ਹੈ।

ਸਿੱਖ ਕਤਲੇਆਮ ਦੀ ਪਹਿਲੀ ਘਟਨਾ 1 ਨਵੰਬਰ ਨੂੰ ਪੂਰਬੀ ਦਿੱਲੀ ਵਿਚ ਸਵੇਰੇ ਵਾਪਰੀ। ਬਸ ਫਿਰ ਕੀ ਸੀ, 5 ਨਵੰਬਰ ਤੱਕ ਦਿੱਲੀ, ਕਾਨਪੁਰ, ਬੋਕਾਰੋ ਸਮੇਤ ਦੇਸ਼ ਦੇ ਲਗਪਗ 110 ਸ਼ਹਿਰਾਂ 'ਚ ਯੋਜਨਾਬੱਧ ਤਰੀਕੇ ਨਾਲ ਸਿੱਖਾਂ ਦੇ ਹੋਏ ਕਤਲੇਆਮ 'ਚ 7 ਹਜ਼ਾਰ ਤੋਂ ਵਧੇਰੇ ਨਿਹੱਥੇ ਤੇ ਬੇਕਸੂਰ ਸਿੱਖਾਂ ਨੂੰ ਜਿਉਂਦੇ ਸਾੜਿਆ ਤੇ ਕੋਹ-ਕੋਹ ਕੇ ਮਾਰ ਦਿੱਤਾ ਗਿਆ ਸੀ। ਸੈਂਕੜੇ ਔਰਤਾਂ ਦੀ ਬੇਪਤੀ ਹੋਈ, ਕਰੋੜਾਂ ਦੀ ਸੰਪਤੀ ਲੁੱਟੀ ਅਤੇ ਸਾੜ ਦਿੱਤੀ ਗਈ। ਇਸੇ ਦੌਰਾਨ ਦਿੱਲੀ ਵਿਚ ਫ਼ਿਰਕੂ ਕਤਲੇਆਮ ਨੂੰ ਰੋਕਣ ਲਈ ਸੀਨੀਅਰ ਵਕੀਲ ਤੇ ਵਿਰੋਧੀ ਧਿਰ ਦੇ ਨੇਤਾ ਰਾਮ ਜੇਠਮਲਾਨੀ ਗ੍ਰਹਿ ਮੰਤਰੀ ਪੀ.ਵੀ. ਨਰਸਿਮਹਾ ਰਾਓ ਨੂੰ ਮਿਲੇ। ਕਈ ਹੋਰ ਧਰਮ-ਨਿਰਪੱਖ ਆਗੂਆਂ ਨੇ ਵੀ ਸਰਕਾਰ ਨੂੰ ਹਾਲਾਤ 'ਤੇ ਕਾਬੂ ਪਾਉਣ ਲਈ ਆਖਿਆ, ਪਰ ਸਰਕਾਰੀ ਤੌਰ 'ਤੇ ਕੋਈ ਵੀ ਅਜਿਹੀ ਕਾਰਵਾਈ ਨਹੀਂ ਕੀਤੀ ਗਈ। ਇਕੱਲੇ ਨਵੀਂ ਦਿੱਲੀ 'ਚ ਹੋਏ 2733 ਕਤਲਾਂ (ਸਰਕਾਰੀ ਰਿਕਾਰਡ ਅਨੁਸਾਰ) ਵਿਚੋਂ ਮਹਿਜ਼ ਇਕ ਦਰਜਨ ਮਾਮਲਿਆਂ ਵਿਚ ਤਿੰਨ ਕੁ ਦਰਜਨ ਵਿਅਕਤੀਆਂ ਨੂੰ ਹੀ ਸਾਧਾਰਨ ਉਮਰ ਕੈਦ ਦੀ ਸਜ਼ਾ ਹੋਈ। ਪਿਛਲੇ ਵਰ੍ਹੇ ਕਾਂਗਰਸ ਪਾਰਟੀ ਦੇ ਪ੍ਰਮੁੱਖ ਆਗੂ ਸੱਜਣ ਕੁਮਾਰ ਨੂੰ ਇਕ ਮਾਮਲੇ 'ਚ ਅਦਾਲਤ ਨੇ ਮੌਤ ਤੱਕ ਉਮਰ ਕੈਦ ਦੀ ਸਜ਼ਾ ਜ਼ਰੂਰ ਸੁਣਾਈ ਪਰ ਇਕ ਲੋਕਤੰਤਰੀ ਦੇਸ਼ 'ਚ ਸਰਕਾਰੀ ਸਰਪ੍ਰਸਤੀ ਹੇਠ, ਧਰਮ ਦੇ ਆਧਾਰ 'ਤੇ ਕਿਸੇ ਭਾਈਚਾਰੇ ਦੇ ਹੋਏ ਸਮੂਹਿਕ ਕਤਲੇਆਮ ਤੋਂ ਤੀਹ-ਪੈਂਤੀ ਸਾਲ ਬਾਅਦ, ਹਜ਼ਾਰਾਂ ਵਿਚੋਂ ਇਕ-ਅੱਧ ਮਾਮਲੇ 'ਚ ਮਿਲੇ ਅਦਾਲਤੀ ਇਨਸਾਫ਼ ਨੂੰ ਪੂਰਾ ਇਨਸਾਫ਼ ਨਹੀਂ ਆਖਿਆ ਜਾ ਸਕਦਾ। ਪਿਛਲੇ 35 ਵਰ੍ਹੇ ਪੁਲਿਸ, ਸਰਕਾਰੀ ਮਸ਼ੀਨਰੀ ਅਤੇ ਰਾਜਨੀਤਕ ਤਾਕਤਾਂ ਨੇ ਸਿੱਖ ਵਿਰੋਧੀ ਕਤਲੇਆਮ ਦੇ ਦੋਸ਼ੀਆਂ ਨੂੰ ਸਿੱਧੇ-ਅਸਿੱਧੇ ਤੌਰ 'ਤੇ ਬਚਾਉਣ ਲਈ ਪੂਰੀ ਵਾਹ ਲਗਾਈ ਹੈ। ਇਹ ਗੱਲ ਪਿਛਲੇ ਦਿਨੀਂ ਦਿੱਲੀ ਦੀ ਅਦਾਲਤ 'ਚ ਵੀ ਨੰਗੀ-ਚਿੱਟੀ ਹੋ ਕੇ ਸਾਹਮਣੇ ਆ ਗਈ ਜਦੋਂ ਸੱਜਣ ਕੁਮਾਰ ਖ਼ਿਲਾਫ਼ ਸਿੱਖ ਕਤਲੇਆਮ ਦੇ ਗਵਾਹ ਜੋਗਿੰਦਰ ਸਿੰਘ ਦੀ ਜਗ੍ਹਾ ਪੁਲਿਸ ਵਲੋਂ ਉਸ ਦੇ ਨਾਂਅ 'ਤੇ ਇਕ ਹੋਰ ਵਿਅਕਤੀ ਨੂੰ ਅਦਾਲਤ ਵਿਚ ਲਿਜਾ ਕੇ ਧਾਰਾ 164 ਤਹਿਤ ਬਿਆਨ ਦਰਜ ਕਰਵਾਏ ਜਾਂਦੇ ਰਹੇ ਅਤੇ ਇਸ ਤਰ੍ਹਾਂ ਫ਼ਰਜ਼ੀ ਜੋਗਿੰਦਰ ਸਿੰਘ ਅਦਾਲਤ 'ਚ ਬਿਆਨ ਦਿੰਦਾ ਰਿਹਾ ਕਿ ਸੱਜਣ ਕੁਮਾਰ ਤੇ ਹੋਰ ਦੋਸ਼ੀ 1984 ਕਤਲੇਆਮ ਦੇ ਮਾਮਲਿਆਂ ਵਿਚ ਬੇਕਸੂਰ ਹਨ। ਲੰਘੀ 16 ਅਕਤੂਬਰ ਨੂੰ ਕਿਸੇ ਤਰ੍ਹਾਂ ਅਸਲੀ ਜੋਗਿੰਦਰ ਸਿੰਘ ਦਿੱਲੀ ਦੀ ਪਟਿਆਲਾ ਹਾਊਸ ਅਦਾਲਤ 'ਚ ਪਹੁੰਚ ਗਿਆ ਅਤੇ ਉਸ ਨੇ ਜੱਜ ਦੇ ਸਾਹਮਣੇ ਪੇਸ਼ ਹੋ ਕੇ ਦੱਸਿਆ ਕਿ ਉਸ ਨੇ ਕਦੇ ਵੀ ਅੰਗਰੇਜ਼ੀ 'ਚ ਦਸਤਖ਼ਤ ਕਰਕੇ ਅਦਾਲਤ ਕੋਲ ਗਵਾਹੀ ਨਹੀਂ ਦਿੱਤੀ ਕਿਉਂਕਿ ਉਹ ਅੰਗਰੇਜ਼ੀ ਜਾਣਦਾ ਹੀ ਨਹੀਂ। ਉਸ ਨੇ ਇਹ ਵੀ ਦੱਸਿਆ ਕਿ ਉਹ ਵਾਰ-ਵਾਰ ਪੁਲਿਸ ਕੋਲ ਗਵਾਹੀ ਦਿੰਦਾ ਰਿਹਾ ਹੈ ਕਿ ਉਸ ਨੇ ਸੱਜਣ ਕੁਮਾਰ ਨੂੰ ਆਪਣੇ ਭਰਾ ਦਾ ਕਤਲ ਕਰਦਿਆਂ ਅੱਖੀਂ ਵੇਖਿਆ ਹੈ। ਹਾਲਾਂਕਿ ਇਸ ਤੋਂ ਪਹਿਲਾਂ ਸੀ.ਬੀ.ਆਈ. ਵੀ ਅਦਾਲਤਾਂ 'ਚ ਕਈ ਵਾਰ ਇਹ ਖ਼ੁਲਾਸਾ ਕਰ ਚੁੱਕੀ ਹੈ ਕਿ ਸਿੱਖ ਕਤਲੇਆਮ ਨੂੰ ਰੋਕਣ ਅਤੇ ਇਸ ਦੇ ਅਸਲ ਦੋਸ਼ੀਆਂ ਖ਼ਿਲਾਫ਼ ਦਿੱਲੀ ਪੁਲਿਸ ਕਾਰਵਾਈ ਕਰਨ 'ਚ ਨਾਕਾਮ ਰਹੀ ਹੈ ਅਤੇ ਉਸ ਨੇ ਇਸ ਕਤਲੇਆਮ ਦੇ ਦੋਸ਼ੀਆਂ ਨੂੰ ਬਚਾਉਣ ਦਾ ਯਤਨ ਕੀਤਾ ਹੈ। ਦਿੱਲੀ ਤੋਂ ਬਾਅਦ ਦੇਸ਼ ਦਾ ਦੂਜਾ ਸ਼ਹਿਰ ਕਾਨਪੁਰ ਸੀ, ਜਿੱਥੇ ਸਭ ਤੋਂ ਵੱਧ ਸਿੱਖਾਂ ਦਾ ਕਤਲੇਆਮ ਹੋਇਆ। ਲੰਘੀ ਫਰਵਰੀ 2019 'ਚ ਉੱਤਰ ਪ੍ਰਦੇਸ਼ ਸਰਕਾਰ ਵਲੋਂ ਗਠਿਤ ਕੀਤੀ ਇਕ ਵਿਸ਼ੇਸ਼ ਜਾਂਚ ਟੀਮ ਨੇ ਕਾਨਪੁਰ 'ਚ 125 ਸਿੱਖਾਂ ਦੇ ਕਤਲੇਆਮ ਦੀ ਜਦੋਂ ਜਾਂਚ ਆਰੰਭੀ ਤਾਂ ਕਤਲੇਆਮ ਸਬੰਧੀ ਦੋਸ਼ੀਆਂ ਦੇ ਜ਼ੁਰਮਾਂ ਤੇ ਸਬੂਤਾਂ ਨਾਲ ਸਬੰਧਿਤ ਕਈ ਅਹਿਮ ਦਸਤਾਵੇਜ਼ ਹੀ ਸਰਕਾਰੀ ਰਿਕਾਰਡ ਵਿਚੋਂ ਗਾਇਬ ਪਾਏ ਗਏ।

ਪਿਛਲੇ ਸਾਲ ਦੇਸ਼ ਦੀ ਸਰਬਉੱਚ ਅਦਾਲਤ ਨੇ ਵੀ ਇਹ ਟਿੱਪਣੀ ਕੀਤੀ ਸੀ ਕਿ ਸਿੱਖ ਵਿਰੋਧੀ ਕਤਲੇਆਮ ਦੇ ਮਾਮਲਿਆਂ ਦੇ ਨਿਪਟਾਰੇ 'ਚ ਬਹੁਤ ਦੇਰੀ ਹੋਈ ਹੈ। ਕੁਝ ਸਾਲ ਪਹਿਲਾਂ ਸੁਪਰੀਮ ਕੋਰਟ ਦੇ ਹੀ ਇਕ ਸੇਵਾ-ਮੁਕਤ ਜੱਜ ਮਾਰਕੰਡੇ ਕਾਟਜੂ ਨੇ ਇਹ ਖ਼ੁਲਾਸਾ ਕੀਤਾ ਸੀ ਕਿ 1984 ਦੇ ਸਿੱਖ ਕਤਲੇਆਮ ਸਮੇਂ ਉੱਚ ਅਦਾਲਤ ਦੇ ਜੱਜਾਂ ਦਾ ਝੁਕਾਅ ਕਾਂਗਰਸ-ਪੱਖੀ ਸੀ, ਜਿਸ ਕਰਕੇ ਕਤਲੇਆਮ ਨੂੰ ਰੋਕਣ 'ਚ ਨਿਆਂਪਾਲਿਕਾ ਨੇ ਕੋਈ ਸਰਗਰਮ ਭੂਮਿਕਾ ਨਹੀਂ ਨਿਭਾਈ। ਉਨ੍ਹਾਂ ਇੱਥੋਂ ਤੱਕ ਕਿਹਾ ਸੀ ਕਿ ਸਿੱਖ ਕਤਲੇਆਮ ਦੀ ਜਾਂਚ ਬਾਰੇ ਬਣੇ 'ਮਿਸ਼ਰਾ ਕਮਿਸ਼ਨ' ਦੇ ਮੁਖੀ ਜਸਟਿਸ ਰੰਗਨਾਥ ਮਿਸ਼ਰਾ ਵੀ ਕਾਂਗਰਸ ਪੱਖੀ ਸਨ ਤੇ ਬਾਅਦ 'ਚ ਜਸਟਿਸ ਰੰਗਨਾਥ ਮਿਸ਼ਰਾ ਕਾਂਗਰਸ ਪਾਰਟੀ ਵਲੋਂ ਰਾਜ ਸਭਾ ਦੇ ਮੈਂਬਰ ਵੀ ਰਹੇ ਹਨ। ਵਿਦਵਾਨ ਰਜਨੀ ਕੁਠਾਰੀ ਅਨੁਸਾਰ, 'ਜੋ ਕੁਝ ਦਿੱਲੀ ਵਿਚ ਨਵੰਬਰ 1984 ਦੇ ਸ਼ੁਰੂ ਵਿਚ ਹੋਇਆ, ਉਹ ਦੰਗੇ ਨਹੀਂ ਸਨ, ਸਗੋਂ ਕਿਸੇ ਸਾਜ਼ਿਸ਼ ਅਧੀਨ ਪਹਿਲਾਂ ਤੋਂ ਘੜੀ ਯੋਜਨਾ ਸੀ। ਇਸ ਨੂੰ ਸਿਰੇ ਚੜ੍ਹਾਉਣ ਲਈ ਕਿੱਤੇ ਦੀ ਚੋਣ (ਸਿੱਖਾਂ ਦੀਆਂ ਰਿਹਾਇਸ਼ੀ ਆਬਾਦੀਆਂ), ਸਾਜ਼ੋ-ਸਾਮਾਨ ਦਾ ਪ੍ਰਬੰਧ, ਇਸ ਅਪਰਾਧ ਨੂੰ ਕਰਨ ਵਾਲੇ ਜਾਣੇ-ਪਛਾਣੇ ਸਨ। ਇਸ ਨੂੰ ਪੁਲਿਸ ਦੀ ਦੇਖ-ਰੇਖ ਹੇਠ ਸਿੱਖਾਂ ਦਾ ਵਹਿਸ਼ੀਆਨਾ ਕਤਲੇਆਮ ਕਹਿਣ ਤੋਂ ਬਿਨਾਂ ਹੋਰ ਨਾਂਅ ਨਹੀਂ ਦਿੱਤਾ ਜਾ ਸਕਦਾ।'

ਕਾਂਗਰਸ ਹਮੇਸ਼ਾ 1984 ਦੇ ਸਿੱਖ ਵਿਰੋਧੀ ਕਤਲੇਆਮ ਨੂੰ 'ਕਤਲੇਆਮ' ਵਜੋਂ ਕਬੂਲ ਕਰਨ ਤੋਂ ਵੀ ਭੱਜਦੀ ਹੈ। ਕਾਂਗਰਸ ਵਲੋਂ ਜਦੋਂ ਵੀ ਸਿੱਖ ਭਾਈਚਾਰੇ ਨੂੰ 1984 ਦੇ ਕਤਲੇਆਮ ਨੂੰ ਭੁੱਲ ਜਾਣ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਉਸ ਦਾ ਅੰਦਾਜ਼ ਕਤਲੇਆਮ ਨੂੰ ਨਿਆਂਸੰਗਤ ਠਹਿਰਾਉਣ ਵਾਲਾ ਹੁੰਦਾ ਹੈ। ਇਸ ਕਤਲੇਆਮ ਨਾਲ ਭਾਰਤ ਦੇ ਇਕ ਖ਼ੁਸ਼ਹਾਲ ਅਤੇ ਦੇਸ਼ ਦੀ ਆਜ਼ਾਦੀ 'ਚ ਸਭ ਤੋਂ ਵੱਧ ਯੋਗਦਾਨ ਪਾਉਣ ਵਾਲੇ ਸਿੱਖ ਭਾਈਚਾਰੇ ਦੀ ਵਿਰਾਸਤ, ਸਮਾਜਿਕ ਢਾਂਚੇ, ਆਰਥਿਕਤਾ ਅਤੇ ਜੀਣ-ਥੀਣ ਦੀਆਂ ਸੰਭਾਵਨਾਵਾਂ ਹੀ ਰੋਲ ਕੇ ਰੱਖ ਦਿੱਤੀਆਂ ਗਈਆਂ। ਇਸੇ ਦਾ ਹੀ ਨਤੀਜਾ ਸੀ ਕਿ ਪੰਜਾਬ ਸਦੀਆਂ ਤੱਕ ਪੱਛੜ ਗਿਆ ਅਤੇ ਇੱਥੋਂ ਦੀ ਜਵਾਨੀ, ਕਿਸਾਨੀ ਤੇ ਉਦਯੋਗ ਇੱਥੋਂ ਹਿਜਰਤ ਕਰਕੇ ਦੂਜੇ ਸੂਬਿਆਂ ਅਤੇ ਦੇਸ਼ਾਂ ਵਿਚ ਚਲੇ ਗਏ। ਸੋ, ਅੱਜ ਸਿੱਖ ਵਿਰੋਧੀ ਕਤਲੇਆਮ ਤੋਂ 35 ਵਰ੍ਹੇ ਬਾਅਦ, ਜਦੋਂ ਉਸ ਕਤਲੇਆਮ ਦੇ ਬਹੁਤ ਸਾਰੇ ਚਸ਼ਮਦੀਦ ਗਵਾਹ ਅਤੇ ਪੀੜਤ ਅਦਾਲਤਾਂ ਤੋਂ ਇਨਸਾਫ਼ ਉਡੀਕਦੇ-ਉਡੀਕਦੇ ਹੀ ਇਸ ਜਹਾਨੋਂ ਫ਼ੌਤ ਹੋ ਚੁੱਕੇ ਹਨ ਅਤੇ ਬਹੁਤ ਸਾਰੇ ਦੋਸ਼ੀ ਕਾਨੂੰਨੀ ਸਜ਼ਾਵਾਂ ਪਾਉਣ ਤੋਂ ਬਗ਼ੈਰ ਹੀ ਜੀਵਨ ਭੋਗ ਕੇ ਕੁਦਰਤੀ ਮੌਤੇ ਮਰ ਚੁੱਕੇ ਹਨ, ਉਸ ਵੇਲੇ ਮਹਿਜ਼ ਕੁਝ ਕੁ ਦੋਸ਼ੀਆਂ ਨੂੰ ਸਜ਼ਾਵਾਂ ਮਿਲਣ ਨੂੰ ਹੀ ਪੂਰਨ ਇਨਸਾਫ਼ ਨਹੀਂ ਕਿਹਾ ਜਾ ਸਕਦਾ, ਬਲਕਿ ਇਹ ਵੀ ਵੱਡੀ ਲੋੜ ਹੈ ਕਿ ਉਸ ਕਤਲੇਆਮ ਦੇ ਵਿਆਪਕ ਵਰਤਾਰੇ ਪਿੱਛੇ ਲੁਕਵੇਂ ਉਦੇਸ਼ਾਂ ਅਤੇ ਤਮਾਮ ਜ਼ਿੰਮੇਵਾਰ ਤਾਕਤਾਂ ਨੂੰ ਸਾਹਮਣੇ ਲਿਆਂਦਾ ਜਾਏ, ਪ੍ਰਭਾਵਾਂ ਅਤੇ ਸਿੱਟਿਆਂ ਬਾਰੇ ਨਿਰਪੱਖਤਾ ਨਾਲ ਵਿਸ਼ਲੇਸ਼ਣ ਹੋਵੇ ਤਾਂ ਜੋ ਇਤਿਹਾਸ ਵਿਚ ਸਿੱਖ ਵਿਰੋਧੀ ਕਤਲੇਆਮ ਦੀਆਂ ਤਮਾਮ ਜ਼ਿੰਮੇਵਾਰ ਤਾਕਤਾਂ ਨੂੰ ਇਤਿਹਾਸ ਵਿਚ ਸ਼ਰਮਿੰਦਾ ਹੋਣਾ ਪਵੇ।

-ਤਲਵਿੰਦਰ ਸਿੰਘ

## ਰਾਜਸੀ ਪਾਰਟੀਆਂ 'ਲੁਟੇਰਾ ਗਿਰੋਹ'

ਭਾਰਤ ਵਿਚ ਰਾਜਸੀ ਪਾਰਟੀ ਬਣਾਉਣਾ ਅਤੇ ਚਲਾਉਣਾ ਇਕ ਵਪਾਰ ਦੇ ਹਿੱਸੇ ਵਜੋਂ ਉੱਭਰ ਕੇ ਸਾਹਮਣੇ ਆ ਚੁੱਕਾ ਹੈ। ਭਾਰਤ ਦੇ ਚੋਣ ਕਮਿਸ਼ਨ ਕੋਲ 2500 ਤੋਂ ਵੱਧ ਰਜਿਸਟਰਡ ਪਾਰਟੀਆਂ ਹਨ। ਕਈ ਪ੍ਰਾਂਤਾਂ ਵਿਚ 300 ਤੋਂ 400 ਰਾਜਸੀ ਦਲ ਬਣੇ ਹੋਏ ਹਨ। ਪੰਜਾਬ ਇਕ ਛੋਟਾ ਪ੍ਰਾਂਤ ਹੈ ਪਰ ਇੱਥੇ ਵੀ ਲਗਪਗ 60 ਪਾਰਟੀਆਂ ਰਜਿਸਟਰਡ ਮਿਲਦੀਆਂ ਹਨ। ਕੋਈ ਵੀ ਸਰਮਾਏਦਾਰ, ਧਰਮ ਜਾਂ ਜਾਤ ਦਾ ਠੇਕੇਦਾਰ ਆਸਾਨੀ ਨਾਲ ਕਿਸੇ ਵਕੀਲ ਰਾਹੀਂ ਫਾਈਲ ਦਾ ਘਰ ਪੂਰਾ ਕਰ ਕੇ ਆਪੇ ਪ੍ਰਧਾਨ ਬਣ ਜਾਂਦਾ ਹੈ। ਉਹ ਕੇਂਦਰ, ਸੂਬਾ ਅਤੇ ਹੇਠਲੀ ਪੱਧਰ 'ਤੇ ਅਹੁਦੇਦਾਰ ਨਿਯੁਕਤ ਕਰ ਕੇ ਖ਼ੁਦ ਆਗੂ ਹੋਣ ਦੀ ਪੁਛ ਲਗਾ ਸਕਦਾ ਹੈ। ਫਿਰ ਵਿਧਾਇਕਾਂ ਜਾਂ ਸੰਸਦ ਮੈਂਬਰਾਂ ਦੀਆਂ ਟਿਕਟਾਂ ਸਬੰਧੀ ਸੌਦੇਬਾਜ਼ੀ ਹੁੰਦੀ ਹੈ। ਟਿਕਟਾਂ ਵੇਚੀਆਂ ਵੀ ਜਾਂਦੀਆਂ ਹਨ। ਦੇਸ਼ ਪੱਧਰੀ ਕੇਵਲ ਚਾਰ ਜਾਂ ਪੰਜ ਪਾਰਟੀਆਂ ਅਤੇ ਸੂਬਾ ਪੱਧਰੀ ਕੇਵਲ 10-15 ਪਾਰਟੀਆਂ ਚੋਣਾਂ ਲੜਦੀਆਂ ਹਨ। ਬਾਕੀ ਬਹੁਤ ਸਾਰੀਆਂ ਪਾਰਟੀਆਂ ਚੋਣ ਕਮਿਸ਼ਨ ਕੋਲ ਤਾਂ ਦਰਜ ਹੀ ਹਨ ਪਰ ਲੰਬੇ ਸਮੇਂ ਤੋਂ ਖ਼ਤਮ ਹੋ ਚੁੱਕੀਆਂ ਹਨ। ਗ਼ੌਰਤਲਬ ਗੱਲ ਇਹ ਹੈ ਕਿ ਚੋਣ ਕਮਿਸ਼ਨ ਕੋਲ ਕੇਵਲ ਪਾਰਟੀ ਨੂੰ ਮਾਨਤਾ (ਰਜਿਸਟ੍ਰੇਸ਼ਨ) ਦੇਣ ਦਾ ਅਧਿਕਾਰ ਹੈ, ਪਾਰਟੀ ਦੀ ਮਾਨਤਾ ਰੱਦ ਕਰਨ ਦਾ ਨਹੀਂ। ਮੇਰਾ ਸਮਾਜਵਾਦੀ ਲਹਿਰ ਨਾਲ ਸਬੰਧ ਰਿਹਾ ਹੈ। ਰਾਜਸੀ ਪਾਰਟੀਆਂ ਅਤੇ ਨੇਤਾਵਾਂ ਨੇ ਸਿਆਸਤ ਨੂੰ ਕੇਵਲ ਨਿੱਜੀ ਸੱਤਾ ਦੀ ਪੌੜੀ ਬਣਾ ਲਿਆ ਹੈ। ਦੇਸ਼ ਸੇਵਾ ਦੀ ਥਾਂ ਪਰਿਵਾਰ ਸੇਵਾ ਦਾ ਟੀਚਾ ਮਿੱਥ ਲਿਆ ਜਾਪਦਾ ਹੈ। ਨਤੀਜਾ ਇਹ ਨਿਕਲਿਆ ਕਿ ਹੁਣ ਰਾਜਸੀ ਪਾਰਟੀਆਂ 'ਲੁਟੇਰਾ ਗਿਰੋਹ' ਬਣ ਗਈਆਂ ਹਨ। ਹੁਣ ਸਿਆਸਤ ਅਤੇ ਸਿਆਸੀ ਚੋਣਾਂ ਨੂੰ ਭ੍ਰਿਸ਼ਟਾਚਾਰ ਦੇ ਕੁੰਭ ਵਜੋਂ ਲਿਆ ਜਾ ਰਿਹਾ ਹੈ। ਹਰ ਪਾਰਟੀ, ਨੇਤਾ ਜਾਂ ਕਾਰਕੁੰਨ ਭ੍ਰਿਸ਼ਟ ਬਣਾ ਦਿੱਤਾ ਗਿਆ ਹੈ। ਸੰਨ 1952 ਦੀਆਂ ਲੋਕ ਸਭਾ ਚੋਣਾਂ ਤੋਂ ਪਿੱਛੋਂ ਇਹ ਖੇਡ ਪ੍ਰਤੱਖ ਖੇਡੀ ਜਾਣ ਲੱਗ ਪਈ। ਇਨ੍ਹਾਂ ਚੋਣਾਂ ਵਿਚ ਕਾਂਗਰਸ ਨੇ ਟਾਟਾ-ਬਾਟਾ ਦੀਆਂ ਵੱਡੀਆਂ ਕੰਪਨੀਆਂ ਤੋਂ ਦਾਨ ਲੈ ਕੇ ਚੋਣਾਂ ਲੜਨੀਆਂ ਸ਼ੁਰੂ ਕੀਤੀਆਂ ਅਤੇ ਗ਼ਰੀਬਾਂ ਦੀਆਂ ਵੋਟਾਂ ਖ਼ਰੀਦਣ ਦਾ ਰਿਵਾਜ਼ ਪੈ ਗਿਆ। ਇਸ ਤਰ੍ਹਾਂ ਕਾਂਗਰਸ ਸੇਠਾਂ ਦੇ ਨੋਟਾਂ 'ਤੇ ਗ਼ਰੀਬਾਂ ਦੀਆਂ ਵੋਟਾਂ ਨਾਲ ਸਰਕਾਰ ਬਣਾਉਣ ਦੇ ਰਾਹ ਚੱਲਣ ਲੱਗੀ। ਇਹ ਗੁਰ ਹੁਣ ਭਾਰਤੀ ਜਨਤਾ ਪਾਰਟੀ ਨੂੰ ਵੀ ਪਸੰਦ ਆ ਚੁੱਕਾ ਹੈ। ਉਨ੍ਹਾਂ ਅੰਬਾਨੀ-ਅਡਾਨੀ ਵਰਗੇ ਕਾਰਪੋਰੇਟ ਘਰਾਣਿਆਂ ਤੋਂ ਅਰਬਾਂ-ਖਰਬਾਂ ਰੁਪਏ ਲੈ ਕੇ ਕੇਂਦਰੀ ਪੱਧਰ ਅਤੇ ਸੂਬਾ ਪੱਧਰ 'ਤੇ ਸਰਕਾਰਾਂ ਬਣਾ ਕੇ ਕਬਜ਼ੇ ਕਰ ਲਏ ਹਨ। ਸੰਵਿਧਾਨ ਦੇ ਸਿਧਾਂਤਾਂ ਨੂੰ ਪਰੇ ਰੱਖ ਦਿੱਤਾ ਗਿਆ ਹੈ। ਧਾਰਮਿਕ ਛਲਾਵੇ ਅਤੇ ਝੂਠੇ ਵਾਅਦੇ ਦਾਅਵੇ ਕਰ ਕੇ ਰਾਜ ਸੱਤਾ ਹਥਿਆ ਲਈ ਗਈ ਹੈ। ਇੱਥੋਂ ਤਕ ਕਿ ਹੁਣ ਸਰਕਾਰ ਭਾਜਪਾ ਦੇ ਨਾਂ ਹੇਠ ਨਹੀਂ ਬਲਕਿ ਨਰਿੰਦਰ ਮੋਦੀ ਦੇ ਨਾਂ ਹੇਠ ਜਾਣੀ ਜਾਂਦੀ ਹੈ। ਹੁਣ ਪ੍ਰਧਾਨ ਮੰਤਰੀ ਲੋਕਾਂ ਦੇ ਨਹੀਂ ਸਗੋਂ ਸਿਖ਼ਰ ਦੇ ਕਾਰੋਬਾਰੀਆਂ ਦੇ ਹਨ। ਦੇਸ਼ ਦਾ ਭਵਿੱਖ ਖ਼ਤਰੇ 'ਚ ਹੈ। ਹਾਂ! ਕੁਝ ਸ਼ੁਭ ਸੰਕੇਤ ਵੀ ਸਾਹਮਣੇ ਆ ਰਹੇ ਹਨ। ਕੁਝ ਸੁਝਵਾਨ ਜਨਤਾ ਸੈਂਕੜੇ ਜਾਂ ਵੱਧ ਰਿਸ਼ਵਤ ਲੈਣ ਵਾਲੇ ਕਰਮਚਾਰੀਆਂ ਨੂੰ ਹੀ ਦੋਸ਼ੀ ਨਹੀਂ ਮੰਨ ਰਹੀ ਬਲਕਿ ਅਰਬਾਂ-ਖਰਬਾਂ ਦੀਆਂ ਚੋਣਾਂ ਵਿਚ ਕਾਲਾ ਧਨ ਪ੍ਰਾਪਤ ਕਰਨ ਵਾਲੀਆਂ ਪਾਰਟੀਆਂ ਦੇ ਪਰਦੇ ਵੀ ਚੁੱਕ ਰਹੀ ਹੈ। ਸਵਰਾਜ ਜਾਂ ਹੋਰ ਚੋਣ ਸੁਧਾਰਾਂ ਨੂੰ ਪ੍ਰਣਾਏ ਮਿਸ਼ਨਾਂ ਵੱਲੋਂ ਸੰਘਰਸ਼ ਵਿੱਢੇ ਗਏ ਹਨ। ਇਨ੍ਹਾਂ ਸੰਘਰਸ਼ਾਂ ਵਿਚ ਨੁਕਸ ਜ਼ਰੂਰ ਰਹੇ ਹਨ ਜਿਸ ਕਾਰਨ ਸਫ਼ਲਤਾਵਾਂ ਮਿਲਣ ਵਿਚ ਦੇਰੀ ਹੋਈ ਹੈ ਪਰ ਇਨ੍ਹਾਂ ਸੰਘਰਸ਼ਾਂ ਦਾ ਅੰਤ ਨਹੀਂ ਹੋਇਆ ਹੈ। ਚੋਣ ਸੁਧਾਰਾਂ ਸਬੰਧੀ ਭਾਰਤ ਸਰਕਾਰ ਨੇ ਕਈ ਕਮਿਸ਼ਨ ਤੇ ਕਮੇਟੀਆਂ ਦਾ ਗਠਨ ਕੀਤਾ ਹੈ। ਜਿਵੇਂ ਕਿ 1990 ਦੀ ਗੋਸਵਾਮੀ ਕਮੇਟੀ, 1993 ਦੀ ਵੋਹਰਾ ਕਮੇਟੀ, 1998 ਦੀ ਇੰਦਰਜੀਤ ਗੁਪਤਾ ਕਮੇਟੀ, 1999 ਦੀ ਲਾਅ ਕਮਿਸ਼ਨ ਰਿਪੋਰਟ, 2001 ਦੀ ਸੰਵਿਧਾਨ ਕਮਿਸ਼ਨ ਰਿਪੋਰਟ ਅਤੇ 2004 ਦੀ ਭਾਰਤ ਦੇ ਚੋਣ ਕਮਿਸ਼ਨ ਦੀਆਂ ਚੋਣ ਸੁਧਾਰਾਂ ਸਬੰਧੀ ਸਿਫ਼ਾਰਸ਼ਾਂ ਆਦਿ। ਸਵੈ-ਸੇਵੀ ਸੰਸਥਾ ਐਸੋਸੀਏਸ਼ਨ ਫ਼ਾਰ ਡੈਮੋਕ੍ਰੈਟਿਕ ਰਿਫਾਰਮਜ਼ (ਏਡੀਆਰ) ਦੇ ਬਹੁਮੁੱਲੇ ਸੁਝਾਅ ਦੇਸ਼ ਦੀ ਕਿਸਮਤ ਬਦਲ ਦੇਣ ਦੇ ਯੋਗ ਹਨ। ਇਨ੍ਹਾਂ 'ਚੋਂ ਕੁਝ ਵਰਣਨਯੋਗ ਹਨ ਜਿਵੇਂ ਕਿ ਕੇਂਦਰੀ ਸੂਚਨਾ ਆਯੋਗ (ਸੀਆਈਸੀ) ਬੈਂਚ ਦੇ ਸਰਬਸੰਮਤੀ ਵਾਲੇ ਫ਼ੈਸਲੇ ਅਨੁਸਾਰ ਰਾਜਸੀ ਦਲ 2005 ਦੇ ਸੂਚਨਾ ਅਧਿਕਾਰ ਕਾਨੂੰਨ ਦੇ ਤਹਿਤ ਆਉਂਦੇ ਹਨ। ਸਿਆਸੀ ਪਾਰਟੀਆਂ ਦੇ ਆਮਦਨ-ਖ਼ਰਚ ਵਾਲੀ ਵਿੱਤੀ ਆਡਿਟ ਰਿਪੋਰਟ ਜਨਤਕ ਕੀਤੀ ਜਾਣੀ ਚਾਹੀਦੀ ਹੈ। ਸਾਰੀਆਂ ਪਾਰਟੀਆਂ ਨੂੰ ਪਾਬੰਦ ਕੀਤਾ ਜਾਵੇ ਕਿ ਉਹ ਅਪਰਾਧੀ ਪਿਛੋਕੜ ਵਾਲੇ ਤੇ ਦਾਗੀ ਉਮੀਦਵਾਰਾਂ ਨੂੰ ਟਿਕਟਾਂ ਨਾ ਦੇਣ। ਚੋਣਾਂ ਪਿੱਛੋਂ ਕੇਵਲ ਉਨ੍ਹਾਂ ਉਮੀਦਵਾਰਾਂ ਨੂੰ ਸਫ਼ਲ ਘੋਸ਼ਿਤ ਕੀਤਾ ਜਾਵੇ ਜਿਨ੍ਹਾਂ ਨੇ ਕੁੱਲ ਵੋਟਾਂ ਦਾ ਘੱਟੋ-ਘੱਟ 50 ਫ਼ੀਸਦੀ ਹਿੱਸਾ ਪ੍ਰਾਪਤ ਕੀਤਾ ਹੋਵੇ। ਦੇਸ਼ ਵਿਚ ਵਿਧਾਇਕਾਂ, ਸੰਸਦ ਮੈਂਬਰਾਂ, ਚੇਅਰਮੈਨਾਂ, ਆਦਿ ਨੂੰ ਤਨਖ਼ਾਹ ਦੇਣੀ ਬੰਦ ਕੀਤੀ ਜਾਵੇ। ਉਨ੍ਹਾਂ ਨੂੰ ਕੇਵਲ ਉਨ੍ਹਾਂ ਦੁਆਰਾ ਕੀਤੇ ਕੰਮਾਂ ਲਈ ਟੀਏ/ ਡੀਏ ਹੀ ਦਿੱਤਾ ਜਾਵੇ। ਪਾਰਟੀਆਂ ਉੱਪਰ ਨਿਗ੍ਹਾ ਰੱਖਣ ਲਈ ਲੋਕਪਾਲ ਵਾਂਗ ਇਕ ਸੁਤੰਤਰ ਅਦਾਰਾ ਬਣਾਇਆ ਜਾਣਾ ਸਮੇਂ ਦੀ ਲੋੜ ਹੈ। ਉਹ ਉਨ੍ਹਾਂ ਪਾਰਟੀਆਂ ਦੀ ਮਾਨਤਾ ਖ਼ਤਮ ਕਰਨ ਲਈ ਅਧਿਕਾਰਤ ਹੋਵੇ ਜਿਹੜੀਆਂ ਸਿਆਸੀ ਪਾਰਟੀਆਂ ਆਪਣੇ ਨਿਯਮਾਂ ਅਨੁਸਾਰ ਚੋਣਾਂ ਨਹੀਂ ਕਰਵਾਉਂਦੀਆਂ ਅਤੇ ਚੋਣ ਮਨੋਰਥ ਪੱਤਰ ਦੇ ਵਾਅਦੇ ਪੂਰੇ ਨਹੀਂ ਕਰਦੀਆਂ ਜਾਂ ਜੋ ਲਗਾਤਾਰ ਪੰਜ ਸਾਲਾਂ ਤਕ ਚੋਣਾਂ ਵਿਚ ਕੋਈ ਉਮੀਦਵਾਰ ਖੜ੍ਹੇ ਨਹੀਂ ਕਰਦੀਆਂ। ਚੋਣਾਂ ਸਮੇਂ ਕਮਿਸ਼ਨ ਵੱਲੋਂ ਸਾਂਝੇ ਪਲੇਟਫਾਰਮਾਂ 'ਤੇ ਉਮੀਦਵਾਰਾਂ ਅਤੇ ਪਾਰਟੀ ਨੇਤਾਵਾਂ ਕੋਲੋਂ ਕਾਰਗੁਜ਼ਾਰੀ ਦੀ ਪੇਸ਼ਕਾਰੀ ਦੇ ਪ੍ਰਬੰਧ ਕੀਤੇ ਜਾਣ। ਦਲ ਬਦਲ ਕਰਨ ਵਾਲੇ ਵਿਧਾਇਕਾਂ ਅਤੇ ਸੰਸਦ ਮੈਂਬਰਾਂ 'ਤੇ ਪੰਜ ਸਾਲ ਤਕ ਚੋਣ ਲੜਨ ਦੀ ਪਾਬੰਦੀ ਲੱਗਣੀ ਚਾਹੀਦੀ ਹੈ।

-ਬਲਵੰਤ ਸਿੰਘ ਖੇੜਾ

ਮੋਬਾਈਲ ਨੰ. : 94170-46112

# ਅਜੋਕੀ ਜੰਗ ਦੀ ਭਿਆਨਕਤਾ ਪ੍ਰਤੀ ਸੁਚੇਤ ਹੋਣ ਦੀ ਲੋੜ

**ਹਰਨੰਦ ਸਿੰਘ ਭੁੱਲਰ**

ਅੱਜ ਅਸੀਂ ਬਾਰੂਦ ਦੇ ਢੇਰ ਉੱਤੇ ਬੈਠੇ ਸਾਹ ਲੈ ਰਹੇ ਹਾਂ। ਇਕ ਚੰਗਿਆੜੀ ਕੁਝ ਪਲਾਂ ਵਿੱਚ ਹੀ ਦੁਨੀਆਂ ਨੂੰ ਰਾਖ ਬਣਾ ਸਕਦੀ ਹੈ। ਸਭ ਦੇਸ਼ਾਂ ਦੇ ਹਾਕਮਾਂ ਨੇ ਵੱਧ ਤੋਂ ਵੱਧ ਮਾਰੂ ਹਥਿਆਰਾਂ ਅਤੇ ਬੰਬਾਂ ਦੇ ਅੰਬਾਰ ਇਕੱਠੇ ਕਰ ਲਏ ਹਨ। ਜਿੰਨਾ ਵੱਧ ਉਹ ਹਥਿਆਰਾਂ ਦੇ ਮਾਰੂ ਰੂਪ ਦਾ ਵਿਕਾਸ ਕਰਦੇ ਹਨ, ਉੰਨਾ ਹੀ ਉਹ ਦੁਨੀਆ ਦੀ ਤਬਾਹੀ ਨੂੰ ਅਸਾਨ ਬਣਾ ਰਹੇ ਹਨ। ਜਿਹੜੇ ਪ੍ਰਮਾਣੂ ਬੰਬਾਂ ਨੇ ਹੀਰੋਸ਼ੀਮਾ ਅਤੇ ਨਾਗਾਸਾਕੀ ਵਿੱਚ ਤਬਾਹੀ ਮਚਾਈ ਸੀ, ਉਹ ਬੰਬ ਅੱਜ ਕਈ ਗੁਣਾ ਵੱਧ ਮਾਰੂ ਰੂਪ ਅਖ਼ਤਿਆਰ ਕਰ ਚੁੱਕੇ ਹਨ। ਵਿਸ਼ਵ ਦੇ ਦੇਸ਼ਾਂ ਵਿੱਚ ਇੱਕ ਦੂਸਰੇ ਨੂੰ ਹਥਿਆਰਾਂ ਅਤੇ ਬੰਬਾਂ ਦੇ ਨਿਰਮਾਣ ਦੇ ਮਾਮਲੇ ਵਿੱਚ ਪਿਛਾੜਨ ਦੀ ਦੌੜ ਲੱਗੀ ਹੋਈ ਹੈ। ਅੱਜ ਜੇਕਰ ਜੰਗ ਹੁੰਦੀ ਹੈ ਤਾਂ ਇਸਦਾ ਭਿਆਨਕ ਰੂਪ ਕੀ ਹੋ ਸਕਦਾ ਹੈ, ਇਸ ਸਬੰਧੀ ਅਮਰੀਕੀ ਖੋਜਾਰਥੀਆਂ ਦੁਆਰਾ ਭਾਰਤ ਪਾਕਿ ਜੰਗ ਦੀ ਸੰਭਾਵਨਾ ਸਬੰਧੀ ਕੀਤਾ ਅਧਿਐਨ ਪੈਰਾਂ ਥੱਲਿਓਂ ਜ਼ਮੀਨ ਕੱਢਣ ਵਾਂਗ ਹੈ।

ਅਮਰੀਕੀ ਯੂਨੀਵਰਸਿਟੀ ਕੋਲੋਰਾਡੋ ਬੋਲਡਰ ਅਤੇ ਹਿਊਟਗਰੇਜ ਵਲੋਂ ਤਾਜ਼ਾ ਕੀਤੇ ਗਏ ਅਧਿਐਨ ਵਿੱਚ ਸਾਹਮਣੇ ਆਇਆ ਹੈ ਕਿ ਜੇਕਰ ਭਾਰਤ ਅਤੇ ਪਾਕਿਸਤਾਨ ਵਿੱਚ ਪ੍ਰਮਾਣੂ ਜੰਗ ਛਿੜਦੀ ਹੈ ਤਾਂ ਇੱਕ ਹਫਤੇ ਤੋਂ ਵੀ ਘੱਟ ਸਮੇਂ ਵਿੱਚ 5 ਕਰੋੜ ਤੋਂ ਲੈ ਕੇ 12.50 ਕਰੋੜ ਲੋਕਾਂ ਦੀ ਜਾਨ ਜਾ ਸਕਦੀ ਹੈ। ਇਸ ਵਿੱਚ ਕੋਲੋਰਾਡੋ ਬੋਲਡਰ ਯੂਨੀਵਰਸਿਟੀ ਦੇ ਪ੍ਰੋਫੈਸਰ ਬਰਾਈਨ ਟੂਨ ਅਨੁਸਾਰ ਦੋਨਾਂ ਦੇਸ਼ਾਂ ਵਿੱਚਕਾਰ ਜੰਗ ਵਿੱਚ ਮਰਨ ਵਾਲਿਆਂ ਦੀ ਗਿਣਤੀ ਵਿਸ਼ਵ ਵਿੱਚ ਹੋਣ ਵਾਲੀ ਕਿਸੇ ਵੀ ਜੰਗ ਤੋਂ ਦੁੱਗਣੀ ਹੋ ਸਕਦੀ ਹੈ ਕਿਉਂਕਿ ਦੋਵਾਂ ਦੇਸ਼ਾਂ ਕੋਲ 150-150 ਦੇ ਕਰੀਬ ਪ੍ਰਮਾਣੂ ਹਥਿਆਰ ਢੋਹਣ ਵਾਲੇ ਮਿਜ਼ਾਇਲ ਹਨ। ਖੋਜਾਰਥੀਆਂ ਅਨੁਸਾਰ ਜੰਗ ਨਾਲ ਸਿਰਫ ਉਨ੍ਹਾਂ ਥਾਵਾਂ ਨੂੰ ਹੀ ਨੁਕਸਾਨ ਨਹੀਂ ਹੋਵੇਗਾ ਜਿੱਥੇ ਪ੍ਰਮਾਣੂ ਬੰਬ ਡਿੱਗਣਗੇ ਸਗੋਂ ਪੂਰੀ ਦੁਨੀਆਂ ਪ੍ਰਭਾਵਿਤ ਹੋਵੇਗੀ। ਇੰਨਾ ਹੀ ਨਹੀਂ, ਇਹ ਪੂਰੀ ਦੁਨੀਆਂ ਨੂੰ ਜਲਵਾਯੂ ਪਰਿਵਰਤਨ ਨਾਲ ਆਉਣ ਵਾਲੀਆਂ ਕੁਦਰਤੀ ਆਫ਼ਤਾਂ ਵੱਲ ਲੈ ਜਾਵੇਗੀ। ਅਧਿਐਨ ਅਨੁਸਾਰ ਬੰਬਾਂ ਦੇ ਫਟਣ ਨਾਲ 1.6 ਤੋਂ 3.6 ਕਰੋੜ ਟਨ ਦੀ ਸਵਾਹ ਬਣੇਗੀ ਜੋ ਧੂੰਏਂ ਵਿੱਚ ਬੇਹੱਦ ਛੋਟੇ-ਛੋਟੇ ਕਣਾਂ ਦੇ ਰੂਪ ਵਿੱਚ ਹੋਵੇਗੀ। ਇਹ ਸਵਾਹ ਉਚੇਰੀ ਸਤਹ ਤੱਕ ਪਹੁੰਚ ਜਾਵੇਗੀ ਤੇ ਇੱਕ ਹਫ਼ਤੇ ਦੇ ਅੰਦਰ ਹੀ ਪੂਰੀ ਦੁਨੀਆ ਵਿੱਚ ਫੈਲ ਜਾਵੇਗੀ। ਇਹ ਸਵਾਹ ਸੌਰ ਊਰਜਾ ਨੂੰ ਸੋਖ ਲਵੇਗੀ ਜਿਸ ਨਾਲ ਹਵਾ ਗਰਮ ਹੋ ਜਾਵੇਗੀ ਤੇ ਧੂੰਆਂ ਤੇਜ਼ੀ ਨਾਲ ਉੱਪਰ ਉੱਠੇਗਾ।

ਖੋਜ ਕਰਤਾਵਾਂ ਅਨੁਸਾਰ ਇਸ ਪ੍ਰਕਿਰਿਆ ਵਿੱਚ ਧਰਤੀ ਉੱਤੇ ਪਹੁੰਚਣ ਵਾਲੀ ਸੂਰਜ ਦੀ ਰੌਸ਼ਨੀ ਦੀ ਮਾਤਰਾ ਵਿੱਚ 20 ਤੋਂ 35 ਫ਼ੀਸਦੀ ਦੀ ਕਮੀ ਆਵੇਗੀ ਜਿਸ ਨਾਲ ਧਰਤੀ ਦੀ ਸਤਹ ਦਾ ਤਾਪਮਾਨ 2 ਤੋਂ 5 ਡਿਗਰੀ ਸੈਲਸੀਅਸ ਤੱਕ ਘੱਟ ਹੋ ਜਾਵੇਗਾ। ਇੰਨਾ ਹੀ ਨਹੀਂ, ਪੂਰੀ ਦੁਨੀਆਂ ਵਿੱਚ ਹੋਣ ਵਾਲੀ ਬਾਰਿਸ਼ ਵਿੱਚ ਵੀ 15 ਤੋਂ 30 ਫੀਸਦੀ ਕਮੀ ਵੇਖਣ ਨੂੰ ਮਿਲੇਗੀ, ਜਿਸਦਾ ਬਹੁਤ ਡੂੰਗਾ ਪ੍ਰਭਾਵ ਪਵੇਗਾ। ਮਹਾਂਸਾਗਰਾਂ ਦੀ ਉਤਪਾਦਕਤਾ ਵੀ ਘਟ ਜਾਵੇਗੀ ਤੇ ਇਸ ਅਸਰ ਤੋਂ ਰਾਹਤ ਮਿਲਣ ਵਿੱਚ ਦਸ ਸਾਲ ਤੋਂ ਵੀ ਵੱਧ ਸਮਾਂ ਲੱਗੇਗਾ ਅਤੇ ਉਦੋਂ ਤਕ ਵਾਤਾਵਰਨ ਵਿੱਚ ਧੂੰਆਂ ਮੌਜੂਦ ਰਹੇਗਾ।

ਉਪਰੋਕਤ ਅਧਿਐਨ ਸਾਨੂੰ ਦੱਸਦਾ ਹੈ ਕਿ ਅਜੋਕੀ ਜੰਗ ਦੀ ਤਸਵੀਰ ਕਿੰਨੀ ਭਿਆਨਕ ਹੋ ਸਕਦੀ ਹੈ। ਲੋਕਾਂ ਦੇ ਹੱਕ ਦੇ ਪੈਸੇ ਨਾਲ ਬਾਰੂਦ ਦੇ ਜ਼ਖ਼ੀਰੇ ਤਿਆਰ ਕਰਨਾ ਅਤੇ ਆਪਣੇ ਹੀ ਲੋਕਾਂ ਦੀ ਕਬਰ ਪੁੱਟਣਾ, ਇਸ ਤੋਂ ਵੱਡੀ ਤਰਾਸਦੀ ਕੀ ਹੋ ਸਕਦੀ ਹੈ? ਇਹ ਦੇਸ਼ਾਂ ਦੀ ਤਰੱਕੀ ਨਹੀਂ, ਤਬਾਹੀ ਹੈ।ਜੇਕਰ ਇਹ ਪੈਸਾ ਵੱਡੇ-ਵੱਡੇ ਬੰਬ ਅਤੇ ਮਿਜ਼ਾਇਲ ਬਣਾਉਣ ਦੇ ਸਥਾਨ 'ਤੇ ਲੋਕਾਂ ਦੀ ਖੁਸ਼ਹਾਲੀ ਲਈ ਵਰਤਿਆ ਜਾਏ ਤਾਂ ਦੇਸ਼ ਵਿੱਚੋਂ ਗਰੀਬੀ ਖ਼ਤਮ ਕਰਕੇ ਬਰਾਬਰੀ ਦਾ ਰਾਜ ਕਾਇਮ ਕੀਤਾ ਜਾ ਸਕਦਾ ਹੈ। ਫਿਰ ਲੋਕ ਵੀ ਖ਼ੁਸ਼ ਹੋਣਗੇ ਕਿ ਅਸੀਂ ਜਿਹੜੀ ਸਰਕਾਰ ਦੀ ਚੋਣ ਕੀਤੀ ਹੈ, ਉਹ ਸੱਚਮੁੱਚ ਹੀ ਲੋਕਪੱਖੀ ਹੈ ਨਾ ਕਿ ਲੋਕ ਵਿਰੋਧੀ। ਜਿਹੜੀ ਸਰਕਾਰ ਲੋਕਾਂ ਨੂੰ ਖੁਸ਼ਹਾਲ ਜ਼ਿੰਦਗੀ ਦੀ ਥਾਂ ਜੰਗ ਵਰਗਾ ਮਾਹੌਲ ਬਣਾ ਕੇ ਅਸੁਰੱਖਿਅਤ ਵਾਤਾਵਰਣ ਪ੍ਰਦਾਨ ਕਰਦੀ ਹੈ, ਉਹ ਸਰਕਾਰ ਲੋਕ ਵਿਰੋਧੀ ਹੁੰਦੀ ਹੈ। ਅਜਿਹੇ ਹਾਕਮਾਂ ਨੂੰ ਕੋਈ ਅਧਿਕਾਰ ਨਹੀਂ ਕਿ ਉਹ ਆਪਣੀ ਹਉਮੈ ਨੂੰ ਪੱਠੇ ਪਾਉਣ ਖ਼ਾਤਰ ਅਤੇ ਦੂਜੇ ਦੇਸ਼ਾਂ ਨੂੰ ਨੀਵਾਂ ਦਿਖਾਉਣ ਲਈ ਲੋਕਾਂ ਦਾ ਜੀਵਨ ਖ਼ਤਰੇ ਵਿੱਚ ਪਾਉਣ। ਲੋਕ ਹਾਕਮਾਂ ਨੂੰ ਕੁਰਸੀਆਂ ਇਸ ਲਈ ਬਖ਼ਸ਼ਦੇ ਹਨ ਕਿ ਉਨ੍ਹਾਂ ਦਾ ਜੀਵਨ ਸਤਰ ਉੱਚਾ ਹੋਵੇ, ਹਰ ਘਰ ਚੁੱਲ੍ਹਾ ਬਲਦਾ ਹੋਵੇ, ਰੁਜ਼ਗਾਰ ਖ਼ਾਤਿਰ ਉਨ੍ਹਾਂ ਨੂੰ ਭਟਕਣਾ ਨਾ ਪਵੇ, ਜ਼ਿੰਦਗੀ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੋਣ, ਭ੍ਰਿਸ਼ਟਾਚਾਰ ਰਹਿਤ ਤੇ ਸ਼ੁੱਧ ਵਾਤਾਵਰਣ ਹੋਵੇ। ਨੇਤਾਵਾਂ ਨੂੰ ਲੋਕ ਕੁਰਸੀਆਂ ਇਸ ਲਈ ਨਹੀਂ ਦਿੰਦੇ ਕਿ ਉਹ ਆਪਣੇ ਹੀ ਲੋਕਾਂ ਦਾ ਕਬਰਸਤਾਨ ਬਣਾ ਦੇਣ।

ਜੰਗ ਨਾਲ ਲੋਕਾਈ ਦੇ ਸੱਥਰ ਵਿਛਣ ਦੇ ਨਾਲ ਨਾਲ ਵਾਤਾਵਰਣ ਉੱਤੇ ਵੀ ਭਿਆਨਕ ਅਸਰ ਪਵੇਗਾ। ਅੱਜ ਸਾਡੀ ਆਬੋ-ਹਵਾ ਪਹਿਲਾਂ ਹੀ ਦੂਸ਼ਿਤ ਹੋ ਚੁੱਕੀ ਹੈ, ਜੇਕਰ ਜੰਗ ਲੱਗਦੀ ਹੈ ਤਾਂ ਬਾਰੂਦ ਦੀਆਂ ਜ਼ਹਿਰੀਲੀਆਂ ਗੈਸਾਂ ਨਾਲ ਸਾਡਾ ਜਲਵਾਯੂ ਕਿਤੇ ਵੱਧ ਜ਼ਹਿਰੀਲਾ ਹੋ ਜਾਵੇਗਾ, ਮਨੁੱਖਤਾ ਦੇ ਰਹਿਣਯੋਗ ਨਹੀਂ ਰਹੇਗਾ। ਉਪਰੋਕਤ ਅਧਿਐਨ ਦੀ ਰਿਪੋਰਟ ਵਿੱਚ ਜਲਵਾਯੂ ਉੱਤੇ ਕੀ ਅਸਰ ਪਵੇਗਾ, ਇਸਦੀ ਅਗਾਊਂ ਤਸਵੀਰ ਦੇਖੀ ਜਾ ਸਕਦੀ ਹੈ। ਇਹ ਵਾਤਾਵਰਣ ਇਕੱਲਾ ਜੰਗ ਲੜ ਰਹੇ ਦੇਸ਼ਾਂ ਵਿੱਚ ਹੀ ਨਹੀਂ ਖਰਾਬ ਹੋਵੇਗਾ, ਸਗੋਂ ਦੂਜੇ ਦੇਸ਼ ਵੀ ਇਸ ਮਾਰ ਹੇਠ ਆ ਜਾਣਗੇ।

ਪ੍ਰੰਤੂ ਸਾਨੂੰ ਲੱਗਦਾ ਹੈ ਕਿ ਵਿਸ਼ਵ ਦੀ ਅਗਵਾਈ ਦੇ ਦਾਅਵੇਦਾਰਾਂ ਨੂੰ ਇਸਦੀ ਕੋਈ ਚਿੰਤਾ ਨਹੀਂ। ਜੇਕਰ ਗ੍ਰੇਟਾ ਥੁਨਬਰਗ ਵਰਗੀਆਂ ਬੱਚੀਆਂ ਵੀ ਅਜੋਕੇ ਵਾਤਾਵਰਣ ਪ੍ਰਤੀ ਆਪਣੀ ਜਾਗਰੂਕਤਾ ਕਾਰਨ ਇਨ੍ਹਾਂ ਹਾਕਮਾਂ ਨੂੰ ਫਿਟਕਾਰ ਲਾਉਂਦੀਆਂ ਹਨ ਤਾਂ ਇਹ ਲੋਕ ਹੱਸ ਕੇ ਟਾਲ ਦਿੰਦੇ ਹਨ ਕਿ ਬੱਚੀ ਬੜੀ ਖ਼ੁਸ਼ਮਿਜ਼ਾਜ਼ ਹੈ। ਅਜਿਹੇ ਹਾਕਮਾਂ ਦਾ ਮਕਸਦ, ਨਵੇਂ ਤੋਂ ਨਵੇਂ ਹਥਿਆਰਾਂ ਦਾ ਨਿਰਮਾਣ ਕਰਨਾ, ਇਹਨਾਂ ਦਾ ਪ੍ਰੀਖਣ ਕਰਨਾ ਅਤੇ ਦੂਸਰੇ ਦੇਸ਼ਾਂ ਵਿੱਚਕਾਰ ਤਣਾਵ ਦਾ ਵਾਤਾਵਰਣ ਸਿਰਜ ਕੇ ਹਥਿਆਰ ਵੇਚਣਾ ਤੇ ਫਿਰ ਸ਼ਾਂਤੀ ਦੇ ਦੂਤ ਬਣ ਕੇ ਭੁਗਤਣਾ ਹੈ। ਇਨ੍ਹਾਂ ਹਾਕਮਾਂ ਨੂੰ ਲੋਕਾਂ ਦੀ ਜ਼ਿੰਦਗੀ ਅਤੇ ਵਾਤਾਵਰਣ ਪ੍ਰਤੀ ਕੋਈ ਸਰੋਕਾਰ ਨਹੀਂ।

ਜਿਸ ਤਰ੍ਹਾਂ ਗ੍ਰੇਟਾਂ ਥੁਨਬਰਗ ਨੇ ਵਾਤਾਵਰਣ ਦੇ ਬਚਾਅ ਲਈ ਪੂਰੀ ਹਿੰਮਤ ਨਾਲ ਅਵਾਜ਼ ਉਠਾਈ ਹੈ, ਇਸ ਤਰ੍ਹਾਂ ਦੀਆਂ ਅਵਾਜ਼ਾਂ ਜ਼ੰਗ ਖਿਲਾਫ਼ ਵੀ ਪੂਰੀ ਹਿੰਮਤ ਨਾਲ ਉੱਠਣੀਆਂ ਚਾਹੀਦੀਆਂ ਹਨ। ਜੇਕਰ ਵਿਸ਼ਵ ਦੇ ਲੋਕ ਇੱਕ ਸੁਰ ਅਪਣਾ ਲੈਣ ਤਾਂ ਇਨ੍ਹਾਂ ਰਾਜਕਰਤਾਵਾਂ ਦੀ ਹਿੰਮਤ ਨਹੀਂ ਪੈ ਸਕਦੀ ਕਿ ਉਹ ਸਾਡਾ ਸਰਮਾਇਆ ਵਾਤਾਵਰਣ ਪ੍ਰਦੂਸ਼ਤ ਕਰਨ ਅਤੇ ਬੰਬਾਂ ਦੇ ਨਿਰਮਾਣ ਵਿੱਚ ਲਗਾ ਕੇ ਸਾਡੇ ਜੀਵਨ ਉੱਤੇ ਕੋਈ ਆਂਚ ਵੀ ਆਉਣ ਦੇਣ।

ਸਾਡਾ ਅੱਜ ਸਾਡੇ ਕੋਲ ਮੌਜੂਦ ਹੈ। ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਆਪਣੇ ਅੱਜ ਨੂੰ ਹੋਰ ਸੁਧਾਰਿਆ ਜਾਵੇ ਨਾ ਕਿ ਵਿਗਾੜ ਦਿੱਤਾ ਜਾਵੇ।ਜਿਹੜੇ ਤੱਤ ਮਨੁੱਖੀ ਹੋਂਦ ਅਤੇ ਉਸਦੇ ਵਾਤਾਵਰਣ ਲਈ ਖ਼ਤਰਾ ਹਨ, ਅਜਿਹੇ ਵਿਗੜੇ ਹੋਏ ਤੱਤਾਂ ਦਾ ਇਲਾਜ ਕਰਨਾ ਸਾਡਾ ਫ਼ਰਜ਼ ਹੈ ਤੇ ਸਮੇਂ ਦੀ ਵੀ ਮੰਗ ਹੈ। ਕਿਉਂਕਿ ਅਜੋਕਾ ਸਮਾਂ ਵਿਕਾਸ ਦਾ ਹੈ, ਨਾ ਕਿ ਵਿਨਾਸ਼ ਦਾ। ਸਾਡੇ ਨਾਲ ਹੋ ਰਹੇ ਖਿਲਵਾੜ ਪ੍ਰਤੀ ਸਾਨੂੰ ਸੁਚੇਤ ਹੋਣ ਦੀ ਲੋੜ ਹੈ, ਨਹੀਂ ਤਾਂ ਜੇਕਰ ਸਾਡਾ ਅੱਜ ਸਾਡੇ ਤੋਂ ਖੁੰਝ ਗਿਆ ਤਾਂ ਫਿਰ ਬੀਤ ਗਿਆ ਸਮਾਂ ਸਾਡੇ ਹੱਥ ਵਾਪਸ ਕਦੇ ਨਹੀਂ ਆਵੇਗਾ।

## ਕਰਤਾਰਪੁਰ ਦਾ ਲਾਂਘਾ ਭਾਰਤ-ਪਾਕਿ ਦੂਰੀਆਂ ਮੇਟੇਗਾ

ਸੰਘੀ ਤੇ ਖੇਤਰੀ ਮੰਤਰੀ ਵੀ ਵੱਡੀ ਗਿਣਤੀ ਵਿਚ ਸ਼ਿਰਕਤ ਕਰਨਗੇ। ਇਥੇ ਇਹ ਗੱਲ ਵੀ ਤੁਹਾਨੂੰ ਯਾਦ ਰੱਖਣੀ ਚਾਹੀਦੀ ਹੈ ਕਿ ਪਾਕਿਸਤਾਨ ਨੇ ਕਰਤਾਰਪੁਰ ਲਾਂਘੇ ਦੇ ਨਿਰਮਾਣ ਲਈ ਕਿਸੇ ਦੇਸ਼ ਤੋਂ ਕੋਈ ਫੰਡ ਨਹੀਂ ਲਿਆ, ਸਗੋਂ ਇਹ ਪੂਰੇ ਦਾ ਪੂਰਾ ਲਾਂਘਾ ਪਾਕਿਸਤਾਨ ਤੇ ਪਾਕਿਸਤਾਨੀਆਂ ਵਲੋਂ ਪੂਰੇ ਸਿੱਖ ਭਾਈਚਾਰੇ ਨੂੰ ਮੁਹੱਬਤਾਂ ਭਰਿਆ ਅਜਿਹਾ ਬੇਸ਼ਕੀਮਤੀ ਤੋਹਫ਼ਾ ਹੈ, ਜਿਸ ਦੀ ਕੀਮਤ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਇਤਿਹਾਸ ਇਹ ਯਾਦ ਰੱਖੇਗਾ ਕਿ ਇਹ ਤੋਹਫ਼ਾ 1947 ਤੋਂ ਬਾਅਦ ਉਪ ਮਹਾਂਦੀਪ ਦੇ ਕਰੋੜਾਂ ਇਨਸਾਨਾਂ ਲਈ ਸਭ ਤੋਂ ਵੱਡਾ ਤੋਹਫ਼ਾ ਸਾਬਤ ਹੋਏਗਾ। ਇਕ ਅਜਿਹਾ ਰਸਤਾ ਖੁੱਲ੍ਹਣ ਜਾ ਰਿਹਾ ਹੈ, ਜਿਸ 'ਤੇ ਸਭ ਇਕ ਹੋ ਕੇ ਚੱਲਣਗੇ, ਵੰਡੇ ਨਹੀਂ ਜਾਣਗੇ। 70 ਸਾਲ ਪਹਿਲਾਂ ਪਾਕਿਸਤਾਨ ਆਉਣ ਵਾਲਿਆਂ ਨੂੰ ਲਹੂ ਦੀ ਲਕੀਰ ਪਾਰ ਕਰਨੀ ਪਈ ਸੀ ਤੇ ਭਾਰਤ ਜਾਣ ਵਾਲਿਆਂ ਦਾ ਹਾਲ ਵੀ ਅਜਿਹਾ ਹੀ ਹੋਇਆ ਸੀ। ਜਿਹੜੇ ਬਚ ਗਏ ਸਨ, ਉਹ 70 ਸਾਲ ਲਹੂ ਦੇ ਅੱਥਰੂ ਰੋਂਦੇ ਰਹੇ। ਅੱਖਾਂ ਗੁਰੂ ਤੇ ਆਪਣੇ ਪਿਆਰਿਆਂ ਦੇ ਦਰਸ਼ਨ ਨੂੰ ਤਰਸ ਗਈਆਂ ਪਰ ਬਾਬੇ ਨੇ ਸਭ ਪਲਟਾ ਦਿੱਤਾ। ਬਾਬੇ ਨੇ ਲਹੂ ਦੀ ਲਕੀਰ ਨੂੰ ਪਿਆਰ ਤੇ ਗੁਰਬਾਣੀ ਦੀ ਮਿਠਾਸ ਨਾਲ ਬਦਲ ਦਿੱਤਾ। ਗੌਰ ਕੀਤਾ ਜਾਵੇ ਤਾਂ ਅੱਜ ਪਤਾ ਲੱਗਾ ਕਿ ਬਾਬੇ ਨੇ ਕਰਤਾਰਪੁਰ ਨੂੰ ਆਬਾਦ ਕਿਉਂ ਕੀਤਾ ਸੀ? ਇਥੇ ਪਾਣੀ ਦਾ ਖੂਹ ਕਿਉਂ ਬਣਾਇਆ? ਕਿਉਂ ਹਰੇ-ਭਰੇ ਬੂਟੇ ਲਾਏ? ਵਾਹੀ ਕੀਤੀ ਤੇ ਆਪਣੇ ਜੀਵਨ ਦੇ ਆਖਰੀ ਦਿਨ ਇਥੇ ਬਿਤਾਏ। ਜੇ ਗ਼ੌਰ ਕਰੋ ਤਾਂ ਬਾਬੇ ਨੇ ਕਈ ਵਰ੍ਹੇ ਪਹਿਲਾਂ ਬਾਜ਼ੀ ਜਿੱਤ ਲਈ ਸੀ। ਸਾਨੂੰ ਅੱਜ ਪਤਾ ਲੱਗ ਰਿਹਾ ਹੈ ਕਿ ਅਸੀਂ ਬਹੁਤ ਖੁਸ਼ਕਿਸਮਤ ਹਾਂ ਕਿ ਅਸੀਂ ਆਪਣੀਆਂ ਅੱਖਾਂ ਨਾਲ ਦੂਰੀਆਂ ਮਿਟਦੀਆਂ ਵੇਖਾਂਗੇ। ਜੋ ਸਿੱਖ ਰੋਂਦੇ-ਧੋਂਦੇ 1947 ਵਿਚ ਪਾਕਿਸਤਾਨ ਛੱਡ ਕੇ ਭਾਰਤ ਗਏ ਸਨ, ਉਨ੍ਹਾਂ ਨੂੰ ਸ਼ਰਧਾ ਨਾਲ ਆਉਂਦਿਆਂ ਦੇਖਾਂਗੇ। ਕਰਤਾਰਪੁਰ ਲਾਂਘਾ ਸਿਰਫ ਸਿੱਖ ਭਾਈਚਾਰੇ ਵਾਸਤੇ ਤੋਹਫਾ ਨਹੀਂ, ਸਗੋਂ ਉਨ੍ਹਾਂ ਲੱਖਾਂ-ਕਰੋੜਾਂ ਪਰਿਵਾਰਾਂ ਨੂੰ ਮਿਲਾਉਣ ਦਾ ਸਬੱਬ ਵੀ ਬਣੇਗਾ, ਜੋ 1947 ਤੋਂ ਵਿੱਛੜ ਗਏ ਸਨ। ਅਸੀਂ ਵਾਕਈ ਬਹੁਤ ਖੁਸ਼ਕਿਸਮਤ ਹਾਂ ਕਿ ਅਸੀਂ ਨਫ਼ਰਤ ਨੂੰ ਮੁਕੱਦਿਆਂ ਦੇਖ ਰਹੇ ਹਾਂ।

## ਯੂਬਾ ਸਿਟੀ ਵਿਚ ਗੁਰਤਾਗੱਦੀ ਦਿਵਸ ਮੌਕੇ ਵਿਸ਼ਾਲ ਨਗਰ ਕੀਰਤਨ

ਤੇਜਿੰਦਰ ਮਾਨ, ਗੁਰਨਾਮ ਸਿੰਘ ਪੰਮਾ, ਭਾਈ ਗੁਰਮੀਤ ਸਿੰਘ, ਭਾਈ ਹਰਦਿਆਲ ਸਿੰਘ, ਭਾਈ ਜਸਜੀਤ ਸਿੰਘ, ਭਾਈ ਜਸਦੇਵ ਸਿੰਘ, ਰਜਿੰਦਰ ਸਿੰਘ ਚੌਹਾਨ, ਪਾਕਿਸਤਾਨ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਜੇਵ ਭੱਟੀ, ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਸਵੰਤ ਸਿੰਘ ਬੈਂਸ, ਕਸ਼ਮੀਰੀ ਲੀਡਰ ਬੀਬੀ ਗੁੰਜਾਲਾ ਹਬੀਬਾ ਤੇ ਸੁਖਵਿੰਦਰ ਸਿੰਘ ਰਾਣਾ ਨੇ ਆਪਣੇ ਆਪਣੇ ਵਿਚਾਰ ਰੱਖੇ। ਸਾਰੇ ਬੁਲਾਰਿਆਂ ਨੇ ਆਪਣੇ ਆਪਣੇ ਢੰਗਾਂ ਰਾਹੀਂ ਸੰਗਤਾਂ ਨੂੰ ਮਤਭੇਦਾਂ ਤੋਂ ਉਪਰ ਉਠ ਕੇ ਸਿੱਖੀ ਸਿਧਾਂਤ ਤੇ ਪਹਿਰਾ ਦੇਣ ਅਤੇ ਗੁਰੂ ਨਾਨਕ ਦੇਵਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਸਫ਼ਲ ਬਣਾਉਣ ਦੀ ਅਪੀਲ ਕੀਤੀ। ਵੱਖ ਵੱਖ ਬੁਲਾਰਿਆਂ ਨੇ ਸਿੱਖੀ ਸਿਧਾਂਤਾਂ ਉਪਰ ਬ੍ਰਹਮਣਵਾਦੀ ਸੋਚਾਂ ਦੇ ਪੈ ਰਹੇ ਪ੍ਰਭਾਵਾਂ ਤੋਂ ਸਿੱਖੀ ਨੂੰ ਮੁਕਤ ਕਰਵਾਉਣ ਦੀ ਗੱਲ ਆਖੀ। ਭਾਰਤ ਸਰਕਾਰ ਦੀ ਸਿੱਖ ਧਰਮ ਵਿਚ ਦਖਲਅੰਦਾਜ਼ੀ ਅਤੇ ਆਰ ਐਸ ਐਸ ਦਾ ਹਿੰਦੂ ਸਿਧਾਂਤ ਦੂਸਰੇ ਧਰਮਾਂ ਤੇ ਲਾਗੂ ਕਰਨਾ ਸਾਰੇ ਦੇਸ਼ ਦੀ ਇਕ ਬੋਲੀ ਤੇ ਕਸ਼ਮੀਰ ਵਿਚ ਕਸ਼ਮੀਰੀਆਂ ਤੇ ਹੋ ਰਹੇ ਜ਼ੁਲਮਾਂ ਦਾ ਡਟ ਕੇ ਵਿਰੋਧ ਕੀਤਾ ਗਿਆ।

ਅਖੀਰਲੇ ਦਿਨ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ। ਇਸ ਦਿਨ ਕਰੀਬ ਇਕ ਲੱਖ ਸ਼ਰਧਾਲਆਂ ਨੇ ਇਸ ਨਗਰ ਕੀਰਤਨ ਵਿਚ ਸ਼ਮੂਲੀਅਤ ਕੀਤੀ। ਸੰਗਤਾਂ ਉਪਰ ਹੈਲੀਕਾਪਟਰ ਵਿਚੋਂ ਹਰਮਨ ਥਿਆੜਾ ਅਤੇ ਥਿਆੜਾ ਪਰਿਵਾਰ ਵਲੋਂ ਫੁੱਲਾਂ ਦੀ ਵਰਖਾ ਕੀਤੀ ਗਈ। ਮੌਜੂਦਾ ਕਮੇਟੀ ਦੀ ਸਮੁੱਚੀ ਅਗਵਾਈ ਜਸਵੰਤ ਸਿੰਘ ਬੈਂਸ ਪ੍ਰਧਾਨ ਤੇ ਸਰਬਜੀਤ ਥਿਆੜਾ ਆਦਿ ਵਲੋਂ ਕੀਤੀ ਗਈ। ਇਸ ਮੌਕੇ ਸਕਿਓਰਿਟੀ ਦਾ ਐਨਾ ਜ਼ਿਆਦਾ ਪ੍ਰਬੰਧ ਸੀ ਕਿ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਅਤੇ ਫਲੋਟ ਦੇ ਨਾਲ ਨਾਲ ਸ਼ੈਰਫ਼ ਦੀਆਂ ਗੱਡੀਆਂ ਅਤੇ ਘੋੜ ਸਵਾਰ ਪੁਲਿਸ ਤੇ ਕੁੱਤਾ ਪੁਲਿਸ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ ਸੀ। ਐਤਕਾਂ ਵੀ ਵੱਖ ਵੱਖ ਹੋਰ ਭਾਈਚਾਰਿਆਂ ਦੇ ਲੋਕ ਕਾਫ਼ੀ ਤਦਾਦ ਵਿਚ ਇੱਥੇ ਦੇਖੇ ਗਏ। ਲੋਕਾਂ ਨੇ ਦੇਸੀ ਅਤੇ ਧਾਰਮਿਕ ਬਾਜ਼ਾਰ ਵਿਚੋਂ ਭਰਪੂਰ ਖਰੀਦੋ ਫਰੋਖਤ ਕੀਤੀ।

ਨਗਰ ਕੀਰਤਨ ਵਿਚ ਸ਼ਾਮਲ ਹੋਣ ਵਾਲੀਆਂ ਸੰਤਗਾਂ ਕੀਬ ਚਾਰ ਪੰਜ ਮੀਲ ਦੇ ਘੇਰੇ ਵਿਚ ਵਿਖਰੀਆਂ ਹੋਈਆਂ ਸਨ। ਵੱਖ ਵੱਖ ਲੰਗਰਾਂ ਦਾ ਸੁਆਦ ਲੋਕਾਂ ਰੱਜ ਕੇ ਮਾਣਿਆ। ਨਗਰ ਕੀਰਤਨ ਵਿਚ ਸ਼ਾਮਲ ਫਲੋਟਾਂ ਵਿਚ ਮੇਨ ਫਲੋਟ ਤੋਂ ਇਲਾਵਾ ਦਰਬਾਰ ਸਾਹਿਬ, ਸਰਬੱਤ ਖ਼ਾਲਸਾ, ਯੂਨਾਈਟਿਡ ਸਿੱਖਜ਼, ਜੈਕਾਰਾ ਮੂਵਮੈਂਟ, ਸਿੱਖ ਧਰਮ ਨਾਰਥਨ ਕੈਲੀਫੋਰਨੀਆ, ਪੰਜਾਬੀ ਮਰਦਮਸ਼ੁਮਾਰੀ ਅਮਰੀਕਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਗੁਰਦੁਆਰਾ ਬਰਾਡਸ਼ਾਅ ਸੈਕਰਾਮੈਂਟੋ, ਸਿੱਖ ਫਾਰ ਜਸਟਿਸ ਦੀ ਮੁੱਖ ਸਟੇਜ ਵਿਸ਼ੇਸ਼ ਤੌਰ 'ਤੇ ਸ਼ਾਮਲ ਹੈ। ਇਸ ਨਗਰ ਕੀਰਤਨ ਵਿਚ ਦੇਸੀ ਅਤੇ ਅੰਗਰੇਜ਼ੀ ਮੀਡੀਏ ਦੀ ਵੀ ਖਾਸਾ ਸ਼ਮੂਲੀਅਤ ਦੇਖੀ ਗਈ।

## ਸਹਿਜ ਪਾਠ ਨਾਲ ਪ੍ਰਕਾਸ਼ ਪੁਰਬ ਸਮਾਗਮ ਸ਼ੁਰੂ

ਇਸ ਮੌਕੇ ਮੁੱਖ ਮੰਤਰੀ ਨੇ ਗੁਰੂ ਨਾਨਕ ਦੇਵ ਜੀ ਦੇ ਫਲਸਫ਼ੇ 'ਤੇ ਸੁਰਜੀਤ ਪਾਤਰ ਜਿਹੇ ਉੱਘੇ ਪੰਜਾਬੀ ਲੇਖਕਾਂ ਵੱਲੋਂ ਲਿਖੀਆਂ ਅਤੇ ਸੰਪਾਦਨ ਕੀਤੀਆਂ ਚਾਰ ਪੁਸਤਕਾਂ ਵੀ ਜਾਰੀ ਕੀਤੀਆਂ। ਇਹ ਕਿਤਾਬਾਂ 'ਗੁਰੂ ਨਾਨਕ ਬਲੈਸਡ ਟ੍ਰੇਲ', 'ਗੁਰੂ ਨਾਨਕ ਬਾਣੀ', 'ਸੋਨੇ ਕਾ ਬਿਰਖ' ਅਤੇ 'ਗੁਰੂ ਨਾਨਕ ਦੇਵ ਜੀ ਲਾਈਫ ਐਂਡ ਰੈਲਿਕਸ', ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਵੱਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਮੁੱਖ ਮੰਤਰੀ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਤ ਨਿਸ਼ਾਨੀਆਂ, ਦੁਰਲੱਭ ਹੱਥ ਲਿਖਤਾਂ ਅਤੇ ਵਿਲੱਖਣ ਪੁਸਤਕਾਂ 'ਤੇ ਆਧਾਰਿਤ ਦੋ ਨੁਮਾਇਸ਼ਾਂ ਦਾ ਵੀ ਉਦਘਾਟਨ ਕੀਤਾ। ਇਨ੍ਹਾਂ ਵਿੱਚੋਂ ਇਕ ਨੁਮਾਇਸ਼ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਵੱਲੋਂ ਲਾਈ ਗਈ ਹੈ, ਜਿੱਥੇ ਪਹਿਲੇ ਸਿੱਖ ਪਾਤਸ਼ਾਹ ਦੇ ਜੀਵਨ ਨੂੰ ਦਰਸਾਉਂਦੇ 53 ਪੈਨਲ ਸਨ ਜਦਕਿ ਦੂਜੀ ਨੁਮਾਇਸ਼ ਪੰਜਾਬ ਲਘੂ ਉਦਯੋਗ ਬਰਾਮਦ ਨਿਗਮ ਵੱਲੋਂ ਲਾਈ ਗਈ ਹੈ।

## ਡੇਰਾ ਬਾਬਾ ਨਾਨਕ ਸ਼ਰਧਾਲੂਆਂ ਦੇ ਸਵਾਗਤ ਲਈ ਤਿਆਰ

**ਡੇਰਾ ਬਾਬਾ ਨਾਨਕ**-- ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮ ਮਨਾਉਣ ਲਈ ਡੇਰਾ ਬਾਬਾ ਨਾਨਕ ਸੰਗਤਾਂ ਦੇ ਸਵਾਗਤ ਲਈ ਤਿਆਰ ਹੈ। ਧਾਰਮਿਕ ਸਮਾਗਮਾਂ ਲਈ ਪੰਡਾਲਾਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਇੱਥੋਂ ਕਲਾਨੌਰ ਰੋਡ 'ਤੇ ਸਥਿੱਤ ਟੀ ਪੁਆਇੰਟ ਕੋਲ, ਜਿੱਥੇ ਟੈਂਟ ਸਿਟੀ ਤਿਆਰ ਕੀਤਾ ਗਿਆ ਹੈ, ਵਿੱਚ ਮੁੱਖ ਧਾਰਮਿਕ ਸਮਾਗਮ ਕਰਵਾਏ ਜਾਣੇ ਹਨ। ਦੂਜੇ ਪਾਸੇ ਕਰਤਾਰਪੁਰ ਲਾਂਘੇ ਦੇ ਕੰਮਾਂ ਨੂੰ ਤਕਨੀਕੀ ਮਾਹਿਰ ਅੰਤਿਮ ਛੋਹਾਂ ਦੇਣ ਵਿੱਚ ਮਸਰੂਫ਼ ਹਨ। ਇੱਥੋਂ ਦੇ ਬਟਾਲਾ ਰੋਡ 'ਤੇ ਬਾਬਾ ਮਨਜੀਤ ਸਿੰਘ ਜ਼ੀਰਕਪੁਰ ਵੱਲੋਂ ਪਹਿਲੀ ਪਾਤਸ਼ਾਹੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਵਿਸ਼ੇਸ਼ ਤੌਰ 'ਤੇ ਇੱਕ ਫੱਟੀ ਤਿਆਰ ਕੀਤੀ ਜਾ ਰਹੀ ਹੈ। ਹਲਕਾ ਵਿਧਾਇਕ ਅਤੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਅੱਜ ਉੱਚ ਅਧਿਕਾਰੀਆਂ ਨਾਲ ਇੱਥੇ ਮੀਟਿੰਗ ਕਰਕੇ ਤਿਆਰੀਆਂ ਦਾ ਜਾਇਜ਼ਾ ਲਿਆ।

## ਸੁਲਤਾਨਪੁਰ ਲੋਧੀ ਵਿਚ ਆਇਆ ਸੰਗਤ ਦਾ ਹੜ੍ਹ

ਪੰਡਾਲ ਦੀ ਖ਼ੂਬਸੂਰਤ ਦਿੱਖ ਖਿੱਚ ਦਾ ਕੇਂਦਰ ਰਹੀ ਅਤੇ ਉਸ ਅੱਗੇ ਲੱਗੇ ਫੁਹਾਰਿਆਂ ਨੂੰ ਦੇਖਣ ਲਈ ਭੀੜ ਇੱਕਠੀ ਹੁੰਦੀ ਰਹੀ। ਸੁਲਤਾਨਪੁਰ ਦੇ ਬਾਜ਼ਾਰਾਂ ਵਿੱਚ ਵੀ ਭੀੜ ਰਹੀ। ਦੁਕਾਨਦਾਰਾਂ ਦਾ ਕਹਿਣਾ ਸੀ ਕਿ ਸ਼ਤਾਬਦੀ ਸਮਾਗਮਾਂ ਕਾਰਨ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਹੋਇਆ ਹੈ ਜਦ ਕਿ ਖਾਣ ਪੀਣ ਦੀਆਂ ਦੁਕਾਨਾਂ ਦਾ ਕੰਮ ਮੱਠਾ ਚਲ ਰਿਹਾ ਹੈ ਕਿਉਂਕਿ ਥਾਂ-ਥਾਂ ਲੰਗਰ ਲੱਗੇ ਹੋਏ ਹਨ।

## ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ

ਉਨ੍ਹਾਂ ਕਿਹਾ ਕਿ ਗੁਰੂ ਜੀ ਨੇ ਆਪਣੀ ਬਾਣੀ ਅਤੇ ਸਿੱਖਿਆਵਾਂ ਵਿਚ ਪੂਰੇ ਸੰਸਾਰ ਨੂੰ ਇਕ ਸਾਂਝਾ ਭਾਈਚਾਰਾ ਦੱਸਿਆ ਅਤੇ ਸੱਚ ਦੇ ਰਾਹ 'ਤੇ ਚੱਲਣ ਦੀ ਤਾਕੀਦ ਕੀਤੀ। ਇਸ ਮੌਕੇ ਸਦਨ ਵਿਚ ਹਾਜ਼ਰ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੇਤਾਵਾਂ ਅਤੇ ਹੋਰ ਉੱਘੀਆਂ ਹਸਤੀਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ, ਵਿਚਾਰਧਾਰਾ ਅਤੇ ਬਾਣੀ ਉਪਰ ਵਿਸਥਾਰ ਵਿਚ ਚਰਚਾ ਕੀਤੀ।

## ਸਰਵਮਾਨਪੁਰ ਤੋਂ ਗੁਰੂ ਨਾਨਕ ਨਗਰੀ ਸੁਲਤਾਨਪੁਰ ਲੋਧੀ ਬਣਨ ਦਾ ਇਤਿਹਾਸ

ਬਣਿਆ ਹੋਇਆ ਹੈ। ਇੱਥੇ ਲੋਕਾਂ ਦੀ ਸ਼ਿਕਾਇਤ 'ਤੇ ਨਵਾਬ ਦੌਲਤ ਖ਼ਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਕੋਠੜੀ ਵਿੱਚ ਬੰਦ ਕਰ ਕੇ ਰੱਖਿਆ ਸੀ। ਲੋਕਾਂ ਨੇ ਨਵਾਬ ਨੂੰ ਸ਼ਿਕਾਇਤ ਕੀਤੀ ਸੀ ਕਿ ਗੁਰੂ ਜੀ ਤੇਰਾ ਤੇਰਾ ਤੋਲ ਕੇ ਮੋਦੀਖ਼ਾਨੇ ਨੂੰ ਘਾਟਾ ਪਾ ਰਹੇ ਹਨ, ਪਰ ਜਦੋਂ ਮੋਦੀਖ਼ਾਨੇ ਦਾ ਹਿਸਾਬ ਕੀਤਾ ਗਿਆ ਤਾਂ ਗੁਰੂ ਜੀ ਦੇ 760 ਰੁਪਏ ਵੱਧ ਨਿਕਲੇ।

ਗੁਰਦੁਆਰਾ ਗੁਰੂ ਕਾ ਬਾਗ਼: ਗੁਰੂ ਨਾਨਕ ਦੇਵ ਜੀ, ਭਾਈ ਜੈਤ ਰਾਮ ਤੇ ਬੇਬੇ ਨਾਨਕੀ ਦੇ ਬੁਲਾਉਣ 'ਤੇ ਸਭ ਤੋਂ ਪਹਿਲਾਂ ਇਸ ਸਥਾਨ 'ਤੇ ਆਏ ਸਨ। ਇੱਥੇ ਹੀ ਗੁਰੂ ਜੀ ਦਾ ਘਰ ਹੁੰਦਾ ਸੀ ਤੇ ਗੁਰੂ ਜੀ ਦੇ ਦੋ ਪੁੱਤਰਾਂ ਬਾਬਾ ਸ੍ਰੀ ਚੰਦ ਅਤੇ ਲਕਸ਼ਮੀ ਚੰਦ ਦਾ ਜਨਮ ਇੱਥੇ ਹੀ ਹੋਇਆ ਸੀ। ਇੱਥੇ ਹੀ ਬੇਬੇ ਨਾਨਕੀ ਜੀ, ਗੁਰੂ ਜੀ ਲਈ ਲੰਗਰ ਤਿਆਰ ਕਰਿਆ ਕਰਦੇ ਸਨ। ਇਸ ਅਸਥਾਨ 'ਤੇ ਗੁਰੂ ਜੀ ਦਾ ਖੂਹ ਵੀ ਮੌਜੂਦ ਹੈ।

ਗੁਰਦੁਆਰਾ ਸੇਹਰਾ ਸਾਹਿਬ ਤੇ ਬੇਬੇ ਨਾਨਕੀ ਜੀ : ਸੁਲਤਾਨਪੁਰ ਲੋਧੀ ਵਿੱਚ ਹੀ ਗੁਰਦੁਆਰਾ ਸੇਹਰਾ ਸਾਹਿਬ ਅਤੇ ਬੇਬੇ ਨਾਨਕੀ ਮੌਜੂਦ ਹਨ। ਬੇਬੇ ਨਾਨਕੀ ਜੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਭੈਣ ਸਨ।

ਪਵਿੱਤਰ ਕਾਲੀ ਵੇਈਂ: ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਬੇਰ ਸਾਹਿਬ ਤੇ ਗੁਰਦੁਆਰਾ ਸੰਤ ਘਾਟ ਕੋਲੋਂ ਲੰਘਦੀ ਪਵਿੱਤਰ ਕਾਲੀ ਵੇਈਂ ਵਿੱਚ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਲੋਧੀ ਵਿੱਚ ਆਪਣੀ 14 ਸਾਲ 9 ਮਹੀਨੇ 13 ਦਿਨ ਦੀ ਠਹਿਰ ਦੌਰਾਨ ਰੋਜ਼ਾਨਾ ਇਸ਼ਨਾਨ ਕਰਦੇ ਸਨ ਤੇ ਇਸ ਦੇ ਕਿਨਾਰੇ ਹੀ ਪ੍ਰਭੂ ਭਗਤੀ ਵਿੱਚ ਲੀਨ ਹੁੰਦੇ ਰਹੇ। ਇਕ ਦਿਨ ਇਸੇ ਵੇਈਂ ਵਿੱਚ ਚੁੱਭੀ ਮਾਰ ਕੇ ਤਿੰਨ ਦਿਨ ਲੋਪ ਰਹਿਣ ਪਿੱਛੋਂ ਸੰਮਤ 1564 ਨੂੰ ਪੂਰਨਮਾਸ਼ੀ ਵਾਲੇ ਦਿਨ ਮੁੜ ਪ੍ਰਗਟ ਹੋ ਕੇ ਇਲਾਹੀ ਬਾਣੀ ਦੇ ਮੂਲ ਮੰਤਰ ਦਾ ਪਹਿਲੀ ਵਾਰ ਉਚਾਰਨ ਕੀਤਾ। ਇੱਥੋਂ ਹੀ ਗੁਰੂ ਨਾਨਕ ਦੇਵ ਜੀ ਨੇ ਜਗਤ ਜਲੰਦੇ ਨੂੰ ਠਾਰਨ ਲਈ ਉਦਾਸੀਆਂ ਦੀ ਸ਼ੁਰੂਆਤ ਕੀਤੀ।

## ਜਨਮ ਸਾਖੀ ਸਾਹਿਤ ਬਨਾਮ ਭਾਈ ਬਾਲਾ

ਜਨਮ ਸਾਖੀ ਬਾਬਾ ਹੰਦਾਲ ਵਿਚ ਇੰਝ ਦਰਸਾਇਆ ਹੈ :

...ਦੂਜਾ ਬਿਧੀ ਚੰਦੁ ਬੁਧਿਵੰਤ। ਹਰਿ ਸਿਮਰਨਿ ਮਹਿ ਬਡੋ ਮਹੰਤੁ। ਜਗਾਯਾਸੀ ਆਰੁ ਪ੍ਰੇਮੀ ਜਾਨੁ। ਹਰਿ ਕੀ ਭਗਤਿ ਕਰੇ ਸੁਰ ਗਿਆਨ...।

(ਪੱਤਰਾ 198/ਅ)

ਪਰਚੀ ਬਾਬਾ ਹੰਦਾਲ ਵਿਚ ਜ਼ਿਕਰ ਹੈ :

...ਬਾਲ ਚੰਦ ਕੇ ਜਨਮ ਵਿਚ ਬੀਤੇ ਥੀ ਬਰਸ ਤੀਨ। ਬਿਧੀ ਚੰਦ ਤਬ ਜਨਮਿਓ ਗ੍ਰਹ ਹੰਦਾਲ ਪ੍ਰਬੀਨ। 6। ਚਉਪਈ। ਸਾਤ ਦਿਵਸ ਚੇਤ ਜਬ ਗਇਆ। ਮੰਗਲਵਾਰ ਜਨਮ ਤਿਨ ਲਇਆ। ਅਤਿ ਅਨੂਪ ਨਾਨਾ ਬਹੁ ਸੁੰਦਰ ਸੁਤੇ ਪ੍ਰਕਾਸੀ ਗਿਆਨ ਜੋਗਿੰਦ੍। 7। ਤਾਂ ਅਰਧੁਜ ਗ੍ਰਹ ਮੋਰ ਧੁਜ ਕੰਬੀਰੇ ਗ੍ਰਹ ਕਮਾਲ। ਬਿਧੀ ਚੰਦ ਤਿਵ ਜਾਨੀਅਹੁ ਜਨਮ ਗ੍ਰਹਿ ਹੰਦਾਲ।

(ਪੱਤਰਾ 260/ਅ)

ਇਹਨਾਂ ਦੋਹਾਂ ਖਰੜਿਆਂ ਵਿਚ ਬਿਧੀ ਚੰਦ ਦੇ ਵੱਡੇ ਭਰਾਤਾ ਬਾਲ ਚੰਦ ਦਾ ਜ਼ਿਕਰ ਬਾਲ ਚੰਦ ਬਾਰੇ ਪਰਚੀ ਬਾਬਾ ਹੰਦਾਲ ਵਾਲੇ ਖਰੜੇ ਵਿਚ ਇੰਝ ਜ਼ਿਕਰ ਮਿਲਦਾ ਹੈ:

...ਏਕ ਬਰਖ ਪੂਰਨ ਭਯੋ ਜਬ ਬਾਲ ਚੰਦ ਗ੍ਰਹਿ ਜਨਿਮਿਉ ਤਬ।33) ਗੁਰ ਹੰਦਾਲ ਦੀ ਸੁਖੀ ਮਾਈ। ਬਾਲਕ ਪਾਸ ਹੰਦਾਲ ਲੈ ਆਈ॥34। ਗੁਰ ਹੰਦਾਲ ਦਿਸਟ ਕਰਿ ਪੇਖਾ। ਪੂਰਬ ਜਨਮ ਬਾਲਕ ਕਾ ਦੇਖਾ। ਤਬ ਸਤਿਗੁਰ ਮੁਖ ਬਚਨ ਬਤਈਯਾ। ਕਹੈ ਹੰਦਾਲ ਸੁਨਿ ਸੁਖੀ ਮਈਯਾ।35। ਦੋਹਰਾ ਤਪਸਿਆ ਕਾ ਯਹਿ ਹੀਨ ਹੈ ਹਮ ਗ੍ਰਹਿ ਆਇਓ ਕਾਹਿ। ਸੁਖਦਾਈ ਹਮਾਰਾ ਹੈ ਨਹੀ ਨਿੰਦ ਕਰੂਗਾ ਜਾਇ।36) ਚਉਪਈ। ਪੁਰਖ ਪਾਰਖੂ ਨਿਹਾਰਾ। ਬਾਲ ਚੰਦ ਲੀਓ ਪਰਖ ਬਿਚਾਰਾ। ਹੰਦਾਲ ਬਚਨ ਸੁਖੀ ਜਬ ਸੁਨੇ ਉਠਾਇ ਪੋਤਰਾ ਗਈ ਗ੍ਰਹ ਅਪਨੇ...

(ਪਰਚੀ ਬਾਬਾ ਹੰਦਾਲ ਪੱਤਰਾ–256/ੳ)

ਦੂਜੇ ਖਰੜੇ ਜਨਮ ਸਾਖੀ ਬਾਬਾ ਹੰਦਾਲ ਜੀ ਦੀ ਵਿਚ ਬਾਲ ਚੰਦ ਬਾਰੇ ਪਰਚੀ ਬਾਬਾ ਹੰਦਾਲੀ ਵਾਲਾ ਜ਼ਿਕਰ ਮੌਜੂਦ ਹੈ :

...ਤਾਂ ਕਿਤਨਾ ਕੁ ਚਿਰ ਗੁਜਰਿਆ। ਤਾਂ ਗੁਰੂ ਬਾਬੇ ਹੰਦਾਲ ਦੇ ਘਰਿ ਸਾਹਿਬਜ਼ਾਦਾ ਪੈਦਾ ਹੋਇਆ। ਤਾਂ ਨਾਉ ਰਖਣ ਨੂੰ ਲੇ ਆਏ। ਤਾਂ ਗੁਰੂ ਬਾਬੇ ਹੰਦਾਲ ਜੀ ਨਾਉ ਰਖਿਆ ਬਾਲ ਚੰਦੁ। ਪਰ ਬਾਬੇ ਹੰਦਾਲ ਆਖਿਆ ਏਹੁ ਨੀਚੁ ਬੁਧਿ ਹੋਵੇਗਾ। ਨਿਦਕੁ ਹੋਵੇਗਾ। ਤਾ ਗੁਰੂ ਬਾਬਾ ਹੰਦਾਲ ਅੰਤ੍ਰ ਧਿਆਨੁ ਬੈਠੇ ਰਹਿਨ। ਟਹਲੀਏ ਬਾਹਰਿ ਲੰਗਰ ਦੀ ਕਾਰ ਕੀਤਾ ਕਰਣ।

ਸਪੱਸ਼ਟ ਹੈ ਕਿ ਬਾਲ ਚੰਦੂ ਨਿੰਦਕ ਬਿਰਤੀ ਦਾ ਆਦਮੀ ਸੀ ਤੇ ਉਸ ਦੀ ਕੋਈ ਸੋਝੀ ਨਹੀਂ ਸੀ। ਬਾਲੇ ਦੀ ਜਨਮ ਸਾਖੀ ਵਿਚ ਜਿਹੜੀਆਂ ਸਾਖੀਆਂ ਵਿਚ ਗੁਰੂ ਸਾਹਿਬ ਦੇ ਵਿਰੁੱਧ ਝੂਠਾ ਤੇ ਸਾਜ਼ਿਸ਼ੀ ਪ੍ਰਚਾਰ ਕੀਤਾ ਗਿਆ ਹੈ, ਉਸ ਪਿੱਛੇ ਇਸ ਦਾ ਹੱਥ ਸੀ। ਇਸ ਤਰ੍ਹਾਂ ਬਾਲਾ ਸਿੱਖ ਪੰਥ ਵਿਰੋਧੀ ਸਾਜ਼ਿਸ਼ੀ ਦਿਮਾਗ ਦੀ ਕਾਢ ਸੀ। ਇਸ ਦੀਆਂ ਤਾਰਾਂ ਬਾਬਾ ਹੰਦਾਲ ਦੇ ਪੁੱਤਰ ਬਾਲ ਚੰਦ ਨਾਲ ਜੁੜਦੀਆਂ ਹਨ। ਇੰਝ ਜਾਪਦਾ ਹੈ ਕਿ ਜਿਵੇਂ ਬਾਲ ਚੰਦ ਹੀ ਭਾਈ ਬਾਲਾ ਹੋਵੇ ਤੇ ਸਾਖੀਆਂ ਸੁਣਾਉਣ ਵੇਲੇ ਘਨਖਸ ਦੀ ਥਾਂ ਸੰਧੂ ਜੱਟ ਪ੍ਰਗਟਾਇਆ ਹੈ। ਇਹ ਵੀ ਇਤਿਹਾਸਕ ਸੱਚਾਈ ਹੈ ਕਿ ਜੰਡਿਆਲੇ ਲਾਗੇ ਸੰਧੂ ਜੱਟਾਂ ਦੇ ਕਈ ਪਿੰਡ ਆਬਾਦ ਹਨ। ਪਰ ਭਾਈ ਬਾਲੇ ਦੀ ਕੋਈ ਜਾਣਕਾਰੀ ਨਹੀਂ ਮਿਲਦੀ। ਸੋ ਭਾਈ ਬਾਲੇ ਵਾਲੀ ਜਨਮ ਸਾਖੀ ਦਾ ਕਾਲ ਬਾਬੇ ਹੰਦਾਲ ਦੀ ਮੌਤ 1648 ਈਸਵੀ ਤੋਂ ਬਾਅਦ 1651 ਈਸਵੀ ਤੋਂ 1658 ਵਿਚਾਲੇ ਪ੍ਰਤੀਤ ਹੁੰਦਾ ਹੈ।

ਭਾਈ ਬਾਲੇ ਦੀ ਜਨਮ ਸਾਖੀ ਤੇ ਗੁਰਮਤਿ ਸਿਧਾਂਤ

ਭਾਈ ਬਾਲਾ ਦੀ ਜਨਮ ਸਾਖੀ ਗੁਰੂ ਨਾਨਕ ਸਾਹਿਬ ਦੇ ਸਿਧਾਂਤਾਂ ਦੇ ਵਿਰੁੱਧ ਹੈ। ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਗੁਰੂ ਨਾਨਕ ਸਾਹਿਬ ਨੂੰ ਸੰਨਿਆਸੀ ਕਿਸਮ ਦਾ ਮਹਾਤਮਾ ਤੇ ਗ੍ਰਹਿਸਥ ਆਸ਼ਰਮ ਤੋਂ ਭੱਜਣ ਵਾਲਾ ਦਰਸਾਇਆ ਗਿਆ ਹੈ। ਜਦੋਂ ਗੁਰੂ ਨਾਨਕ ਸਾਹਿਬ ਪ੍ਰਚਾਰ ਹਿੱਤ ਜਗਤ ਫੇਰੀ ਵਲ ਜਾਣ ਲੱਗਦੇ ਹਨ ਤਾਂ ਉਸ ਸਮੇਂ ਦੀ ਕਹਾਣੀ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਗੁਰੂ ਨਾਨਕ ਸਾਹਿਬ ਦੇ ਸਿਧਾਂਤਾਂ ਦੇ ਉਲਟ ਘੜੀ ਹੈ :

ਆਖੇ ਤੁਸਾਂ ਮੇਰੀ ਧੀਉ ਤਾਈ ਡੋਬਿਆ ਅਤੇ ਨਾਨਕ ਨੂੰ ਆਖਿਆ ਵੇ ਤੂੰ ਮਮੇਰੀ ਜਿੰਦ ਨੂੰ ਕਿਥੇ ਪੈਦਾ ਹੋਇਉ। ਮੇਰੀ ਜਿੰਦੂ ਤਾਈ ਲਿਖਿਆ ਆਹੋ। ਤਾਂ ਨਾਨਕ ਅਗੇ ਬੋਲੇ ਚਾਲ ਕੁਛ ਨਾਹੀ ਚੁਪ ਕਰ ਰਹੇ। ਤਾਂ ਮਾਤਾ ਚੋਣੀ ਦਾ ਨਾਉ ਸਾਹੁਰੇ ਸੁਲਖਣੀ ਸਦਦੇ ਆਹੇ ਤਾਂ ਮੂਲ ਨਿਤ ਪ੍ਰਤ ਖਉਰੇ ਕਰੇ। ਮਹੀਨੇ ਦੇ ਮਹੀਨੇ ਇਕ ਝਾੜ ਕਰ ਜਾਵੇ। ਤੇ ਚੰਦੇ ਰਾਣੀ ਨਾਨਕ ਦੀ ਸਸ ਦਾ ਨਾਉ ਆਹਾ। ਉਹ ਆਇ ਕਰਿ ਧੀਉ ਨੂੰ ਮਿਲੀ। ਤਾਂ ਧੀ ਮਾਉ ਪਾਸ ਰੁੰਨੀ। ਸੁਣ ਕਰਿ ਚੰਦੋ ਰਾਣੀ ਬਹੁਤ ਗੁਸਾ ਖਾਧਾ। ਗੁਸੇ ਦੀ ਭਰੀ ਹੋਈ ਬੇਬੇ ਨਾਨਕੀ ਨੂੰ ਆਣ ਕੇ ਲਗੀ ਲੜਨ। ਆਖੇ ਕਿਉਂ ਜੀ ਤੁਸੀਂ ਏਹੋ ਜਿਹੀਆਂ ਹਕੂਮਤਾਂ ਲਗੇ ਕਰਨਿ ਜੋ ਪਰਾਈਆਂ ਧੀਆਂ ਨੂੰ ਲਗੇ ਗਾਲਣੁ। ਤੁਸਾਂ ਨੂੰ ਪਰਮੇਸਰੁ ਦਾ ਭਉ ਨਾਹੀ। ਤੂੰ ਭਿਰਾਊ ਨੂੰ ਨਹੀਂ ਸਮਝਾਂਵਦੀ। ਨਾ ਤੂੰ ਭਰਜਾਈ ਨੂੰ ਗਣਤੀ ਹੈ ਨਾ ਤੂੰ ਭਰਜਾਈ ਖਬਰਿ ਸਾਰਿ ਲੈਂਦੀ ਹੈਂ। ਨਾ ਭਣੀਆ ਸਾਲੇ ਨੂੰ ਸਮਝਾਂਵਦਾ ਹੈ ਤੁਸਾਡੇ ਜੀਅ ਵਿਚ ਕਿਆ ਆਈ ਹੈ। ਏਹੁ ਗਲ ਤੁਸੀਂ ਦੱਸੋ। ਤਾਂ ਅਗਹੁ ਬੇਬੇ ਨਾਨਕੀ ਕਹਿਆ ਸੁਣੁ ਮਾਸੀ ਭਿਰਾਉ ਨੂੰ ਮੈਂ ਸਮਝਾਵਾਂ ਸੋ ਮੈਂ ਕਿਆ ਸਮਝਾਵਾਂ। ਭਿਰਾਉ ਮੇਰਾ ਚੋਰ ਨਾਹੀ ਯਾਰ ਨਾਹੀ ਜੁਆਰੀਆ ਨਾਹੀ ਕੋਈ ਬੁਰਾ ਕੰਮੁ ਨਾਹੀਂ ਕਰਦਾ। ਏਹੋ ਕਰਦਾ ਹੈ ਤਾਂ ਦਾਨ ਪੁੰਨ ਨੰਗੇ ਭੁਖੇ ਨੂੰ ਦੇਂਦਾ ਹੈ ਸੋ ਭੀ ਆਪਣੀ ਕਮਾਈ ਵਿਚੋਂ ਆਪਣੀ ਖਟੀ ਕਮਾਈ ਵਿਚੋਂ ਭਾਵੈ ਸੋ ਕਰੈ। ਮਾਸੀਂ ਤੁਸੀਂ ਉਲਾਮੇ ਦੇਹੋ ਜੇ ਤੇਰੀ ਧੀ ਨੰਗੀ ਭੁਖੀ ਰਹਿੰਦੀ ਹੋਵੇ ਤਾਂ ਤੁਸੀਂ ਉਲਾਮੇ ਦੇਂਦੇਂ ਬਣੋ। ਅਤੇ ਚੰਗੇ ਭਲੇ ਖਾਂਦੇ ਪੀਂਦੇ ਨੂੰ ਖੁਆਰ ਕਰੋ ਤਾਂ ਤੁਸਾਡੀ ਖੁਸ਼ੀ। ਅਸਾਡਾ ਮੁਹੋ ਤਾਂ ਸੁਆਦੁ ਨਹੀਂ ਦੇਂਦਾ। ਜੇ ਇਸ ਮੁਹੋਂ ਤੁਸਾਂ ਨੂੰ ਕੁਛ ਆਖੀਅਹਿ ਤੂ ਸੁਣ ਮਾਸੀ ਗਹਣੇ ਦੀ ਜਾਈ ਗਹਣਾ ਹੈ ਤੇ ਕਪੜੇ ਦੀ ਜਾਈ ਕਪੜਾ ਹੈ। ਅੰਨ ਦੀ ਥਾਇ ਅੰਨ ਹੈ ਤੇ ਮੈਂ ਅਸੁਤੁ ਅਸੁਤੁ ਕਰਦੀ ਹਾਂ। ਭਾਭੀ ਬਿਨਾ ਮੈਂ ਇਸ ਮੋਹੋਂ ਨਾਉ ਕਦੇ ਸਦਿਆ ਨਾਹੀ। ਅਤੇ ਮਾਸੀ ਜੋ ਤੁਸੀਂ ਅਸਾਨੂੰ ਅਤੇ ਖੜ੍ਹੀ ਦੇ ਪੁਤ੍ਰ ਨੂੰ ਏਵੈ ਅਨਹਕੁ, ਬਿਨ ਹਕੁ ਖੁਆਰ ਕਰੋ ਤਾਂ ਅਸਾਡੇ ਕੇ ਵਸ ਹੈ। ਤੁਸਾਡੀ ਖੁਸੀ ਅਸੀਂ ਤੁਸਾਂ ਨੂੰ ਕੁਛੁ ਨਹੀਂ ਆਖਦੇ। ਹਲੇ ਸੇਰਾ ਹੈ।

(ਜਨਮ ਸਾਖੀ ਭਾਈ ਬਾਲਾ ਸੰਪਾਦਕ ਡਾ. ਕੋਹਲੀ ਤੇ
ਡਾ. ਜਗੀਰ ਸਿੰਘ, ਪੰਨਾ 80–81)

ਇਸ ਤੋਂ ਜ਼ਾਹਿਰ ਹੈ ਕਿ ਭਾਈ ਬਾਲੇ ਵਾਲੀ ਜਨਮ ਸਾਖੀ ਦੇ ਲੇਖਕ ਨੇ ਗੁਰੂ ਨਾਨਕ ਸਾਹਿਬ ਨੂੰ ਇਕ ਤਿਆਗੀ ਸੰਸਾਰਕ ਜੀਵਨ ਤੋਂ ਭਟਕਿਆ ਮਾਇਆ ਆਦਿ ਤੋਂ ਨਿਰਲੇਪ ਗ੍ਰਹਿਸਥ ਦੀ ਜ਼ਿੰਮੇਵਾਰੀ ਤੋਂ ਭੱਜਣ ਵਾਲਾ ਦਰਸਾਇਆ ਹੈ। ਜਦ ਕਿ ਗੁਰੂ ਨਾਨਕ ਸਾਹਿਬ ਦੀ ਫਿਲਾਸਫੀ ਜੋ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਉਹ ਇਸ ਤੋਂ ਉਲਟ ਹੈ। ਇਹ ਸਾਖੀ ਗੁਰਮਤਿ ਤੇ ਇਤਿਹਾਸ ਦੀ ਕਸਵੱਟੀ ਉੱਤੇ ਪੂਰੀ ਨਹੀਂ ਉਤਰਦੀ। ਇਤਿਹਾਸ ਗਵਾਹ ਹੈ ਕਿ ਗੁਰੂ ਨਾਨਕ ਸਾਹਿਬ ਕਿਰਤੀ ਤੇ ਗ੍ਰਹਿਸਥੀ ਸਨ। ਉਹਨਾਂ ਦੇ ਵਿਆਹ ਉਹਨਾਂ ਦੀ ਸੰਤਾਨ, ਭੈਣ ਦਾ ਪਿਆਰ, ਮੋਦੀਖਾਨੇ ਵਿਚ ਨੌਕਰੀ, ਅੰਤਲੀ ਉਮਰ ਵਿਚ ਖੇਤੀ ਕਰਨੀ ਆਦਿ ਇਤਿਹਾਸਕ ਘਟਨਾਵਾਂ ਇਸ ਗੱਲ ਦੀਆਂ ਗਵਾਹ ਹਨ ਕਿ ਗੁਰੂ ਨਾਨਕ ਸਾਹਿਬ ਗ੍ਰਹਿਸਥ ਜੀਵਨ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਧਰਮ ਪ੍ਰਚਾਰ ਕਰਦੇ ਸੀ। ਇਹ ਗੁਰੂ ਨਾਨਕ ਸਾਹਿਬ ਦੀ ਸਖਸ਼ੀਅਤ ਨੂੰ ਦੂਸ਼ਿਤ ਕਰਨ ਤੇ ਖੋਟ ਰਲਾਉਣ ਦੀ ਸਾਜ਼ਿਸ਼ ਹੈ, ਜੋ ਭਾਈ ਬਾਲੇ ਦੀ ਜਨਮ ਸਾਖੀ ਵਾਲੇ ਲੇਖਕ ਨੇ ਕੀਤੀ। ਜਨਮ ਸਾਖੀ ਭਾਈ ਬਾਲਾ ਵਿਚ ਗੁਰੂ ਨਾਨਕ ਸਾਹਿਬ ਦੇ ਨਾਲ ਤਰਕਹੀਣ, ਮਨਘੜਤ, ਗੈਰ ਇਤਿਹਾਸਕ ਬਿਰਤਾਂਤ ਜੋੜੇ ਹਨ, ਜਿਵੇਂ ਗੁਰੂ ਨਾਨਕ ਸਾਹਿਬ ਨੂੰ ਪੂਰਵ-ਜਨਮ ਤੇਲੀ ਦੇ ਘਰ ਪੈਦਾ ਹੋਇਆ ਦੱਸਣਾ, ਝੂਠ ਬੋਲਣਾ ਅਤੇ ਮੂਰਤੀ ਪੂਜਾ ਕਰਨਾ, ਹਯਾਤ ਖਾਂ ਮੰਝ ਦੀ ਪੁੱਤਰੀ ਬੀਬੀ ਖਾਂ ਨੂੰ ਘਰ ਵਿਚ ਵਸਾਉਣਾ ਜਿੰਦਾ ਪੀਰ ਨੂੰ ਗੁਰੂ ਧਾਰਨ ਕਰਨਾ ਆਦਿ। ਮਾਨ ਸਰੋਵਰ ਵਾਲੀ ਜਨਮ ਸਾਖੀ ਵਿਚ ਮਰਦਾਨਾ ਰਬਾਬ ਉੱਤੇ ਸਵਾਰ ਹੁੰਦਾ ਹੈ, ਗੁਰੂ ਜੀ ਖੜਾਵਾਂ ਉਤੇ ਤੁਰਦੇ ਸਮੁੰਦਰ ਪਾਰ ਕਰਦੇ ਹਨ।

ਸੋ ਇਹ ਸਪੱਸ਼ਟ ਹੈ ਕਿ ਭਾਈ ਬਾਲੇ ਦੀ ਜਨਮ ਸਾਖੀ ਮਨੋ-ਕਲਪਿਤ ਹੈ ਤੇ ਇਸ ਦਾ ਲੇਖਕ ਵੀ ਭਾਈ ਬਾਲਾ ਨਹੀਂ, ਬਾਲ ਨਾਥ ਜਾਪਦਾ ਹੈ, ਜੋ ਗੁਰੂ ਨਾਨਕ ਸਾਹਿਬ ਦੀ ਗੱਦੀ ਵਿਰੁੱਧ ਆਪਣੀ ਗੱਦੀ ਜੰਡਿਆਲਾ ਗੁਰੂ ਵਿਚ ਚਲਾ ਰਿਹਾ ਸੀ। ਕਰਮ ਸਿੰਘ ਹਿਸਟੋਰੀਅਨ, ਗਿਆਨੀ ਦਿੱਤ ਸਿੰਘ, ਪ੍ਰੋ. ਗੁਰਮੁਖ ਸਿੰਘ, ਸੁਰਿੰਦਰ ਸਿੰਘ ਕੋਹਲੀ, ਕਿਰਪਾਲ ਸਿੰਘ, ਸਮਸ਼ੇਰ ਸਿੰਘ ਅਸ਼ੋਕ, ਡਾ. ਰਤਨ ਸਿੰਘ ਜੱਗੀ, ਪਿਆਰਾ ਸਿੰਘ ਪਦਮ, ਅਤਿੰਦਰ ਸਿੰਘ ਖਾਲਸਤਾਨੀ ਇਸ ਪੱਖ ਵਿਚ ਹਨ ਕਿ ਭਾਈ ਬਾਲੇ ਵਾਲੀ ਜਨਮ ਸਾਖੀ ਦਾ ਅਸਲੀ ਰਚਨਹਾਰ ਹੰਦਾਲੀਆ ਸੰਪਰਦਾ ਜੰਡਿਆਲਾ ਗੁਰੂ ਹੈ। ਪਰ ਸਨਾਤਨੀ ਵਿਦਵਾਨ ਭਾਈ ਬਾਲੇ ਵਾਲੀ ਜਨਮ ਸਾਖੀ ਜਬਰੀ ਸਿੱਖ ਪੰਥ 'ਤੇ ਲਦਨਾ ਚਾਹੁੰਦੇ ਹਨ ਤਾਂ ਜੋ ਸਿੱਖਾਂ ਦੀ ਵਖਰੀ ਹੋਂਦ ਨੂੰ ਖੋਰਾ ਲਗਾਇਆ ਜਾਵੇ। ਜਦੋਂ ਕਿ ਇਸ ਸਾਖੀ ਦਾ ਸਿਧਾਂਤ ਗੁਰਮਤਿ ਵਿਚਾਰਧਾਰਾ ਦੇ ਉਲਟ ਹੈ ਤਾਂ ਇਸ ਨੂੰ ਪੰਥਕ ਪ੍ਰਵਾਨਗੀ ਕਿਵੇਂ ਦਿੱਤੀ ਜਾ ਸਕਦੀ ਹੈ ?

**(ਸਮਾਪਤ)**

## 550ਵੇਂ ਪ੍ਰਕਾਸ਼ ਪੁਰਬ ਮੌਕੇ ਗੁਰੂ ਨਾਨਕ ਅਤੇ ਸਮਾਜਿਕ ਨਿਆਂ ਵਿਸ਼ੇ ਉਪਰ ਵਿਸ਼ੇਸ਼ ਭਾਸ਼ਣ

ਇਸ ਮੌਕੇ ਮਨੁੱਖੀ ਹੱਕਾਂ ਦੀ ਪੈਰਵੀ ਲਈ ਸ਼ਹੀਦ ਹੋਣ ਵਾਲੇ ਭਾਈ ਜਸਵੰਤ ਸਿੰਘ ਖਾਲੜਾ ਦੀ ਪੁੱਤਰੀ ਬੀਬੀ ਨਵਕਿਰਨ ਕੌਰ ਖਾਲੜਾ ਨੇ ਬੋਲਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਸਮਿਆਂ ਵਿਚ ਮਨੁੱਖੀ ਅਧਿਕਾਰਾਂ ਦੀ ਗੱਲ ਕੀਤੀ ਜਦੋਂ ਸਮੇਂ ਦੇ ਹਾਕਮਾਂ ਖਿਲਾਫ਼ ਬੋਲਣਾ ਬਹੁਤ ਵੱਡਾ ਗੁਨਾਹ ਸਮਝਿਆ ਜਾਂਦਾ ਸੀ। ਉਨ੍ਹਾਂ ਕਿਹਾ ਕਿ ਅੱਜ ਵੀ ਭਾਰਤ ਵਿਚ ਮਨੁੱਖੀ ਹੱਕਾਂ ਦੀ ਉਲੰਘਣਾ ਹੋ ਰਹੀ ਹੈ। ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਉਪਰ ਪਹਿਰਾ ਦੇਣਾ ਹਰ ਸਿੱਖ ਦਾ ਫਰਜ਼ ਬਣਦਾ ਹੈ।

ਅਟਾਰਨੀ ਅਮਰ ਸਿੰਘ ਸ਼ੇਰਗਿੱਲ ਨੇ ਬੀਬੀ ਨਵਕਿਰਨ ਕੌਰ ਖਾਲੜਾ ਦੀ ਜਾਣ ਪਛਾਣ ਕਰਾਉਂਦਿਆਂ ਭਾਰਤ ਅਤੇ ਦੁਨੀਆ ਵਿਚ ਮਨੁੱਖੀ ਹੱਕਾਂ ਦੀ ਸਥਿਤੀ ਬਾਰੇ ਜਾਣਕਾਰੀ ਦਿੱਤੀ।

ਡਾ. ਰੁਪਿੰਦਰ ਸਿੰਘ ਬਰਾੜ ਨੇ ਆਪਣੇ ਭਾਸ਼ਣ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਸਿੱਖਿਆਵਾਂ ਉਪਰ ਗੱਲ ਕੀਤੀ। ਉਨ੍ਹਾਂ ਨੇ ਇਸ ਮੌਕੇ ਜਪੁ ਜੀ ਦੀ ਵਿਆਖਿਆ ਕੀਤੀ ਅਤੇ ਇਸ ਦੀ ਸਾਹਿਤਕ ਅਤੇ ਦਾਰਸ਼ਨਿਕ ਗਹਿਰਾਈ ਬਾਰੇ ਚਾਨਣਾ ਪਾਇਆ। ਉਨ੍ਹਾਂ ਦੀ ਜਾਣ ਪਛਾਣ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਦੀ ਪ੍ਰੋਫੈਸਰ ਨਿਕੋਲ ਰੰਗਾਨਾਥ ਨੇ ਪੰਜਾਬੀ ਵਿਚ ਕਰਵਾਈ। ਇਸ ਮੌਕੇ ਡਾ. ਪੰਨੂੰ ਦੀ ਪੁਸਤਕ 'ਦ ਸਿੱਖ ਹੈਰੀਟੇਜ ਬੀਯੌਂਡ ਬਾਰਡਰਜ਼' ਰਿਲੀਜ਼ ਕੀਤੀ ਗਈ। ਇਸ ਸਮਾਗਮ ਦੀ ਕਾਰਵਾਈ ਉਘੇ ਡਾਕਟਰ ਅਤੇ ਪੰਜਾਬੀ ਅਮੈਰੀਕਨ ਹੈਰੀਟੇਜ ਸੁਸਾਇਟੀ ਦੇ ਮੈਂਬਰ ਡਾ. ਜਸਬੀਰ ਸਿੰਘ ਕੰਗ ਨੇ ਚਲਾਈ। ਇਸ ਸਮਾਗਮ 'ਚ ਵੱਡੀ ਗਿਣਤੀ ਵਿਚ ਸਰੋਤਿਆਂ ਨੇ ਹਿੱਸਾ ਲਿਆ।

## ਗੁਰੂ ਨਾਨਕ ਸਾਹਿਬ ਦੇ ਨਾਂ 'ਤੇ ਕੱਚੀ ਬਾਣੀ : ਇਕ ਸਾਜ਼ਿਸ਼

ਕਾਲੂ ਕੋ ਸੁਤ ਜਾਨ,
ਜਾਤ ਬੇਦੀ ਪਹਿਚਾਨੋ।
ਬਾਲ ਅਵਸਥਾ ਮਾਹਿ
ਬਹੁਤ ਮੈਂ ਭਉਨੈ ਲਾਗਯੋ।
ਗੁਰੂ ਮਿਲੈ ਜਗਦੀਸ,
ਨਾਮ 'ਨਾਨਕ' ਕਰ ਥਾਪਯੋ।...

ਲਿਖ ਕੇ ਅਤੇ ਅੰਤ ਵਿਚ "ਬਾਹਰ ਨਗਰ ਸੁਲਤਾਨਪੁਰ..." ਆਦਿ ਭਰਮ-ਉਪਜਾਊ ਵਾਕ ਜੋੜ ਕੇ ਉਸ ਨੂੰ ਗੁਰੂ ਨਾਨਕ ਸਾਹਿਬ ਦੀ ਕਿਰਤ ਸਾਬਤ ਕਰਨ ਦਾ ਜਤਨ ਕੀਤਾ ਹੈ, ਹਾਲਾਂਕਿ ਇਸ ਗਿਆਨ ਸੁਰੋਦਯ ਦੇ ਨਾਲ ਗੁਰੂ ਨਾਨਕ ਸਾਹਿਬ ਦਾ ਦੂਰ ਦਾ ਵੀ ਸੰਬੰਧ ਨਹੀਂ ਹੈ। ਇਸ ਤੋਂ ਬਿਨਾਂ ਗੁਰੂ ਨਾਨਕ ਦੇ ਨਾਂ ਤੇ ਬਿਹੰਗਮ ਬਾਣੀ ਵੀ ਮੱਕੇ ਮਦੀਨੇ ਤੇ ਅਜਿੱਤੇ ਰੰਧਾਵੇ ਦੀਆਂ ਗੋਸ਼ਟਾਂ ਵਾਂਗੂ ਹੀ ਇਕ ਪ੍ਰਕਾਰ ਦੀ ਸੁਤੰਤਰ ਗੱਦ-ਪੱਦ ਮਈ ਰਚਨਾ ਹੈ। ਇਸ ਦਾ ਰਚਣਹਾਰ ਸੋਢੀ ਮਿਹਰਵਾਨ ਸੀ ਜਾਂ ਕੋਈ ਹੋਰ, ਇਸ ਬਾਰੇ ਨਿਸ਼ਚਿਤ ਰੂਪ ਵਿਚ ਕੁਝ ਨਹੀਂ ਕਿਹਾ ਜਾ ਸਕਦਾ। 16ਵੀਂ--17ਵੀਂ ਸਦੀ ਵਿਚ ਅਜਿਹੀਆਂ ਗੱਦ-ਪੱਦ ਗੋਸ਼ਟਾਂ ਦਾ ਇਕ ਪ੍ਰਕਾਰ ਦਾ ਪ੍ਰਵਾਹ ਚਲ ਰਿਹਾ ਸੀ, ਜਿਸ ਦੀ ਇਕ ਧਾਰਾ ਇਹ ਜਾਂ ਅਜਿਹੀਆਂ ਹੋਰ ਅਧਿਆਤਮਕ ਵਾਕ-ਰਚਨਾਵਾਂ ਹਨ। ਉਹ ਧਾਰਾ ਕਿਸ ਨੇ ਚਲਾਈ ਤੇ ਕਿਥੇ ਖਤਮ ਹੋਈ, ਇਹ ਕਹਿਣਾ ਵੀ ਐਵੇਂ ਇਕ ਕਲਪਨਾ ਕਰਨ ਵਾਲੀ ਗੱਲ ਹੈ। ਸੋਢੀ ਮਿਹਰਵਾਨ ਤੇ ਉਸ ਦਾ ਮੰਝਲਾ ਸੋਢੀ ਹਰਿ ਜੀ, ਜਿਸ ਨੇ ਗੁਰੂ ਨਾਨਕ ਸਾਹਿਬ ਦੇ ਨਾਂ ਤੇ 'ਜਨ ਨਾਨਕ' ਜਾਂ 'ਨਾਨਕ ਦਾਸ' ਨਾਂ ਦੀਆਂ ਮੋਹਰਾਂ ਗੁਰੂ ਸਾਹਿਬਾਨ ਦੀ ਅਕਾਲੀ ਬਾਣੀ ਨੂੰ ਖਲਤ ਮਲਤ ਕਰਨ ਲਈ ਲਾਉਣੀਆਂ ਸ਼ੁਰੂ ਕੀਤੀਆਂ, ਇਸ ਸੰਬੰਧ ਵਿਚ ਬਹੁਤ ਕੁਝ ਇਸ ਤੋਂ ਅੱਗੇ ਵਧੇ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਮੁਕਾਬਲੇ ਤੇ ਰਾਗ-ਕ੍ਰਮ ਦੇ ਅਨੁਸਾਰ ਉਸੇ ਤਰ੍ਹਾਂ ਆਪਣਾ ਨਵਾਂ ਬਾਣੀ-ਸੰਗ੍ਰਹਿ ਤਿਆਰ ਕਰ ਲਿਆ ਜਿਸ ਵਿਚ ਨਿਤਨੇਮ ਦੀ ਬਾਣੀ ਤੋਂ ਲੈ ਕੇ ਸਾਰੀਆਂ ਹੀ ਬਾਣੀਆਂ ਬਿਨਾ ਤਰਤੀਬ ਲਗਾਈਆਂ ਤੇ ਉਸ ਮਨਸੂਈ ਬਾਣੀ ਵਿਚ ਹਿੰਦੂਆਂ ਦੇ ਅਵਤਾਰ ਰਾਮ-ਕ੍ਰਿਸ਼ਨ ਆਦਿ ਦੀ ਉਪਮਾ ਦੇ ਨਾਲ ਹੀ ਮੁਸਲਮਾਨਾਂ ਨੂੰ ਖੁਸ਼ ਰੱਖਣ ਲਈ ਆਦਿ ਕਥਾ ਹਜਰਤ ਮੁਹੰਮਦ ਕੀ, ਕਥਾ ਹਜ਼ਰਤ ਹਸਨ ਹੁਸੈਨ ਕੀ, ਵਾਰ ਪੀਰਾਂ ਕੀ ਆਦਿ ਜੋੜ ਕੇ ਮੁਸਲਿਮ ਪੀਰਾਂ ਦੀ ਰੱਜ ਕੇ ਉਸਤਤਿ ਕੀਤੀ ਗਈ ਤੇ ਸਪੱਸ਼ਟ ਲਫ਼ਜ਼ਾਂ ਵਿਚ ਲਿਖ ਦਿੱਤਾ:

(ੳ) ਰੱਤੇ ਰੰਗ ਅਲਾਹ ਦੇ
ਪੈਗੰਬਰ ਨਾਉ ਲਏਨਿ।
ਕਰਨ ਨਿਵਾਜਾ ਰੋਜ ਰਹਿ
ਦਾਇਮ ਖੈਰ ਕਰੀਨ...॥

(ਦੇਖੋ ਵਾਰ ਪੀਰਾਂ ਦੀ ਰਾਗ ਬਿਲਾਵਲ)

ਗਿਆਨੀ ਗਿਆਨ ਸਿੰਘ ਦੇ ਕਥਨ ਅਨੁਸਾਰ ਪ੍ਰਿਥੀ ਚੰਦ ਦੀ ਚੁਕ ਨਾਲ ਦੋ ਚਾਰ ਕਾਜ਼ੀਆਂ ਨੇ ਬਾਦਸ਼ਾਹ (ਜਹਾਂਗੀਰ) ਪਾਸ ਚੁਗਲੀ ਕੀਤੀ ਸੀ ਕਿ ਗੁਰੂ ਅਰਜਨ ਨੇ ਜੋ ਪੁਸਤਕ (ਸ੍ਰੀ ਆਦਿ ਗ੍ਰੰਥ) ਬਣਾਇਆ ਹੈ, ਉਸ ਵਿਚ 'ਦੀਨ ਇਸਲਾਮ' ਦੇ ਪੈਗੰਬਰਾਂ ਦੀ ਨਿੰਦਾ ਲਿਖੀ ਹੈ।" (ਦੇਖੋ, ਤਵਾਰੀਖ ਗੁਰੂ ਖਾਲਸਾ, ਹਿੱਸਾ 2. ਪੰਜਵੀਂ ਵਾਰ ਸਫ਼ੇ 745-49), ਪਰ ਉਸ ਦੇ ਪੁੱਤਰ ਸੋਢੀ ਮਿਹਰਵਾਨ ਨੇ ਉਪਰੋਕਤ ਵਾਰ ਪੀਰਾਂ ਦੀ ਵਿਚ 'ਦੀਨ ਇਸਲਾਮ' ਤੇ ਉਸ ਦੇ 'ਪੈਗੰਬਰ' ਦੀ ਸਿਫਤ-ਸਲਾਹ ਕਰਕੇ ਇਹ ਸ਼ਿਕਾਇਤ ਪੂਰੀ ਤਰ੍ਹਾਂ ਧੋਣ ਦਾ ਜਤਨ ਕੀਤਾ ਜਿਸ ਕਰਕੇ ਇਸ ਤੋਂ ਪਿਛੋਂ ਗੁਰੂ ਹਰਿਗੋਬਿੰਦ ਜੀ ਦੇ ਨਾਲ ਮੁਗਲ ਹਕੂਮਤ ਦਾ ਡਾਢਾ ਵਿਰੋਧ ਹੋਣ ਦੇ ਬਾਵਜੂਦ ਸੋਢੀ ਮਿਹਰਵਾਨ ਤੇ ਉਸ ਦੀ ਸੰਤਾਨ (ਸੋਢੀ ਹਰਿ ਜੀ ਆਦਿ) ਦਾ ਦਿੱਲੀ ਤੇ ਲਾਹੌਰ ਦੇ ਮੁਗਲ ਦਰਬਾਰ ਵਿਚ ਹਮੇਸ਼ਾ ਅੱਛਾ ਅਸਰ ਰਸੂਖ ਰਿਹਾ ਤੇ ਗੁਰੂ ਸਾਹਿਬ ਦੇ ਕੀਰਤਪੁਰ ਜਾਣ 'ਤੇ ਪ੍ਰਿਥੀਏ ਦੀ ਵੰਸ਼ ਦਾ ਸੰਮਤ 1753 ਤੱਕ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਪੱਕਾ ਕਬਜ਼ਾ ਹੋ ਗਿਆ। ਸੋਢੀ ਮਿਹਰਵਾਨ ਨੇ ਪੁਰਾਣਿਕ ਤੇ ਇਸਲਾਮੀ ਕਥਾ-ਸਾਹਿਤ ਸੰਬੰਧੀ ਆਦਿ ਰਾਮਾਇਣ, ਆਦਿ ਮਹਾਂਭਾਰਤ, ਆਦਿ ਕਥਾ ਹਜ਼ਰਤ ਮੁਹੰਮਦ ਸਾਹਿਬ ਦੀ ਆਦਿ ਪੁਸਤਕਾਂ ਗੱਦ-ਪੱਦ ਵਿਚ ਲਿਖਣ ਦੇ ਨਾਲ ਹੀ ਹਿੰਦੁਸਤਾਨ ਨੇ ਅਰਬ-ਇਰਾਕ ਦੀਆਂ ਹੋਰ ਧਾਰਮਿਕ ਤੇ ਰਾਜਨੀਤਕ ਕਥਾ-ਕਹਾਣੀਆਂ ਲਿਖਣ ਵਿਚ ਵੀ ਚੰਗਾ ਉਤਸ਼ਾਹ ਦਿਖਾਇਆ ਤੇ ਆਪਣੀਆਂ ਰਚਨਾਵਾਂ ਵਿਚ ਲਗਪਗ ਹਰੇਕ ਥਾਵੇਂ 'ਨਾਨਕ', 'ਨਾਨਕ ਜਨ' ਜਾਂ 'ਨਾਨਕ ਦਾਸ' ਸ਼ਬਦਾਂ ਦੀ ਮੋਹਰ ਲਗਾ ਦਿੱਤੀ ਤਾਂ ਕਿ ਉਸ ਦੀਆਂ ਅਜਿਹੀਆਂ ਰਚਨਾਵਾਂ ਗੁਰੂ ਨਾਨਕ ਦੇ ਨਾਂ ਤੇ ਹੀ ਮਸ਼ਹੂਰ ਹੋਣ ਤੇ ਸਿੱਖ ਉਹਨਾਂ ਉੱਤੇ ਨਿਸ਼ਚਾ ਲਿਆਉਣ। ਅਜਿਹੀਆਂ ਕਥਾਵਾਂ ਵਿਚੋਂ ਹੀ ਇਕ ਪੁਸਤਕ ਹੈ ਸਿੰਘਾਸਨ ਬਤੀਸੀ, ਜਿਸ ਵਿਚ ਧਾਰਾ ਨਗਰੀ ਦੇ ਰਾਜਾ ਭੋਜ ਤੇ ਪੁਤਲੀਆਂ ਦੇ ਵਾਰਤਾਲਾਪ ਰਾਹੀਂ ਰਾਜਾ ਬਿਕਰਮਾਜੀਤ ਦੀਆਂ ਜੀਵਨ-ਕਹਾਣੀਆਂ ਬਿਆਨ ਕੀਤੀਆਂ ਗਈਆਂ ਹਨ ਤੇ ਇਕ ਥਾਵੇਂ ਲਿਖਿਆ ਹੈ :

ਅਬਿਨਾਸੀ ਪੁਰਖ ਨਿਰੰਜਨਾ
ਤਿਸ ਆਪੇ ਜਗਤ ਉਪਾਇਆ।
ਕਾਮ ਕ੍ਰੋਧ ਅਰੁ ਲੋਭ ਮੋਹ,
ਸਭ ਜੀਵਨ ਬੰਧਨ ਪਾਇਆ।
ਇਹ ਮਾਇਆ ਹੈ ਮੋਹਨੀ,
ਜਿਸ ਸਗਲ ਜਗਤ ਭਰਮਾਇਆ।
ਜੋ ਪ੍ਰਭੂ ਕੀ ਸਰਨੀ ਪਰੇ,
ਸੋ ਅਪਨੀ ਭਗਤੀ ਲਾਇਆ।
ਨਾਨਕ ਦਿਆਲ ਕ੍ਰਿਪਾਲ ਪ੍ਰਭੂ,
ਤਿਸ ਅਪਨੇ ਮਾਹਿ ਸਮਾਇਆ॥

(ਪਤਰਾ 53)

ਸੋਢੀ ਮਿਹਰਵਾਨ ਤੇ ਸੋਢੀ ਹਰਿ ਜੀ ਨੇ ਕੇਵਲ ਇਸ ਤਰ੍ਹਾਂ ਕਥਾ-ਕਹਾਣੀਆਂ ਰਾਹੀਂ ਹੀ ਗੁਰੂ ਨਾਨਕ ਦਾ ਨਾਂ ਹਰੇਕ ਛੰਦ ਜਾਂ ਸ਼ਬਦ-ਸਲੋਕ ਦੇ ਅੰਤ ਵਿਚ ਦੇ ਕੇ ਕੱਚੀ ਬਾਣੀ ਰਚ ਕੇ ਆਪਣੀ ਸੰਪਰਦਾਇ ਦਾ ਪ੍ਰਚਾਰ ਕੀਤਾ, ਸਗੋਂ ਭਗਤ ਧੰਨੇ ਦੇ ਸ਼ਬਦ 'ਗੋਪਾਲ ਤੇਰਾ ਆਰਤਾ' ਦੇ ਆਧਾਰ ਤੇ ਤੁਮ ਤੇ ਹੋ ਅੰਤਰਜਾਮੀ। ਖਾਣੇ ਕਉ ਦੇਹਿ ਸੁਆਮੀ। ਆਟਾ ਚਾਵਲ ਘਿਓ। ਜਿਤੁ ਖੁਸੀ ਹੋਵੈ ਮੇਰਾ ਜੀਓ। ਤੇਰਾ ਨਾਨਕ ਦਾਸ ਵਿਚਾਰਾ। ਖਸਮਾਨਾ ਕਰੁਹ ਹਮਾਰਾ। (ਰਾਗ ਸੋਰਠਿ ਮਾਲਾ ੭) ਤੇ ਮਾਰੂ ਸੋਲਹਿਆਂ ਦੇ ਆਧਾਰ ਤੇ "ਨਾਮੈ ਸੇਵਾ ਭਗਤਿ ਕਮਾਇ। ਜਿਉ ਜਾਨਹੁ ਤਿਉ ਲੇਹੁ ਮਲਾਇ।" 'ਜਨ ਨਾਨਕ' ਭਏ ਦਇਆਲ ਪਰਮ ਗੁਰੂ ਸਗਲਾ ਪੰਥ ਉਬਾਰਿਆ॥

(ਰਾਗ ਮਾਲਵਾ ਮਹਲਾ ੮)

ਆਦਿ ਮਨਸੂਈਆ ਬਾਣੀਆਂ ਵੀ ਨਵੇਂ ਢੰਗ ਤੇ ਨਵੇਂ ਅੰਦਾਜ਼ ਵਿਚ ਦਿੱਤੀਆਂ ਤਾਂ ਕਿ ਲੋਕ ਸ੍ਰੀ ਆਦਿ ਗਰੰਥ ਜੀ ਤੋਂ ਹਟ ਕੇ ਉਹਨਾਂ ਦੀ ਬਾਣੀ ਹੀ ਪੜ੍ਹਨ।

'ਸ੍ਰੀ ਗੁਰੂ ਨਾਨਕ ਦੇ ਨਾਂ ਕੱਚੀ ਬਾਣੀ; ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਪਹਿਲਾਂ ਤੇ ਪਿਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਮੇਂ ਤੱਕ ਬਣਦੀ ਰਹੀ, ਜਿਸ ਵਿਚ ਬਹੁਤਾ ਹਿੱਸਾ ਸੋਢੀ ਪ੍ਰਿਥੀ ਚੰਦ ਦੇ ਪੁੱਤਰ ਮਿਹਰਬਾਨ ਤੇ ਉਸ ਸੰਪ੍ਰਦਾਇ ਦਾ ਸੀ। ਇਹ ਬਾਣੀ ਨਾ ਕੇਵਲ ਗੁਰੂ ਨਾਨਕ ਦੇ ਨਾਂ ਤੇ ਹੀ ਬਣਦੀ ਰਹੀ, ਸਗੋਂ ਬਾਬਾ ਸ਼ੇਖ ਫਰੀਦ, ਭਾਈ ਗੁਰਦਾਸ, ਸ੍ਰੀ ਗੁਰੂ ਤੇਗ ਬਹਾਦਰ ਜੀ ਆਦਿ ਮਹਾਨ ਸਖਸ਼ੀਅਤਾਂ ਦੇ ਨਾਂ ਤੇ ਵੀ ਅਜਿਹੀ ਮਸਨੂਈ ਬਾਣੀ ਦੀ ਭਰਮਾਰ ਰਹੀ, ਜਿਸ ਦੇ ਕਿਤਨੇ ਹੀ ਉਦਾਹਰਣ ਸਾਨੂੰ ਪੰਜਾਬੀ ਦੀਆਂ ਪੁਰਾਤਨ ਹੱਥ ਲਿਖਤ ਪੁਸਤਕਾਂ ਵਿਚੋਂ ਮਿਲਦੇ ਹਨ।

**ਧੰਨਵਾਦ ਸਾਹਿਤ ਪੁਸਤਕ 'ਗੁਰੂ ਨਾਨਕ ਸਾਹਿਬ ਦਾ ਧਰਮ ਯੁੱਧ' ਵਿਚੋਂ**

## ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫ਼ਲਸਫ਼ਾ ਅਤੇ ਅਸੀਂ

ਪਰ ਦੇਖਣ ਦੀ ਗੱਲ ਇਹ ਹੈ ਕਿ ਕੀ ਹੁਣ ਵੀ ਇਸ ਵੇਲੇ ਦਾ ਸਮਾਜ ਹੁਣ ਵੀ ਉਹੀ ਨਹੀਂ ਭਾਵ ਮਨੁੱਖੀ ਸੋਚ ਵਿਚ ਕੋਈ ਮਨੁੱਖ ਵਿਚ ਕੋਈ ਪਰਿਵਰਤਨ ਆਇਆ ਹੈ ? ਮਨੁੱਖੀ ਕਦਰਾਂ ਕੀਮਤਾਂ ਅਜੇ ਵੀ ਉਹੀ ਹਨ ਸਗੋਂ ਨੈਤਿਕਤਾ ਪੱਖੋਂ ਦਿਨ ਬ ਦਿਨ ਨਿਘਾਰ ਹੀ ਆ ਰਿਹਾ ਹੈ। ਪਰਿਵਾਰਕ ਤੇ ਸਮਾਜਿਕ ਕਦਰਾਂ ਕੀਮਤਾਂ ਫਿਰ ਬਦਲ ਰਹੀਆਂ ਹਨ। ਸੰਯੁਕਤ ਪਰਿਵਾਰ ਟੁੱਟ ਰਹੇ ਹਨ। ਪਰਿਵਾਰਾਂ, ਰਿਸ਼ਤੇਦਾਰਾਂ ਵਿਚ ਉਹ ਭਾਵਨਾਤਮਿਕ ਸਾਂਝ ਨਹੀਂ ਰਹੀ, ਹਰ ਮਨੁੱਖ ਸੁਆਰਥੀ ਤੇ ਪਦਾਰਥਵਾਦੀ ਹੁੰਦਾ ਜਾ ਰਿਹਾ ਹੈ। ਸਮਾਜ ਦੇ ਬਾਕੀ ਖੇਤਰਾਂ, ਧਰਮ, ਰਾਜਨੀਤੀ ਅਤੇ ਵਿੱਦਿਅਕ ਸਭ ਵਿਚ ਨਿਘਾਰ ਆ ਚੁੱਕਾ ਹੈ, ਪਹਿਲੀਆਂ ਕਦਰਾਂ ਕੀਮਤਾਂ ਖਤਮ ਹੁੰਦੀਆਂ ਜਾ ਰਹੀਆਂ ਹਨ। ਚਾਰੇ ਪਾਸੇ ਭ੍ਰਿਸ਼ਟਾਚਾਰ, ਬੇਈਮਾਨੀ ਅਤੇ ਅਮਾਨਵੀ ਕਦਰਾਂ ਕੀਮਤਾਂ ਵਧ ਰਹੀਆਂ ਹਨ। ਗੁਰੂਘਰਾਂ ਦੀ ਕੀ ਦਸ਼ਾ ਹੈ। ਲੜਾਈਆਂ ਝਗੜੇ ਨਿੱਤ ਹੁੰਦੇ ਹਨ। ਚੌਧਰ ਦੀ ਖਾਤਰ ਕਮੇਟੀਆਂ ਦੇ ਕੇਸ ਅਦਾਲਤਾਂ ਵਿਚ ਚੱਲ ਰਹੇ ਹਨ। ਇਹ ਕਮਜ਼ੋਰੀਆਂ ਤੇ ਬੁਰਾਈਆਂ ਜਿਹੜੀਆਂ ਸਮਾਜ ਵਿਚ ਆਈਆਂ, ਇਨ੍ਹਾਂ ਦੇ ਪਿੱਛੇ ਕਾਰਨ ਕੀ ਹਨ ? ਇਨ੍ਹਾਂ ਦਾ ਕਾਰਨ ਇਕੋ ਹੀ ਹੈ ਕਿ ਗੁਰੂ ਸਾਹਿਬਾਨਾਂ ਨੇ ਜੋ ਉਪਦੇਸ਼, ਉਦੇਸ਼, ਸਿਧਾਂਤ ਅਤੇ ਸਿੱਖਿਆਵਾਂ ਮਨੁੱਖ ਨੂੰ ਦਿੱਤੇ ਸਨ, ਮਨੁੱਖ ਨੇ ਉਨ੍ਹਾਂ ਨੂੰ ਆਪਣੇ ਜੀਵਨ ਦਾ ਆਧਾਰ ਨਹੀਂ ਬਣਾਇਆ। ਗੁਰਬਾਣੀ ਪੜ੍ਹਨ ਤੋਂ ਸੁਣਨ ਤੱਕ ਹੀ ਸੀਮਤ ਰਹੀ ਹੈ। ਉਸ 'ਤੇ ਅਮਲ ਨਹੀਂ ਹੋਇਆ। ਸ਼ੁਭ ਅਮਲਾਂ ਬਿਨਾਂ ਕੁਝ ਵੀ ਨਹੀਂ, ਸਾਡੇ ਪ੍ਰਚਾਰ, ਧਾਰਮਿਕ ਆਗੂ ਨਾ ਉਹ ਆਪ ਇਨ੍ਹਾਂ ਸਿਧਾਂਤਾਂ ਨੂੰ ਜੀਵਨ ਵਿਚ ਅਮਲੀ ਰੂਪ ਦੇ ਸਕੇ ਅਤੇ ਨਾ ਲੋਕਾਂ ਨੂੰ ਇਨ੍ਹਾਂ ਦੀ ਪ੍ਰੇਰਨਾ ਦੇ ਸਕੇ। ਇਸ ਲਈ ਜਿਹੜੇ ਦਿਵਸ, ਅਸੀਂ ਗੁਰੂਆਂ ਦੇ ਮਨਾਉਂਦੇ ਹਾਂ, ਬਹੁਤ ਹੀ ਚੰਗੀ ਗੱਲ ਹੈ। ਸਾਨੂੰ ਉਨ੍ਹਾਂ ਦੇ ਉਪਦੇਸ਼ਾਂ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖਣਾ ਚਾਹੀਦਾ ਹੈ ਪਰ ਇਤਨਾ ਹੀ ਕਾਫ਼ੀ ਨਹੀਂ। ਜਿਤਨੀ ਦੇਰ ਅਸੀਂ ਉਨ੍ਹਾਂ ਦੇ ਪੂਰਨਿਆਂ 'ਤੇ ਨਹੀਂ ਚਲਦੇ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਨਹੀਂ ਚਲਦੇ, ਸਮਾਜ ਦਾ ਸੁਧਾਰ ਨਹੀਂ ਹੋ ਸਕਦਾ। ਸਿਰਫ਼ ਵਿਖਾਵੇ ਵਜੋਂ ਉਨ੍ਹਾਂ ਦੇ ਪ੍ਰਕਾਸ਼ ਉਤਸਵ ਮਨਾਏ ਜਾਣ ਦਾ ਕੋਈ ਅਰਥ ਨਹੀਂ ਹੈ। ਇਸ ਲਈ ਜਿਤਨੀ ਦੇਰ, ਮਨੁੱਖੀ ਕਿਰਦਾਰ ਉੱਚਾ ਤੇ ਸੁੱਚਾ ਨਹੀਂ ਹੁੰਦਾ ਤਾਂ ਮਨੁੱਖੀ ਜੀਵਨ ਸ਼ਾਂਤਮਈ, ਸੁਖਦਾਇਕ ਅਤੇ ਖੁਸ਼ਹਾਲ ਨਹੀਂ ਹੋ ਸਕਦਾ। ਲੋੜ ਹੈ ਹਰ ਮਨੁੱਖ ਆਪਣੇ ਅੰਦਰ ਝਾਤੀ ਮਾਰੇ ਕਿ ਕੀ ਮੈਂ ਗੁਰੂ ਸਾਹਿਬਾਨਾਂ ਦੇ ਦਿੱਤੇ ਉਪਦੇਸ਼ਾਂ 'ਤੇ ਚੱਲ ਰਿਹਾ ਹਾਂ ? ਗੁਰੂ ਦਾ ਸਿੱਖ ਹੋਣ ਅਤੇ ਕਹਾਉਣ ਲਈ ਸਾਨੂੰ ਸਹੀ ਮਾਅਨਿਆਂ ਵਿਚ ਸਿੱਖ ਬਣਨਾ ਪਵੇਗਾ।


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed




22




GET FLAT 22 CENTS

DISCOUNT AT

TA TravelCenters of America

PETRO Stopping Centers®

We also offer Line of Credit for Fuel Card

Additional Services with our Fuel Card

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ

1.855.641.6955

1.888.795.7035

www.trans-alliance.com



SHER®
BESAN
YEHI TO PURE HAI
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
SHER BESAN SUPER FINE
SHER BESAN SUPER FINE
www.sherbrarmills.com